I N T E R N A T I O N A L

# ਪੰਜਾਬੀ ਟ੍ਰਿਬਿਊਨ

BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca

Vol.32 / No.22
29 May, 2026
੧੫ ਜੇਠ ਨਾਨਕਸ਼ਾਹੀ ਸੰਮਤ ੫੫੮



Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W


ਕੈਨੇਡਾ ਦਾ ਕੌੜਾ ਸੱਚ: ਨੌਜਵਾਨੀ ਦੀ ਹੋਂਦ ਦਾ ਸੰਕਟ

## ਕੈਨੇਡੀਅਨ ਨੌਜਵਾਨਾਂ ਵਿੱਚ ਵੱਧ ਰਹੀ ਗ਼ਰੀਬੀ, ਨਸ਼ੇ ਅਤੇ ਬੇਰੁਜ਼ਗਾਰੀ




**ਸਰੀ, (ਏਕਜੋਤ ਸਿੰਘ):** ਕੈਨੇਡਾ ਨੂੰ ਲੰਮੇ ਅਰਸੇ ਤੋਂ ਇੱਕ ਅਜਿਹੇ ਦੇਸ਼ ਵਜੋਂ ਜਾਣਿਆ ਜਾਂਦਾ ਰਿਹਾ ਹੈ ਜਿੱਥੇ ਮਿਹਨਤ, ਇਮਾਨਦਾਰੀ ਅਤੇ ਚੰਗੀ ਪੜ੍ਹਾਈ ਨਾਲ ਇੱਕ ਸੁਖੀ ਅਤੇ ਸੁਰੱਖਿਅਤ ਜ਼ਿੰਦਗੀ ਮਿਲਦੀ ਹੈ। ਪਰ ਅੱਜ ਇਹ ਸਮਾਜਿਕ ਵਾਅਦਾ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ। ਦੇਸ਼ ਦੇ ਸਭ ਤੋਂ ਉੱਪਰਲੇ 20 ਫ਼ੀਸਦੀ ਅਮੀਰ ਪਰਿਵਾਰਾਂ ਕੋਲ ਕੁੱਲ ਰਾਸ਼ਟਰੀ ਦੌਲਤ ਦਾ ਤਕਰੀਬਨ 65 ਫ਼ੀਸਦੀ ਹਿੱਸਾ ਹੈ ਅਤੇ ਇਹਨਾਂ ਪਰਿਵਾਰਾਂ ਦੀ ਔਸਤਨ ਸੰਪਤੀ 33 ਲੱਖ ਡਾਲਰ ਤੋਂ ਵੱਧ ਹੈ। ਇਹ ਅੰਕੜੇ ਕੈਨੇਡਾ ਦੀ ਸਰਕਾਰੀ ਸੰਸਥਾ 'ਅੰਕੜਾ ਕੈਨੇਡਾ' ਨੇ ਜਾਰੀ ਕੀਤੇ ਹਨ।

ਦੂਜੇ ਪਾਸੇ, ਹੇਠਲੇ 40 ਫ਼ੀਸਦੀ ਪਰਿਵਾਰਾਂ ਕੋਲ ਕੁੱਲ ਰਾਸ਼ਟਰੀ ਦੌਲਤ ਦਾ ਸਿਰਫ਼ 3.3 ਫ਼ੀਸਦੀ ਹੈ ਅਤੇ ਇਹਨਾਂ ਦੀ ਔਸਤਨ ਸੰਪਤੀ ਮਹਿਜ਼ 85,700 ਡਾਲਰ ਦੇ ਕਰੀਬ ਹੈ, ਜਿਸ ਵਿੱਚੋਂ ਵੱਡਾ ਹਿੱਸਾ ਕਰਜ਼ਿਆਂ ਦੀ ਭਾਰ ਹੇਠ ਦੱਬਿਆ ਹੋਇਆ ਹੈ। ਸਮਾਜਿਕ ਸੰਸਥਾ 'ਔਕਸਫੈਮ ਕੈਨੇਡਾ' ਦੀ ਤਾਜ਼ਾ ਰਿਪੋਰਟ ਅਨੁਸਾਰ ਕੈਨੇਡਾ ਵਿੱਚ 25 ਫ਼ੀਸਦੀ ਤੋਂ ਵੱਧ ਲੋਕ ਭੋਜਨ ਅਸੁਰੱਖਿਆ ਦਾ ਸ਼ਿਕਾਰ ਹਨ, ਭਾਵ ਉਹਨਾਂ ਦੇ ਘਰਾਂ ਵਿੱਚ ਲੋੜੀਂਦੀ ਖ਼ੁਰਾਕ ਤੱਕ ਪਹੁੰਚ ਯਕੀਨੀ ਨਹੀਂ ਹੈ। ਦੇਸ਼ ਭਰ ਵਿੱਚ ਮੁਫ਼ਤ ਖਾਣੇ ਵੰਡਣ ਵਾਲੇ ਕੇਂਦਰਾਂ ਵਿੱਚ ਹਰ ਮਹੀਨੇ 20 ਲੱਖ ਤੋਂ ਵੱਧ ਵਾਰੀ ਲੋਕ ਪਹੁੰਚਦੇ ਹਨ, ਜੋ 2019 ਦੇ ਮੁਕਾਬਲੇ ਲਗਭਗ ਦੁੱਗਣਾ ਹੈ।

ਆਮਦਨੀ ਅਤੇ ਦੌਲਤ ਦੇ ਇਸ ਵਧਦੇ ਪਾੜੇ ਦਾ ਸਭ ਤੋਂ ਗੰਭੀਰ ਅਸਰ ਨੌਜਵਾਨ ਪੀੜ੍ਹੀ ਉੱਤੇ ਪੈ ਰਿਹਾ ਹੈ। ਕੈਨੇਡਾ ਵਿੱਚ ਜੰਮੇ-ਪਲ਼ੇ ਨੌਜਵਾਨ, ਜਿਨ੍ਹਾਂ ਨੇ ਲੱਖਾਂ ਰੁਪਇਆਂ ਦੇ ਵਿਦਿਆਰਥੀ ਕਰਜ਼ੇ ਚੁੱਕ ਕੇ ਉੱਚ ਵਿੱਦਿਆ ਹਾਸਲ ਕੀਤੀ, ਅੱਜ ਰੈਸਟੋਰੈਂਟਾਂ ਅਤੇ ਗੁਦਾਮਾਂ ਵਿੱਚ ਘੱਟੋ-ਘੱਟ ਤਨਖ਼ਾਹ ਉੱਤੇ ਕੰਮ ਕਰਨ ਲਈ ਮਜਬੂਰ ਹਨ। ਉਹਨਾਂ ਦੀ ਵਿੱਦਿਅਕ ਯੋਗਤਾ ਤੋਂ ਕਿਤੇ ਘੱਟ ਕਿਸਮ ਦੇ ਕੰਮ ਕਰਨ ਦੇ ਬਾਵਜੂਦ ਟੋਰਾਂਟੋ, ਵੈਨਕੂਵਰ ਜਾਂ ਬਰੈਂਪਟਨ ਵਰਗੇ ਸ਼ਹਿਰਾਂ ਵਿੱਚ ਮਕਾਨ ਖਰੀਦਣਾ

» ਬਾਕੀ ਸਫ਼ਾ 29 'ਤੇ


Sarup Singh Chandi
Ph: 604-572-5050
1st & 2nd Mortgage
Fast and Easy Approval
All types of life Insurance, Critical illness, Disability Insurance, Mortgage Protection
7092-125 St. Surrey

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Real Estate Conveyancing - Notarizations - Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

Keep Smiling Denture Clinic
Complete Denture
Implant Denture
Partial Denture
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਿਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਮਾਰ: ਮਾਰਗੇਜ ਕਿਸ਼ਤਾਂ ਭਰਨ ਤੋਂ ਅਸਮਰੱਥ ਹੋ ਰਹੇ ਕੈਨੇਡੀਅਨ

## ਬੀ.ਸੀ-ਓਨਟਾਰੀਓ ਵਿੱਚ ਡਿਫਾਲਟਰਾਂ ਦੀ ਗਿਣਤੀ ਵਿੱਚ ਭਾਰੀ ਉਛਾਲ




ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਲਗਾਤਾਰ ਮਹਿੰਗਾਈ ਕਾਰਨ ਲੋਕਾਂ ਦਾ ਬੁਰਾ ਹਾਲ ਹੈ ਅਤੇ ਬੇਰੁਜ਼ਗਾਰੀ ਦੀ ਦਰ ਵਿੱਚ ਵੀ ਚਿੰਤਾਜਨਕ ਇਜ਼ਾਫਾ ਹੋ ਰਿਹਾ ਹੈ। ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਔਖੀਆਂ ਹੋਣ ਕਾਰਨ ਕਾਫੀ ਗਿਣਤੀ ਵਿੱਚ ਲੋਕ ਆਪਣੀਆਂ ਮਾਰਗੇਜ ਕਿਸ਼ਤਾਂ ਭਰਨ ਵਿੱਚ ਅਸਮਰੱਥ ਹੋ ਰਹੇ ਹਨ। ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਅਜਿਹੇ ਲੋਕਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਦਰਜ ਕੀਤਾ ਜਾ ਰਿਹਾ ਹੈ, ਜਿਸ ਨੇ ਬੈਂਕਾਂ ਦੀਆਂ ਚਿੰਤਾਵਾਂ ਵਿੱਚ ਹੋਰ ਇਜ਼ਾਫਾ ਕਰ ਦਿੱਤਾ ਹੈ। ਇਕੁਈਫੈਕਸ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਮਾਰਗੇਜ ਦੀਆਂ ਕਿਸ਼ਤਾਂ ਨਾ ਭਰਨ ਵਾਲੇ ਮਕਾਨ ਮਾਲਕਾਂ ਦੀ ਗਿਣਤੀ ਤੇਜ਼ੀ ਨਾਲ ਉੱਪਰ ਗਈ ਹੈ। ਅੰਕੜਿਆਂ ਮੁਤਾਬਕ ਓਨਟਾਰੀਓ ਵਿੱਚ ਇਹ ਅੰਕੜਾ ਸਾਲਾਨਾ ਆਧਾਰ 'ਤੇ 52 ਫੀਸਦੀ ਅਤੇ ਬੀਸੀ ਵਿੱਚ 36 ਫੀਸਦੀ ਦਰਜ ਕੀਤਾ ਗਿਆ ਹੈ। ਅਪ੍ਰੈਲ ਮਹੀਨੇ ਵਿੱਚ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.9 ਫੀਸਦੀ ਦਰਜ ਕੀਤੀ ਗਈ ਅਤੇ ਵੱਡੀ ਗਿਣਤੀ 'ਚ ਨੌਕਰੀਆਂ ਖ਼ਤਮ ਹੋਈਆਂ ਸਨ, ਜਿਸ ਨਾਲ ਆਮ ਲੋਕਾਂ ਦੀਆਂ ਜੇਬਾਂ 'ਤੇ ਭਾਰੀ ਅਸਰ ਪਿਆ ਹੈ।

ਇਸ ਆਰਥਿਕ ਦਬਾਅ ਕਾਰਨ ਕੈਨੇਡਾ ਦੇ ਪ੍ਰਮੁੱਖ ਨਿੱਜੀ ਬੈਂਕਾਂ ਨੇ ਲੋਨ ਡਿਫਾਲਟ ਨਾਲ ਨਜਿੱਠਣ ਲਈ ਆਪਣੇ ਫੰਡਾਂ ਵਿੱਚ ਇਜ਼ਾਫਾ ਕਰ ਦਿੱਤਾ ਹੈ। ਇਸ ਹਫਤੇ ਜਾਰੀ ਹੋ ਰਹੀਆਂ ਤਿਮਾਹੀ ਕਮਾਈ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲਦੇ ਹਨ ਕਿ ਬੈਂਕ ਭਵਿੱਖ ਵਿੱਚ ਮਾਰਗੇਜ ਡਿਫਾਲਟ ਦੇ ਖਤਰੇ ਨੂੰ ਦੇਖਦਿਆਂ ਵਾਧੂ ਫੰਡ ਸੁਰੱਖਿਅਤ ਰੱਖ ਰਹੇ ਹਨ। ਬੈਂਕ ਆਫ਼ ਮਾਂਟਰੀਅਲ ਦੇ ਚੀਫ਼ ਰਿਸਕ ਅਫ਼ਸਰ ਪੀਯੂਸ਼ ਅਗਰਵਾਲ ਨੇ ਵਿਸ਼ਲੇਸ਼ਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਦੇਸ਼ ਅਧਿਕਾਰਤ ਤੌਰ 'ਤੇ ਮੰਦੀ ਵਿੱਚ ਨਹੀਂ ਹੈ, ਪਰ ਉਹ ਗਾਹਕਾਂ ਦੀ ਮਦਦ ਕਰਨ ਅਤੇ ਜੋਖਮ ਨੂੰ ਘਟਾਉਣ ਲਈ ਇਸਨੂੰ ਮੰਦੀ ਵਾਂਗ ਹੀ ਮੰਨ ਕੇ ਚੱਲ ਰਹੇ ਹਨ।

ਇਹ ਸਥਿਤੀ ਉਸ ਸਮੇਂ ਬਣੀ ਹੈ ਜਦੋਂ ਮਿਡਲ ਈਸਟ ਵਿੱਚ ਚੱਲ ਰਹੀ ਜੰਗ ਕਾਰਨ ਤੇਲ ਦੀਆਂ ਕੀਮਤਾਂ ਉੱਪਰ ਜਾਣ ਦਾ ਖਦਸ਼ਾ ਹੈ, ਜੋ ਦੇਸ਼ ਵਿੱਚ ਮਹਿੰਗਾਈ ਨੂੰ ਹੋਰ ਤੇਜ਼ ਕਰ ਸਕਦਾ ਹੈ। ਬੈਂਕ ਆਫ਼ ਮਾਂਟਰੀਅਲ ਨੇ ਇਸ ਤਿਮਾਹੀ ਦੌਰਾਨ ਸੰਭਾਵਿਤ ਨੁਕਸਾਨ ਨੂੰ ਕਵਰ ਕਰਨ ਲਈ 739 ਮਿਲੀਅਨ ਡਾਲਰ ਦਾ ਵਾਧੂ ਫੰਡ ਰੱਖਿਆ ਹੈ। ਬੈਂਕ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਗਾਹਕਾਂ ਨੂੰ ਉਹਨਾਂ ਦੇ ਘਰਾਂ ਵਿੱਚ ਬਣਾਈ ਰੱਖਣ ਲਈ ਹੱਲ ਲੱਭ ਰਹੇ ਹਨ ਅਤੇ 10 ਵਿੱਚੋਂ 9 ਡਿਫਾਲਟ ਗਾਹਕ ਹਾਲਾਤ ਨੂੰ ਖੁਦ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਬੈਂਕ ਦੇ ਸੀਈਓ ਸਕੌਟ ਥਾਮਸਨ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਵਿੱਤੀ ਦਬਾਅ ਸਿਰਫ਼ ਘਰਾਂ ਤੱਕ ਸੀਮਤ ਨਹੀਂ ਹੈ, ਸਗੋਂ ਵਪਾਰਕ ਲੋਨ ਲੈਣ ਵਾਲੀਆਂ ਕੰਪਨੀਆਂ 'ਤੇ ਵੀ ਮਾੜਾ ਅਸਰ ਪਾ ਰਿਹਾ ਹੈ। This report was written by Ekjot Singh as part of the Local Journalism Initiative.

# ਘੱਟੋ-ਘੱਟ ਤਨਖ਼ਾਹ 18.25 ਡਾਲਰ ਪ੍ਰਤੀ ਘੰਟਾ ਹੋਵੇਗੀ ਨਾਕਾਫ਼ੀ: ਲਿਵਿੰਗ ਵੇਜ ਬੀਸੀ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ 1 ਜੂਨ ਤੋਂ ਘੱਟੋ ਘੱਟ ਤਨਖ਼ਾਹ ਵਧਾ ਕੇ 18.25 ਡਾਲਰ ਪ੍ਰਤੀ ਘੰਟਾ ਕੀਤੀ ਜਾ ਰਹੀ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਇਹ ਵਾਧਾ ਲੋਕਾਂ ਨੂੰ ਵਧ ਰਹੀ ਮਹਿੰਗਾਈ ਨਾਲ ਨਜਿੱਠਣ ਵਿੱਚ ਮਦਦ ਕਰੇਗਾ। ਪਰ ਮਹਿੰਗਾਈ ਅਤੇ ਜੀਵਨ ਬਸਰ ਖਰਚਿਆਂ ਲਈ ਕੰਮ ਕਰਨ ਵਾਲੀ ਸੰਸਥਾ ਲਿਵਿੰਗ ਵੇਜ ਬੀਸੀ ਦਾ ਮੰਨਣਾ ਹੈ ਕਿ ਇਹ ਹਾਲੇ ਵੀ ਕਾਫ਼ੀ ਨਹੀਂ ਹੈ। ਬੀਸੀ ਦੀ ਕਿਰਤ ਮੰਤਰੀ ਜੈਨੀਫਰ ਵਾਈਟਸਾਈਡ ਨੇ ਕਿਹਾ ਕਿ 40 ਸੈਂਟ ਪ੍ਰਤੀ ਘੰਟਾ ਵਾਧਾ ਖਾਣ ਪੀਣ, ਆਵਾਜਾਈ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਵਧ ਰਹੀ ਲਾਗਤ ਨਾਲ ਨਜਿੱਠਣ ਵਿੱਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਘੱਟੋ ਘੱਟ ਤਨਖ਼ਾਹ 'ਤੇ ਕੰਮ ਕਰਨ ਵਾਲੇ ਲੋਕ ਰੋਜ਼ਾਨਾ ਦੀਆਂ ਕਈ ਅਹਿਮ ਸੇਵਾਵਾਂ ਚਲਾ ਰਹੇ ਹਨ। ਦੂਜੇ ਪਾਸੇ ਲਿਵਿੰਗ ਵੇਜ ਬੀਸੀ ਦੇ ਮੈਨੇਜਿੰਗ ਡਾਇਰੈਕਟਰ ਨਵਦੀਪ ਸਿੰਘ ਛੀਨਾ ਨੇ ਕਿਹਾ ਕਿ ਇਹ ਵਾਧਾ ਲੋਕਾਂ ਨੂੰ ਆਰਥਿਕ ਤਣਾਅ ਤੋਂ ਬਾਹਰ ਕੱਢਣ ਲਈ ਕਾਫ਼ੀ ਨਹੀਂ ਹੈ। ਉਨ੍ਹਾਂ ਮੁਤਾਬਕ ਮੈਟਰੋ ਵੈਨਕੂਵਰ ਵਿੱਚ 1 ਆਮ ਪਰਿਵਾਰ ਲਈ ਇੱਜ਼ਤਭਰੀ ਜ਼ਿੰਦਗੀ ਜਿਉਣ ਵਾਸਤੇ ਘੱਟੋ ਘੱਟ 27.85 ਡਾਲਰ ਪ੍ਰਤੀ ਘੰਟਾ ਕਮਾਈ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਉਹ ਆਪਣਾ ਕਿਰਾਇਆ ਦੇ ਸਕਣ ਅਤੇ ਬਿਮਾਰੀ ਵੇਲੇ ਖਰਚੇ ਚਲਾ ਸਕਣ।


# ਬਿਲਨ ਫਾਰਮਜ਼ ਲਿਮਟਡ

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

ਭੁਪਿੰਦਰ ਕੌਰ ਸਰਾਂ
ਸੁਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੁਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਬੀ.ਸੀ. 'ਚ 1 ਜੂਨ ਤੋਂ ਕਾਮਿਆਂ ਨੂੰ ਮਿਲੇਗੀ 18.25 ਡਾਲਰ ਪ੍ਰਤੀ ਘੰਟਾ ਤਨਖਾਹ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਦੇ ਸਭ ਤੋਂ ਘੱਟ ਤਨਖਾਹ ਲੈਣ ਵਾਲੇ ਕਾਮਿਆਂ ਲਈ ਇੱਕ ਰਾਹਤ ਭਰਿਆ ਐਲਾਨ ਕੀਤਾ ਹੈ। ਆਉਣ ਵਾਲੀ 1 ਜੂਨ ਤੋਂ ਸੂਬੇ ਵਿੱਚ ਘੱਟੋ-ਘੱਟ ਉਜਰਤ 17.85 ਡਾਲਰ ਤੋਂ ਵਧਾ ਕੇ 18.25 ਡਾਲਰ ਪ੍ਰਤੀ ਘੰਟਾ ਕਰ ਦਿੱਤੀ ਜਾਵੇਗੀ। ਇਹ ਸਾਲਾਨਾ ਵਾਧਾ ਬ੍ਰਿਟਿਸ਼ ਕੋਲੰਬੀਆ ਦੀ ਮਾਸਿਕ ਔਸਤ ਮਹਿੰਗਾਈ ਦਰ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ ਜੋ ਕਿ 2025 ਵਿੱਚ 2.1 ਫੀਸਦੀ ਦਰਜ ਕੀਤੀ ਗਈ ਸੀ। ਸਰਕਾਰ ਦੇ ਇਸ ਕਦਮ ਨਾਲ ਹਜ਼ਾਰਾਂ ਕਾਮਿਆਂ ਨੂੰ ਆਰਥਿਕ ਮਦਦ ਮਿਲਣ ਦੀ ਉਮੀਦ ਹੈ ਜੋ ਲਗਾਤਾਰ ਵੱਧ ਰਹੀ ਮਹਿੰਗਾਈ ਦਾ ਸਾਹਮਣਾ ਕਰ ਰਹੇ ਹਨ।




ਇਹ ਤਨਖਾਹ ਵਾਧਾ ਸਿਰਫ ਆਮ ਕਾਮਿਆਂ ਤੱਕ ਸੀਮਤ ਨਹੀਂ ਰਹੇਗਾ ਬਲਕਿ ਰੈਜ਼ੀਡੈਂਟ ਕੇਅਰਟੇਕਰਾਂ, ਲਿਵ ਇਨ ਹੋਮ ਸਪੋਰਟ ਵਰਕਰਾਂ, ਲਿਵ ਇਨ ਕੈਂਪ ਲੀਡਰਾਂ ਅਤੇ ਐਪ ਆਧਾਰਿਤ ਗਿੱਗ ਕਾਮਿਆਂ 'ਤੇ ਵੀ ਬਰਾਬਰ ਪ੍ਰਤੀਸ਼ਤ ਦੇ ਹਿਸਾਬ ਨਾਲ ਲਾਗੂ ਹੋਵੇਗਾ। ਹੱਥੀਂ ਫਸਲਾਂ ਦੀ ਕਟਾਈ ਕਰਨ ਵਾਲੇ ਪੀਸ ਰੇਟ ਕਾਮਿਆਂ ਲਈ ਵੀ ਇਹ ਨਿਯਮ ਲਾਗੂ ਹੋਵੇਗਾ ਪਰ ਖੇਤੀਬਾੜੀ ਖੇਤਰ ਵਿੱਚ ਇਹ ਵਾਧਾ 31 ਦਸੰਬਰ ਤੋਂ ਅਮਲ ਵਿੱਚ ਆਵੇਗਾ। ਸਰਕਾਰ ਨੇ ਇਹ ਫੈਸਲਾ ਇਸ ਲਈ ਲਿਆ ਹੈ ਤਾਂ ਜੋ ਸੀਜ਼ਨ ਦੇ ਵਿਚਕਾਰ ਕਿਸਾਨਾਂ ਜਾਂ ਉਤਪਾਦਕਾਂ 'ਤੇ ਅਚਾਨਕ ਤਨਖਾਹਾਂ ਵਧਾਉਣ ਦਾ ਭਾਰ ਨਾ ਪਵੇ ਅਤੇ ਖੇਤੀਬਾੜੀ ਦਾ ਕੰਮ ਸੁਚਾਰੂ ਢੰਗ ਨਾਲ ਚੱਲਦਾ ਰਹੇ।

ਮਹਿੰਗਾਈ ਦੇ ਆਧਾਰ 'ਤੇ ਘੱਟੋ-ਘੱਟ ਉਜਰਤ ਨੂੰ ਐਡਜਸਟ ਕਰਨ ਦਾ ਇਹ ਸਿਸਟਮ 2024 ਵਿੱਚ ਇੰਪਲਾਇਮੈਂਟ ਸਟੈਂਡਰਡਜ਼ ਐਕਟ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਰਾਹੀਂ ਲਾਗੂ ਕੀਤਾ ਗਿਆ ਸੀ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੀ ਘੱਟੋ-ਘੱਟ ਉਜਰਤ ਹੁਣ ਕੈਨੇਡਾ ਦੇ ਸੂਬਿਆਂ ਵਿੱਚ ਸਭ ਤੋਂ ਉੱਚੀਆਂ ਦਰਾਂ ਦੇ ਨੇੜੇ ਪਹੁੰਚ ਗਈ ਹੈ। ਮੌਜੂਦਾ ਸਮੇਂ ਵਿੱਚ ਸਿਰਫ ਯੂਕੋਨ ਅਤੇ ਨੂਨਾਵੁਤ ਪ੍ਰਦੇਸ਼ਾਂ ਵਿੱਚ ਹੀ ਇਸ ਤੋਂ ਜ਼ਿਆਦਾ ਉਜਰਤ ਦਿੱਤੀ ਜਾਂਦੀ ਹੈ। ਦੂਜੇ ਪਾਸੇ ਫੈਡਰਲ ਦਰ ਵੀ ਇਸ ਦੇ ਕਰੀਬ 18.15 ਡਾਲਰ ਪ੍ਰਤੀ ਘੰਟਾ ਹੈ। ਹਾਲਾਂਕਿ ਫੈਡਰਲ ਦਰ ਸਿਰਫ ਕੁਝ ਖਾਸ ਖੇਤਰਾਂ ਜਿਵੇਂ ਕਿ ਅੰਤਰ ਸੂਬਾਈ ਆਵਾਜਾਈ, ਦੂਰਸੰਚਾਰ ਅਤੇ ਬੈਂਕਿੰਗ ਆਦਿ 'ਤੇ ਹੀ ਲਾਗੂ ਹੁੰਦੀ ਹੈ। ਸਰਕਾਰੀ ਨਿਊਜ਼ ਰਿਲੀਜ਼ ਮੁਤਾਬਕ 2025 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਲਗਭਗ 141,300 ਕਾਮਿਆਂ ਨੇ ਘੱਟੋ-ਘੱਟ ਉਜਰਤ 'ਤੇ ਕੰਮ ਕੀਤਾ ਸੀ ਅਤੇ ਇਹ ਨਵਾਂ ਵਾਧਾ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਸਹਾਈ ਹੋਵੇਗਾ। This report was written by Ekjot Singh as part of the Local Journalism Initiative.

# ਗ੍ਰੇਟਰ ਵਿਕਟੋਰੀਆ ਦੇ 9 ਬਰਖਾਸਤ ਸਕੂਲ ਟਰੱਸਟੀ ਹੋਣਗੇ ਬਹਾਲ

ਸਰੀ, (ਏਕਜੋਤ ਸਿੰਘ): ਗ੍ਰੇਟਰ ਵਿਕਟੋਰੀਆ ਵਿੱਚ ਬਰਖਾਸਤ ਕੀਤੇ ਗਏ 9 ਸਕੂਲ ਬੋਰਡ ਟਰੱਸਟੀਆਂ ਲਈ ਇੱਕ ਅਹਿਮ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਅਦਾਲਤੀ ਸਮੀਖਿਆ ਦੌਰਾਨ ਸੂਬਾ ਸਰਕਾਰ ਵੱਲੋਂ ਸਾਰੇ ਜ਼ਰੂਰੀ ਦਸਤਾਵੇਜ਼ ਪੂਰੀ ਤਰ੍ਹਾਂ ਮੁਹੱਈਆ ਨਾ ਕਰਵਾਏ ਜਾਣ ਕਾਰਨ ਇਨ੍ਹਾਂ ਟਰੱਸਟੀਆਂ ਦੀਆਂ ਨੌਕਰੀਆਂ ਬਹਾਲ ਹੋਣ ਜਾ ਰਹੀਆਂ ਹਨ। ਸਿੱਖਿਆ ਮੰਤਰੀ ਲੀਜ਼ਾ ਬੀਅਰ ਨੇ 30 ਜਨਵਰੀ 2025 ਨੂੰ ਇਨ੍ਹਾਂ 9 ਟਰੱਸਟੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਸੀ। ਇਹ ਬਰਖਾਸਤਗੀ ਸਕੂਲਾਂ ਵਿੱਚ ਪੁਲਿਸ ਸੰਪਰਕ ਅਫਸਰਾਂ ਦੀ ਤਾਇਨਾਤੀ ਨੂੰ ਲੈ ਕੇ ਹੋਏ ਵਿਵਾਦ ਕਾਰਨ ਕੀਤੀ ਗਈ ਸੀ। ਸਕੂਲ ਡਿਸਟ੍ਰਿਕਟ 61 ਵੱਲੋਂ 2023 ਵਿੱਚ ਇਸ ਪ੍ਰੋਗਰਾਮ ਨੂੰ ਇਸ ਚਿੰਤਾ ਕਾਰਨ ਰੱਦ ਕਰ ਦਿੱਤਾ ਗਿਆ ਸੀ ਕਿ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਦੇ ਵਿਦਿਆਰਥੀ ਸਕੂਲਾਂ ਵਿੱਚ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਨਾਲ ਅਸੁਰੱਖਿਅਤ ਮਹਿਸੂਸ ਕਰਦੇ ਸਨ। ਉਸ ਸਮੇਂ ਮੰਤਰੀ ਬੀਅਰ ਨੇ ਕਿਹਾ ਸੀ ਕਿ ਬੋਰਡ ਕੋਲ ਭਾਈਚਾਰੇ ਦੀਆਂ ਲੋੜਾਂ ਪੂਰੀਆਂ ਕਰਨ ਦੇ ਕਈ ਮੌਕੇ ਸਨ ਪਰ ਉਹ ਅਜਿਹਾ ਕਰਨ ਵਿੱਚ ਨਾਕਾਮ ਰਹੇ। ਟਰੱਸਟੀਆਂ ਦੇ ਇਸ ਸਮੂਹ ਨੇ ਆਪਣੀ ਬਰਖਾਸਤਗੀ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਅਕਤੂਬਰ 2025 ਵਿੱਚ ਇੱਕ ਜੱਜ ਨੇ ਇਸ ਕੇਸ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਦੇ ਦਿੱਤੀ ਸੀ ਅਤੇ ਕਿਹਾ ਸੀ ਕਿ ਸਿੱਖਿਆ ਮੰਤਰੀ ਦਾ ਉਨ੍ਹਾਂ ਨੂੰ ਹਟਾਉਣ ਦਾ ਹੁਕਮ ਸ਼ਾਇਦ ਮਾੜੀ ਭਾਵਨਾ ਨਾਲ ਲਿਆ ਗਿਆ ਫੈਸਲਾ ਹੋ ਸਕਦਾ ਹੈ। ਹੁਣ 25 ਮਈ ਨੂੰ ਦਿੱਤੇ ਗਏ ਇੱਕ ਬਿਆਨ ਵਿੱਚ ਮੰਤਰੀ ਲੀਜ਼ਾ ਬੀਅਰ ਨੇ ਕਿਹਾ ਕਿ ਕਾਨੂੰਨੀ ਕਾਰਵਾਈਆਂ ਦੇ ਧਿਆਨਪੂਰਵਕ ਵਿਚਾਰ ਤੋਂ ਬਾਅਦ ਸੂਬਾ ਸਰਕਾਰ ਗ੍ਰੇਟਰ ਵਿਕਟੋਰੀਆ ਦੇ ਸਕੂਲ ਡਿਸਟ੍ਰਿਕਟ ਟਰੱਸਟੀਆਂ ਨੂੰ ਹਟਾਉਣ ਵਾਲੇ ਤਿੰਨ ਸਰਕਾਰੀ ਹੁਕਮਾਂ ਨੂੰ ਰੱਦ ਕਰਨ ਲਈ ਸਹਿਮਤ ਹੋ ਰਹੀ ਹੈ। This report was written by Ekjot Singh as part of the Local Journalism Initiative.


# ਐਬਟਸਫੋਰਡ ਵਿੱਚ ਬੇਰੁਜ਼ਗਾਰੀ ਦਰ 7.3 ਫੀਸਦੀ ਤੱਕ ਪਹੁੰਚੀ

### ਅਪ੍ਰੈਲ ਮਹੀਨੇ ਵਿੱਚ 900 ਲੋਕਾਂ ਦੀ ਗਈ ਨੌਕਰੀ

ਸਰੀ, (ਏਕਜੋਤ ਸਿੰਘ): ਐਬਟਸਫੋਰਡ ਸ਼ਹਿਰ ਵਿੱਚ ਰੁਜ਼ਗਾਰ ਦੀ ਸਥਿਤੀ ਲਗਾਤਾਰ ਚਿੰਤਾਜਨਕ ਬਣੀ ਹੋਈ ਹੈ। ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਅਨੁਸਾਰ ਅਪ੍ਰੈਲ ਮਹੀਨੇ ਦੌਰਾਨ ਸ਼ਹਿਰ ਵਿੱਚੋਂ 900 ਹੋਰ ਨੌਕਰੀਆਂ ਖਤਮ ਹੋ ਗਈਆਂ ਹਨ। ਇਸ ਤੋਂ ਪਹਿਲਾਂ ਮਾਰਚ ਮਹੀਨੇ ਵਿੱਚ ਵੀ ਸਥਾਨਕ ਪੱਧਰ 'ਤੇ ਲਗਭਗ 1000 ਨੌਕਰੀਆਂ ਦਾ ਨੁਕਸਾਨ ਹੋਇਆ ਸੀ। ਅਕਤੂਬਰ 2025 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਰੁਜ਼ਗਾਰ ਪ੍ਰਾਪਤ ਵਸਨੀਕਾਂ ਦੀ ਗਿਣਤੀ ਵਿੱਚ ਇੰਨੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਨੌਕਰੀਆਂ ਜਾਣ ਦੇ ਇਸ ਸਿਲਸਿਲੇ ਕਾਰਨ ਸਥਾਨਕ ਬੇਰੁਜ਼ਗਾਰੀ ਦਰ ਵਧ ਕੇ 7.3 ਫੀਸਦੀ ਹੋ ਗਈ ਹੈ। ਪਿਛਲੇ ਛੇ ਮਹੀਨਿਆਂ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ ਦਰ 7 ਫੀਸਦੀ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਇਸ ਦੇ ਨਾਲ ਹੀ ਐਬਟਸਫੋਰਡ ਦੀ ਬੇਰੁਜ਼ਗਾਰੀ ਦਰ ਸੂਬਾਈ ਔਸਤ 6.8 ਫੀਸਦੀ ਤੋਂ ਵੀ ਉੱਪਰ ਚਲੀ ਗਈ ਹੈ। ਇੰਨਾ ਹੀ ਨਹੀਂ ਸ਼ਹਿਰ ਦੀ ਰੁਜ਼ਗਾਰ ਦਰ ਵੀ 63.1 ਫੀਸਦੀ ਤੋਂ ਡਿੱਗ ਕੇ 62.5 ਫੀਸਦੀ ਰਹਿ ਗਈ ਹੈ। ਪੂਰੇ ਸੂਬੇ ਵਿੱਚ ਵੀ ਰੁਜ਼ਗਾਰ ਦਰ ਵਿੱਚ 0.1 ਫੀਸਦੀ ਦੀ ਮਾਮੂਲੀ ਗਿਰਾਵਟ ਦੇਖੀ ਗਈ ਹੈ। ਪੂਰੇ ਦੇਸ਼ ਵਿੱਚ ਓਨਟਾਰੀਓ ਨੂੰ ਛੱਡ ਕੇ ਬਾਕੀ ਸਭ ਥਾਵਾਂ 'ਤੇ ਇਹੋ ਰੁਝਾਨ ਦੇਖਣ ਨੂੰ ਮਿਲਿਆ ਹੈ। ਰੁਜ਼ਗਾਰ ਅਤੇ ਆਰਥਿਕ ਵਿਕਾਸ ਮੰਤਰੀ ਰਵੀ ਕਾਹਲੋਂ ਨੇ ਇਸ ਖਰਾਬ ਹੁੰਦੀ ਸਥਿਤੀ ਲਈ ਅੰਸ਼ਕ ਤੌਰ 'ਤੇ ਇਰਾਨ ਨਾਲ ਚੱਲ ਰਹੇ ਟਕਰਾਅ ਅਤੇ ਅਮਰੀਕਾ ਦੇ ਆਰਥਿਕ ਫੈਸਲਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੂਬੇ ਦੇ ਨਿਰਮਾਣ ਅਤੇ ਮੈਨੂਫੈਕਚਰਿੰਗ ਖੇਤਰਾਂ ਵਿੱਚ ਪਿਛਲੇ ਦੋ ਮਹੀਨਿਆਂ ਦੌਰਾਨ ਲਗਭਗ 12,000 ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਮੰਤਰੀ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਸਭ ਤੋਂ ਵੱਧ ਔਸਤ ਘੰਟਾਵਾਰ ਉਜਰਤ ਅਤੇ ਨੌਜਵਾਨਾਂ ਦੇ ਰੁਜ਼ਗਾਰ ਵਿੱਚ ਸੁਧਾਰ ਕੁਝ ਸਕਾਰਾਤਮਕ ਸੰਕੇਤ ਹਨ ਜੋ ਭਵਿੱਖ ਲਈ ਉਮੀਦ ਜਗਾਉਂਦੇ ਹਨ। This report was written by Ekjot Singh as part of the Local Journalism Initiative.




## ਨਗਰ ਲੰਮਾ ਜੱਟਪੁਰਾ ਦੀ ਸਮੂਹ ਸਾਧ ਸੰਗਤ ਵਲੋਂ ਅਖੰਡਪਾਠ ਸਾਹਿਬ 29 ਨੂੰ



ਨਗਰ ਲੰਮਾ ਜੱਟਪੁਰਾ ਦੀ ਸਮੂਹ ਸਾਧ ਸੰਗਤ ਵਲੋਂ ਗੁਰੂ ਦਸ਼ਮੇਸ਼ ਪਿਤਾ ਦੀਆਂ ਅਪਾਰ ਬਖਸ਼ਿਸ਼ਾਂ ਦੇ ਸ਼ੁਕਰਾਨੇ ਲਈ ਸਲਾਨਾ ਅਖੰਡਪਾਠ ਸਾਹਿਬ 29 30 31 ਮਈ ਨੂੰ ਗੁਰਦਵਾਰਾ ਸਾਹਿਬ ਯੌਰਕ ਸੈਂਟਰ ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਐਤਵਾਰ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ। ਸਮੇ ਸਿਰ ਪਹੁੰਚਣ ਦੀ ਕਿਰਪਾ ਕਰਨੀ।
ਨੋਟ: ਲੰਮਾ ਪਿੰਡ ਦਸ਼ਮੇਸ਼ ਪਿਤਾ 21 ਦਿਨ ਬਿਰਾਜਮਾਨ ਰਹੇ।

ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ :
ਮਾਸਟਰ ਸੁਰਜੀਤ ਸਿੰਘ ਲੰਮੇ 604-897-9034
ਅਵਤਾਰ ਸਿੰਘ ਗਰੇਵਾਲ ਜੱਟਪੁਰਾ 604-818-2899
ਦਰਸ਼ਨ ਸਿੰਘ ਢਿੱਲੋਂ ਲੰਮੇ 604-306-9897

## ਬਜ਼ੁਰਗਾਂ ਵਾਸਤੇ ਮੁਫ਼ਤ ਸੇਵਾ

ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ ਮੁਫ਼ਤ ਸੇਵਾ ਚਾਲੂ ਹੈ। ਜਿਸ ਵਿੱਚ ਹੇਠਾਂ ਲਿਖੇ ਫ਼ਾਰਮ ਭਰੇ ਜਾਂਦੇ ਹਨ।

- ਟੈਕਸ ਫ਼ਾਰਮ
- ਪੀ.ਆਰ.ਕਾਰਡ (P.R. Card)
- ਬੁਢਾਪਾ ਪੈਨਸ਼ਨ (O.P.S.)
- ਸਿਟੀਜ਼ਨਸ਼ਿਪ ਫ਼ਾਰਮ
- ਕੰਮ ਦੀ ਪੈਨਸ਼ਨ (C.P.P.)
- ਪਾਸਪੋਰਟ ਫ਼ਾਰਮ / ਬੱਸ ਪਾਸ ਅਤੇ ਹੋਰ

ਸਮਾਂ: ਸ਼ੁੱਕਰਵਾਰ: 10:00 ਤੋਂ 12:00, ਸਥਾਨ: ਗੁਰਦੁਆਰਾ ਲਾਇਬਰੇਰੀ

ਹੋਰ ਜਾਣਕਾਰੀ ਲਈ
ਫ਼ੋਨ: 604-590-3232

# ਬ੍ਰਿਟਿਸ਼ ਕੋਲੰਬੀਆ ਵਿੱਚ ਨਸ਼ਾ ਮੁਕਤੀ ਲਈ ਪੁਰਤਗਾਲ ਮਾਡਲ ਲਾਗੂ ਕਰਨ ਦੀ ਅਪੀਲ

### ਨਸ਼ਾ ਮੁਕਤੀ 'ਤੇ ਆਧਾਰਿਤ ਨਵੀਂ ਕਿਤਾਬ ਨੇ ਪਾਠਕਾਂ ਦਾ ਧਿਆਨ ਖਿੱਚਿਆ

ਸਰੀ, (ਏਕਜੋਤ ਸਿੰਘ): ਸਾਫਟਵੇਅਰ ਇੰਜੀਨੀਅਰ ਸਟੂਅਰਟ ਮੋਰਸ ਜਦੋਂ ਵੀ ਕੰਮ ਤੋਂ ਥੱਕ ਕੇ ਸਾਨਿਚ ਸਥਿਤ ਆਪਣੇ ਘਰ ਪਰਤਦੇ ਸਨ ਤਾਂ ਉਹ ਦਿਨ ਭਰ ਦੀ ਥਕਾਵਟ ਮਿਟਾਉਣ ਲਈ ਵਾਈਨ ਦਾ ਇੱਕ ਗਲਾਸ ਪੀਂਦੇ ਸਨ। ਕਈ ਦਹਾਕਿਆਂ ਬਾਅਦ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਇਹ ਹਾਨੀਕਾਰਕ ਆਦਤ ਇੱਕ ਭਿਆਨਕ ਨਸ਼ੇ ਵਿੱਚ ਬਦਲ ਚੁੱਕੀ ਹੈ ਜਿਸ ਵਿੱਚੋਂ ਉਨ੍ਹਾਂ ਨੂੰ ਬਾਹਰ ਨਿਕਲਣ ਦੀ ਸਖਤ ਲੋੜ ਸੀ। ਮੋਰਸ ਨੇ ਨਸ਼ੇ ਦੀ ਇਸ ਸਮੱਸਿਆ, ਰਿਕਵਰੀ ਦੀ ਪ੍ਰਕਿਰਿਆ, ਅਧਿਆਤਮਿਕਤਾ ਅਤੇ ਵਿਵਹਾਰਕ ਤਬਦੀਲੀਆਂ ਬਾਰੇ ਆਪਣੇ ਤਜ਼ਰਬਿਆਂ ਅਤੇ ਖੋਜਾਂ ਨੂੰ ਮਿਲਾ ਕੇ ਇੱਕ ਕਿਤਾਬ ਲਿਖਣ ਦਾ ਫੈਸਲਾ ਕੀਤਾ। ਇਸ ਸਾਲ ਜਨਵਰੀ ਵਿੱਚ ਉਨ੍ਹਾਂ ਦੀ ਕਿਤਾਬ 'ਦਿ ਸਾਇੰਸ ਐਂਡ ਸਪਿਰਿਚੁਐਲਿਟੀ ਆਫ ਅਡਿਕਸ਼ਨ: ਏ ਹੀਲਿੰਗ ਗਾਈਡ ਫਾਰ ਏ ਬ੍ਰੋਕਨ ਵਰਲਡ' ਰਿਲੀਜ਼ ਹੋਈ ਸੀ ਜਿਸ ਨੂੰ ਪਾਠਕਾਂ ਵੱਲੋਂ ਬਹੁਤ ਹੀ ਸਕਾਰਾਤਮਕ ਹੁੰਗਾਰਾ ਮਿਲ ਰਿਹਾ ਹੈ।

ਮਨੋਚਿਕਿਤਸਕ ਕਾਰਲ ਜੁੰਗ ਦਾ ਹਵਾਲਾ ਦਿੰਦਿਆਂ ਮੋਰਸ ਨੇ ਕਿਹਾ ਕਿ ਜਦੋਂ ਤੱਕ ਤੁਸੀਂ ਆਪਣੇ ਅਚੇਤਨ ਮਨ ਨੂੰ ਸੁਚੇਤ ਨਹੀਂ ਕਰਦੇ ਇਹ ਤੁਹਾਡੀ ਜ਼ਿੰਦਗੀ ਨੂੰ ਨਿਰਦੇਸ਼ਿਤ ਕਰਦਾ ਰਹੇਗਾ ਅਤੇ ਤੁਸੀਂ ਇਸ ਨੂੰ ਆਪਣੀ ਕਿਸਮਤ ਮੰਨਦੇ ਰਹੋਗੇ। ਉਨ੍ਹਾਂ ਸਮਝਾਇਆ ਕਿ ਨਸ਼ੇ ਦੀ ਲਤ ਬਹੁਤ ਹੀ ਗੈਰ ਰਸਮੀ ਢੰਗ ਨਾਲ ਆਉਂਦੀ ਹੈ ਅਤੇ ਲੋਕ ਇਸ ਨੂੰ ਪਛਾਣਨ ਵਿੱਚ ਅਕਸਰ ਅਸਫਲ ਰਹਿੰਦੇ ਹਨ। ਕਈ ਵਾਰ ਤਾਂ ਲੋਕ ਉਦੋਂ ਤੱਕ ਇਸ ਗੱਲ ਤੋਂ ਇਨਕਾਰ ਕਰਦੇ ਰਹਿੰਦੇ ਹਨ ਜਦੋਂ ਤੱਕ ਇਹ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਗੰਭੀਰ ਸਮੱਸਿਆ ਨਹੀਂ ਬਣ ਜਾਂਦੀ। ਮੋਰਸ ਦੀ ਇਸ ਕਿਤਾਬ ਦਾ ਮੁੱਖ ਉਦੇਸ਼ ਲੋਕਾਂ ਨੂੰ ਮਨੁੱਖੀ ਜੀਵਨ ਵਿੱਚ ਵਿਗਿਆਨ ਅਤੇ ਅਧਿਆਤਮਿਕਤਾ ਦੇ ਸੁਮੇਲ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸੁਮੇਲ ਨਸ਼ੇ ਦੀ ਲਤ ਤੋਂ ਬਾਹਰ ਆਉਣ ਦਾ ਇੱਕ ਕਾਰਗਰ ਰਸਤਾ ਬਣ ਸਕਦਾ ਹੈ।

ਵਿਕਟੋਰੀਆ ਵਿੱਚ ਚੱਲ ਰਹੇ ਡਰੱਗ ਸੰਕਟ ਬਾਰੇ ਬੋਲਦਿਆਂ ਮੋਰਸ ਨੇ ਕਿਹਾ ਕਿ ਨਸ਼ਿਆਂ ਨੂੰ ਅਪਰਾਧ ਮੁਕਤ ਕਰਨਾ ਇਸ ਮੁੱਦੇ ਨੂੰ ਹੱਲ ਕਰਨ ਦਾ ਇੱਕ ਅਹਿਮ ਤਰੀਕਾ ਹੋ ਸਕਦਾ ਹੈ। ਹਾਲਾਂਕਿ ਉਨ੍ਹਾਂ ਨੇ ਇਸ ਦੇ ਕੁਝ ਨਕਾਰਾਤਮਕ ਪਹਿਲੂਆਂ ਬਾਰੇ ਵੀ ਚਿੰਤਾ ਪ੍ਰਗਟਾਈ। ਮੋਰਸ ਨੇ ਕਿਹਾ ਕਿ ਉਹ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਡਰੱਗ ਸੰਕਟ ਨਾਲ ਨਜਿੱਠਣ ਲਈ ਪੁਰਤਗਾਲ ਵੱਲੋਂ ਅਪਣਾਈ ਗਈ ਪਹੁੰਚ ਤੋਂ ਬਹੁਤ ਪ੍ਰਭਾਵਿਤ ਹਨ। ਉਨ੍ਹਾਂ ਦਾ ਟੀਚਾ ਆਉਣ ਵਾਲੇ 10 ਸਾਲਾਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਡਰੱਗ ਸੰਕਟ ਦੇ ਹੱਲ ਲਈ ਇਸੇ ਪੁਰਤਗਾਲੀ ਪਹੁੰਚ ਨੂੰ ਲਿਆਉਣਾ ਹੈ। ਆਪਣੀ ਕਿਤਾਬ ਪ੍ਰਕਾਸ਼ਿਤ ਕਰਨ ਤੋਂ ਬਾਅਦ ਮੋਰਸ ਹੁਣ ਇੱਕ ਵਰਕਸ਼ਾਪ ਰਾਹੀਂ ਵੀ ਇਸ ਵਿਸ਼ੇ ਬਾਰੇ ਜਾਗਰੂਕਤਾ ਫੈਲਾ ਰਹੇ ਹਨ। ਉਨ੍ਹਾਂ ਦਾ ਮਕਸਦ ਨਸ਼ੇ ਦੇ ਸ਼ਿਕਾਰ ਲੋਕਾਂ ਪ੍ਰਤੀ ਹਮਦਰਦੀ ਪੈਦਾ ਕਰਨਾ ਅਤੇ ਇਸ ਨਾਲ ਜੁੜੇ ਕਲੰਕ ਨੂੰ ਦੂਰ ਕਰਨਾ ਹੈ।

# ਚਿਲੀਵੈਕ ਦੇ ਨਾਈਟ ਕਲੱਬ ਵਿੱਚ ਹਮਲੇ ਦਾ ਮਾਮਲਾ, ਪੁਲਿਸ ਵੱਲੋਂ ਸ਼ੱਕੀ ਦੀ ਭਾਲ



ਸਰੀ, (ਏਕਜੋਤ ਸਿੰਘ): ਚਿਲੀਵੈਕ ਪੁਲਿਸ ਵੱਲੋਂ ਸ਼ਹਿਰ ਦੇ ਇੱਕ ਨਾਈਟ ਕਲੱਬ ਵਿੱਚ ਹੋਏ ਗੰਭੀਰ ਹਮਲੇ ਦੇ ਸਬੰਧ ਵਿੱਚ ਇੱਕ ਸ਼ੱਕੀ ਵਿਅਕਤੀ ਦੀ ਭਾਲ ਲਈ ਸੁਰੱਖਿਆ ਕੈਮਰਿਆਂ ਦੀ ਫੁਟੇਜ ਜਾਰੀ ਕੀਤੀ ਗਈ ਹੈ। ਆਰਸੀਐਮਪੀ ਅਧਿਕਾਰੀਆਂ ਨੂੰ ਉਮੀਦ ਹੈ ਕਿ ਇਸ ਤਸਵੀਰ ਰਾਹੀਂ ਮੁਲਜ਼ਮ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ। ਇਹ ਹਮਲਾ 7 ਮਈ ਦੀ ਰਾਤ ਨੂੰ ਲਗਭਗ 11:45 ਵਜੇ ਮੇਨ ਸਟਰੀਟ 'ਤੇ ਸਥਿਤ ਇੱਕ ਨਾਈਟ ਕਲੱਬ ਵਿੱਚ ਹੋਇਆ ਸੀ। ਚਿਲੀਵੈਕ ਆਰਸੀਐਮਪੀ ਨੇ 25 ਮਈ ਨੂੰ ਜਾਰੀ ਕੀਤੀ ਆਪਣੀ ਪ੍ਰੈਸ ਰਿਲੀਜ਼ ਵਿੱਚ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਬਾਰੇ 8 ਮਈ ਨੂੰ ਸੂਚਿਤ ਕੀਤਾ ਗਿਆ ਸੀ।

ਕਾਰਪੋਰਲ ਕਾਰਮੇਨ ਕੀਨਰ ਨੇ ਦੱਸਿਆ ਕਿ ਇਸ ਘਟਨਾ ਵਿੱਚ ਪੀੜਤ ਵਿਅਕਤੀ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ ਜਿਸ ਕਾਰਨ ਪੁਲਿਸ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਹੀ ਹੈ। ਜਾਂਚ ਕਰਤਾਵਾਂ ਵੱਲੋਂ ਮੌਕੇ ਦੇ ਵੀਡੀਓ ਨਿਗਰਾਨੀ ਕੈਮਰਿਆਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਹੈ। ਹੁਣ ਪੁਲਿਸ ਤਸਵੀਰ ਵਿੱਚ ਦਿਖਾਈ ਦੇ ਰਹੇ ਉਸ ਵਿਅਕਤੀ ਨਾਲ ਗੱਲਬਾਤ ਕਰਨਾ ਚਾਹੁੰਦੀ ਹੈ ਜੋ ਇਸ ਜਾਂਚ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਫੁਟੇਜ ਵਿੱਚ ਦਿਖਾਈ ਦੇ ਰਹੇ ਵਿਅਕਤੀ ਦੀ ਉਮਰ ਲਗਭਗ 19 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ ਅਤੇ ਉਸਦਾ ਸਰੀਰਕ ਢਾਂਚਾ ਦਰਮਿਆਨਾ ਹੈ। ਤਸਵੀਰ ਵਿੱਚ ਉਸਨੇ ਕਾਲੇ ਰੰਗ ਦੀ ਟੀ ਸ਼ਰਟ, ਕਾਲੀ ਪੈਂਟ ਅਤੇ ਕਾਲੇ ਚਿੱਟੇ ਰੰਗ ਦੇ ਜੁੱਤੇ ਪਹਿਨੇ ਹੋਏ ਹਨ। ਉਸਨੇ ਆਪਣੇ ਸਿਰ ਦੇ ਉੱਪਰ ਕਾਲੇ ਰੰਗ ਦੀ ਐਨਕ ਵੀ ਲਗਾਈ ਹੋਈ ਹੈ। ਉਸਦੀ ਖੱਬੀ ਬਾਂਹ ਅਤੇ ਖੱਬੇ ਬਾਈਸੈਪ ਦੇ ਪਿਛਲੇ ਹਿੱਸੇ 'ਤੇ ਟੈਟੂ ਵੀ ਸਾਫ ਦਿਖਾਈ ਦੇ ਰਹੇ ਹਨ। ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਇਸ ਵਿਅਕਤੀ ਨੂੰ ਪਛਾਣਦਾ ਹੈ ਜਾਂ ਇਸ ਘਟਨਾ ਬਾਰੇ ਕੋਈ ਜਾਣਕਾਰੀ ਰੱਖਦਾ ਹੈ ਤਾਂ ਉਹ ਤੁਰੰਤ ਆਰਸੀਐਮਪੀ ਨਾਲ ਸੰਪਰਕ ਕਰੇ। This report was written by Ekjot Singh as part of the Local Journalism Initiative.


BADYAL BLUEBERRY FARM

BKS ENTERPRISES LTD.

ਵੈਨਕੂਵਰ, ਨਿਊਵੈਸਟ ਮੀਨਿਸਟਰ, ਸਰੀ, ਡੈਲਟਾ, ਅਤੇ ਬਰਨਬੀ ਤੋਂ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਕੰਮ ਜੁਲਾਈ ਦੇ ਪਹਿਲੇ ਹਫ਼ਤੇ ਸ਼ੁਰੂ ਹੋਵੇਗਾ।
- ਕੀਤੇ ਕੰਮ ਦੀਆਂ ਸਟੈਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਦੋ ਹਫ਼ਤਿਆ ਬਾਅਦ ਮਿਲੇਗੀ।
- ਰਾਈਡ ਦਾ ਵੀ ਖਾਸ ਪ੍ਰਬੰਧ ਹੈ।

ਕਲਾਸ-1, 4 ਅਤੇ 5 ਵਾਲੇ ਡਰਾਈਵਰਾਂ ਦੀ ਲੋੜ ਹੈ।

ਚੰਗੀ ਤਨਖਾਹ ਦਿੱਤੀ ਜਾਵੇਗੀ।

ਬਲਿਊ ਬੇਰੀ ਸੀਜ਼ਨ ਤੋਂ ਬਾਅਦ ਨਰਸਰੀ ਲਈ ਦਸੰਬਰ ਤੱਕ ਔਰਤਾਂ ਅਤੇ ਆਦਮੀਆਂ ਦੀ ਜ਼ਰੂਰਤ ਹੈ।ਕੰਮ ਘੰਟਿਆਂ ਦੇ ਹਿਸਾਬ ਹੋਵੇਗਾ।

-: ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਬਡਿਆਲ ਬਲਿਊ ਬੇਰੀ ਫਾਰਮ

ਕੁਲਵਿੰਦਰ ਸਿੰਘ ਬਡਿਆਲ
ਵੈਨਕੂਵਰ ਲਈ
604-671-0642

ਕੁਲਦੀਪ ਸਿੰਘ ਰਾਏ
ਡੈਲਟਾ ਅਤੇ ਸਰੀ ਲਈ
778-549-9620

ਬਲਦੇਵ ਸਿੰਘ ਸੰਘਾ
ਨਿਊਵੈਸਟ ਅਤੇ ਬਰਨਬੀ ਲਈ
604-813-0909

# ਸਰੀ ਸਿਟੀ ਕੌਂਸਲ ਵਿੱਚ ਸਕੌਟ ਰੋਡ ਕੋਰੀਡੋਰ ਪਲਾਨ ’ਤੇ ਚਰਚਾ, ਨਵੇਂ ਪ੍ਰੋਜੈਕਟ ਨੂੰ ਮਨਜ਼ੂਰੀ

### ਪੁਰਾਣੇ ਗੈਸ ਸਟੇਸ਼ਨ ਵਾਲੀ ਜਗ੍ਹਾ ‘ਤੇ ਚਾਈਲਡ ਕੇਅਰ ਸੈਂਟਰ ਬਣਾਉਣ ਦੇ ਪ੍ਰੋਜੈਕਟ ਦਾ ਵਿਰੋਧ

ਸਰੀ, (ਏਕਜੋਤ ਸਿੰਘ): ਸਰੀ ਦੇ ਪਲੈਨਿੰਗ ਅਤੇ ਡਿਵੈਲਪਮੈਂਟ ਦੇ ਜਨਰਲ ਮੈਨੇਜਰ ਰੌਨ ਗਿੱਲ ਨੇ 25 ਮਈ ਦੀ ਮੀਟਿੰਗ ਵਿੱਚ ਦੱਸਿਆ ਕਿ ਸਕੌਟ ਰੋਡ ਕੋਰੀਡੋਰ ਪਲਾਨ ਸਾਲ 2027 ਦੇ ਸ਼ੁਰੂ ਵਿੱਚ ਕੌਂਸਲ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਹ ਜਾਣਕਾਰੀ ਉਨ੍ਹਾਂ ਨੇ ਸਕੌਟ ਰੋਡ ਅਤੇ 96 ਐਵੇਨਿਊ ਵਿਖੇ ਇੱਕ 4 ਮੰਜ਼ਿਲਾ ਇਮਾਰਤ ਬਣਾਉਣ ਦੀ ਤਜਵੀਜ਼ ‘ਤੇ ਵੋਟਿੰਗ ਤੋਂ ਪਹਿਲਾਂ ਦਿੱਤੀ। ਇਸ ਇਮਾਰਤ ਵਿੱਚ 77 ਬੱਚਿਆਂ ਲਈ ਚਾਈਲਡ ਕੇਅਰ ਸੈਂਟਰ ਬਣਾਇਆ ਜਾਣਾ ਹੈ। ਇਹ ਜਗ੍ਹਾ ਪਹਿਲਾਂ ਇੱਕ ਗੈਸ ਸਟੇਸ਼ਨ ਸੀ ਜਿਸ ਕਾਰਨ ਵਾਤਾਵਰਣ ਪ੍ਰੇਮੀਆਂ ਨੇ ਜ਼ਮੀਨ ਦੇ ਦੂਸ਼ਿਤ ਹੋਣ ਦੀ ਚਿੰਤਾ ਪ੍ਰਗਟਾਈ ਹੈ। ਹਾਲਾਂਕਿ ਇਸ ਪ੍ਰੋਜੈਕਟ ਦੇ ਹੱਕ ਵਿੱਚ 19 ਲਿਖਤੀ ਅਰਜ਼ੀਆਂ ਅਤੇ 43 ਦਸਤਖਤਾਂ ਵਾਲੀ ਪਟੀਸ਼ਨ ਪੇਸ਼ ਕੀਤੀ ਗਈ ਹੈ। ਕੌਂਸਲਰ ਡੱਗ ਐਲਫੋਰਡ ਨੇ ਕਿਹਾ ਕਿ ਉਹ ਉਦੋਂ ਤੱਕ ਇਸ ਪ੍ਰੋਜੈਕਟ ਦਾ ਸਮਰਥਨ ਨਹੀਂ ਕਰਨਗੇ ਜਦੋਂ ਤੱਕ ਪੂਰਾ ਪਲਾਨ ਸਾਹਮਣੇ ਨਹੀਂ ਆਉਂਦਾ। ਸਰੀ ਕੌਂਸਲ ਨੇ ਜੁਲਾਈ 2024 ਵਿੱਚ ਇਮੈਜਿਨ ਸਕੌਟ ਰੋਡ ਵਿਜ਼ਨਿੰਗ ਸਟੱਡੀ ਨੂੰ ਮਨਜ਼ੂਰੀ ਦਿੱਤੀ ਸੀ। ਇਸ ਪਲਾਨ ਤਹਿਤ ਭਵਿੱਖ ਵਿੱਚ ਇਸ ਇਲਾਕੇ ਦੀ ਆਬਾਦੀ 41120 ਤੋਂ 160000 ਤੱਕ ਪਹੁੰਚਣ ਦੀ ਉਮੀਦ ਹੈ। ਇਸ ਤੋਂ ਇਲਾਵਾ ਘਰਾਂ ਦੀ ਗਿਣਤੀ 12111 ਤੋਂ 51000 ਅਤੇ ਨੌਕਰੀਆਂ 4506 ਤੋਂ 24000 ਤੱਕ ਪਹੁੰਚਣ ਦਾ ਅਨੁਮਾਨ ਹੈ। ਇਹ ਸਟੱਡੀ 844 ਹੈਕਟੇਅਰ ਖੇਤਰ ਵਿੱਚ ਫੈਲੀ ਹੋਈ ਹੈ। This report was written by Ekjot Singh as part of the Local Journalism Initiative.

# ਐਬਟਸਫੋਰਡ ’ਚ ਪੁਲਿਸ ਡਰੱਗ ਲੈਬ ਦਾ ਪਰਦਾਫਾਸ਼

### ਬ੍ਰੈਡਨਰ ਰੋਡ ਨੇੜੇ ਛਾਪੇਮਾਰੀ ਦੌਰਾਨ ਨਸ਼ੀਲੇ ਪਦਾਰਥਾਂ ਅਤੇ ਗੈਰ ਕਾਨੂੰਨੀ ਹਥਿਆਰਾਂ ਦਾ ਜ਼ਖੀਰਾ ਬਰਾਮਦ



ਸਰੀ, (ਏਕਜੋਤ ਸਿੰਘ): ਐਬਟਸਫੋਰਡ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੇ ਇੱਕ ਸਾਂਝੀ ਕਾਰਵਾਈ ਕਰਦਿਆਂ ਪਿਛਲੇ ਹਫਤੇ ਇੱਕ ਗੈਰ ਕਾਨੂੰਨੀ ਡਰੱਗ ਲੈਬ ਦਾ ਪਰਦਾਫਾਸ਼ ਕੀਤਾ ਹੈ। ਇਸ ਛਾਪੇਮਾਰੀ ਦੌਰਾਨ ਪੁਲਿਸ ਵੱਲੋਂ ਭਾਰੀ ਮਾਤਰਾ ਵਿੱਚ ਗੈਰ ਕਾਨੂੰਨੀ ਹਥਿਆਰਾਂ ਦਾ ਜ਼ਖੀਰਾ ਵੀ ਬਰਾਮਦ ਕੀਤਾ ਗਿਆ ਹੈ। ਕੰਬਾਈਂਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਆਫ ਬ੍ਰਿਟਿਸ਼ ਕੋਲੰਬੀਆ ਵੱਲੋਂ ਜਾਰੀ ਕੀਤੀ ਗਈ ਪ੍ਰੈਸ ਰਿਲੀਜ਼ ਅਨੁਸਾਰ ਉਨ੍ਹਾਂ ਦੀ ਗੈਰ ਕਾਨੂੰਨੀ ਹਥਿਆਰਾਂ ਦੀ ਇਨਫੋਰਸਮੈਂਟ ਟੀਮ ਨੇ 21 ਮਈ ਦਿਨ ਵੀਰਵਾਰ ਨੂੰ ਬ੍ਰੈਡਨਰ ਰੋਡ ਖੇਤਰ ਵਿੱਚ ਇੱਕ ਸਰਚ ਵਾਰੰਟ ਤਾਮੀਲ ਕੀਤਾ ਸੀ।

ਨਸ਼ਿਆਂ ਅਤੇ ਹਥਿਆਰਾਂ ਦੀ ਚੱਲ ਰਹੀ ਇਸ ਡੂੰਘੀ ਜਾਂਚ ਤਹਿਤ ਲੋਅਰ ਮੇਨਲੈਂਡ ਇੰਟੀਗ੍ਰੇਟਿਡ ਐਮਰਜੈਂਸੀ ਰਿਸਪਾਂਸ ਟੀਮ, ਆਰਸੀਐਮਪੀ ਦੀ ਲੈਬ ਇਨਫੋਰਸਮੈਂਟ ਟੀਮ ਅਤੇ ਐਬਟਸਫੋਰਡ ਪੁਲਿਸ ਵਿਭਾਗ ਨੇ ਮਿਲ ਕੇ ਇਹ ਅਹਿਮ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਏਜੰਸੀਆਂ ਵੱਲੋਂ ਇਸ ਕਾਰਵਾਈ ਨੂੰ ਬਹੁਤ ਹੀ ਰਣਨੀਤਕ ਅਤੇ ਤਾਲਮੇਲ ਵਾਲੇ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਾ ਹੋਵੇ। ਯੂਨਿਟ ਦੀ ਮੀਡੀਆ ਰਿਲੇਸ਼ਨ ਅਫਸਰ ਸਾਰਜੈਂਟ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਅਜਿਹੇ ਆਪਰੇਸ਼ਨ ਸਥਾਨਕ ਵਸਨੀਕਾਂ ਲਈ ਚਿੰਤਾ ਦਾ ਵਿਸ਼ਾ ਬਣ ਸਕਦੇ ਹਨ ਪਰ ਪੁਲਿਸ ਦੀ ਮੁੱਖ ਤਰਜੀਹ ਹਮੇਸ਼ਾ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੁੰਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੀਆਂ ਗੈਰ ਕਾਨੂੰਨੀ ਡਰੱਗ ਲੈਬਾਂ ਦੀ ਖੋਜ ਅਤੇ ਉਨ੍ਹਾਂ ਨੂੰ ਬੰਦ ਕਰਨ ਨਾਲ ਆਸ ਪਾਸ ਦੇ ਇਲਾਕਿਆਂ ਵਿੱਚ ਖਤਰਨਾਕ ਪਦਾਰਥਾਂ ਅਤੇ ਸੰਗਠਿਤ ਅਪਰਾਧਾਂ ਦੇ ਖਤਰੇ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਪੁਲਿਸ ਵੱਲੋਂ ਬਰਾਮਦ ਕੀਤੇ ਗਏ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਤੱਕ ਪਹੁੰਚ ਕੀਤੀ ਜਾ ਸਕੇ। ਇਸ ਸਫਲ ਕਾਰਵਾਈ ਨੇ ਸ਼ਹਿਰ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਹੈ। This report was written by Ekjot Singh as part of the Local Journalism Initiative.


ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?

ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ

ਚਿਲਾਵੈਕ ਵਿਚ ਪੰਜਾਬੀ ਡੈਂਟਿਸਟ

We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.

Consult Dr. Sra for a health SMILE

COMPLIMENTARY NIGHT GUARD (Value $500)

We accept new Patients, & Emergencies

ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ

maple smiles dentistry
Family & Community Dentistry

604-391-1010 | maplesmiles.ca

8364 Young Road, Unit 101, Chilliwack





NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

“Over 20 years experience as Denturist”

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist


ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2
(Second floor Khalsa Business Centre)



YOUR NEIGHBOURHOOD LAYER

RISHI LAW CORPORATION



Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate

All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

NARINDER RISHI
Barrister, Solicitor & Notary Public

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)

# ਜ਼ਬਰਦਸਤੀ ਘਰ 'ਚ ਦਾਖ਼ਲ ਹੋਣ ਦੇ ਮਾਮਲੇ ਵਿੱਚ 7 ਵਿਅਕਤੀ ਗ੍ਰਿਫਤਾਰ

ਸਰੀ, (ਏਕਜੋਤ ਸਿੰਘ): ਸਾਨਿਚ ਖੇਤਰ ਦੇ ਬੈਟਲਫੋਰਡ ਐਵੇਨਿਊ ਦੇ ਇੱਕ ਹਿੱਸੇ ਨੂੰ ਮੰਗਲਵਾਰ ਦੁਪਹਿਰ ਨੂੰ ਪੁਲਿਸ ਦੀ ਭਾਰੀ ਤਾਇਨਾਤੀ ਕਾਰਨ ਆਵਾਜਾਈ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। 26 ਮਈ ਦੀ ਇਸ ਘਟਨਾ ਨੇ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਜਦੋਂ ਪੁਲਿਸ ਦੀਆਂ ਕਈ ਗੱਡੀਆਂ ਅਚਾਨਕ ਇੱਕ ਜਾਇਦਾਦ ਦੇ ਬਾਹਰ ਪਹੁੰਚ ਗਈਆਂ।



ਸਾਨਿਚ ਪੁਲਿਸ ਵੱਲੋਂ ਜਾਰੀ ਕੀਤੀ ਗਈ ਇੱਕ ਪ੍ਰੈਸ ਰਿਲੀਜ਼ ਅਨੁਸਾਰ ਅਧਿਕਾਰੀਆਂ ਨੂੰ ਸਵੇਰੇ 11 ਵਜੇ ਤੋਂ ਥੋੜ੍ਹਾ ਸਮਾਂ ਪਹਿਲਾਂ ਬੈਟਲਫੋਰਡ ਐਵੇਨਿਊ ਦੇ 100 ਬਲਾਕ ਵਿੱਚ ਇੱਕ ਘਰ ਦਾ ਤਾਲਾ ਤੋੜ ਕੇ ਅੰਦਰ ਦਾਖਲ ਹੋਣ ਦੀ ਰਿਪੋਰਟ ਮਿਲੀ ਸੀ। ਇਸ ਸੂਚਨਾ ਦੇ ਮਿਲਦਿਆਂ ਹੀ ਪੁਲਿਸ ਵਿਭਾਗ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਕਾਰਵਾਈ ਸ਼ੁਰੂ ਕਰ ਦਿੱਤੀ। ਕਈ ਘੰਟਿਆਂ ਦੀ ਭਾਰੀ ਜੱਦੋਜਹਿਦ ਅਤੇ ਪੁਲਿਸ ਦੀ ਸੂਝਬੂਝ ਨਾਲ ਇਹ ਬੈਰੀਕੇਡ ਸਥਿਤੀ ਦੁਪਹਿਰ ਲਗਭਗ 2:30 ਵਜੇ ਸੁਲਝਾ ਲਈ ਗਈ। ਪੁਲਿਸ ਅਧਿਕਾਰੀਆਂ ਨੇ ਬਿਨਾਂ ਕਿਸੇ ਜਾਨੀ ਨੁਕਸਾਨ ਜਾਂ ਹਿੰਸਕ ਘਟਨਾ ਦੇ ਘਰ ਦੇ ਅੰਦਰ ਮੌਜੂਦ ਸਾਰੇ 7 ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਸਾਰੀ ਕਾਰਵਾਈ ਦੌਰਾਨ ਇਲਾਕੇ ਦੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ ਗਈ ਸੀ। ਪੁਲਿਸ ਨੇ ਆਪਣੇ ਬਿਆਨ ਵਿੱਚ ਸ਼ਾਮਲ ਕੀਤਾ ਹੈ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਅਜੇ ਵੀ ਜਾਰੀ ਹੈ ਅਤੇ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਸ ਘੁਸਪੈਠ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। This report was written by Ekjot Singh as part of the Local Journalism Initiative.

# ਬੀਸੀ ਦੇ ਬਜ਼ੁਰਗਾਂ ਵਿੱਚ ਵੱਧ ਰਹੀ ਦਾਰੂ ਪੀਣ ਦੀ ਆਦਤ, ਸਿਹਤ ਵਿਭਾਗ ਨੇ ਜਤਾਈ ਚਿੰਤਾ




ਸਰੀ, (ਏਕਜੋਤ ਸਿੰਘ): ਬੀਸੀ ਦੇ ਬਜ਼ੁਰਗ ਪੁਰਸ਼ਾਂ ਵਿੱਚ ਸਭ ਤੋਂ ਵੱਧ ਪੀਣ ਦੀ ਆਦਤ ਸਾਹਮਣੇ ਆਈ ਹੈ ਅਤੇ ਇਸ ਨੂੰ ਲੈ ਕੇ ਸਿਹਤ ਵਿਭਾਗ ਨੇ ਡੂੰਘੀ ਚਿੰਤਾ ਜਤਾਈ ਹੈ। ਪ੍ਰੋਵਿੰਸ਼ੀਅਲ ਹੈਲਥ ਅਫਸਰ ਦੇ ਦਫਤਰ ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਵਿੱਚ ਇਹ ਅਹਿਮ ਖੁਲਾਸਾ ਹੋਇਆ ਹੈ। ਰਿਪੋਰਟ ਅਨੁਸਾਰ ਸੂਬੇ ਵਿੱਚ ਸਭ ਤੋਂ ਵੱਧ ਅਲਕੋਹਲ ਦੀ ਖਪਤ ਬਜ਼ੁਰਗ ਪੁਰਸ਼ਾਂ ਦੁਆਰਾ ਕੀਤੀ ਜਾਂਦੀ ਹੈ ਜੋ ਹਫਤੇ ਵਿੱਚ ਔਸਤਨ 15 ਡਰਿੰਕਸ ਲੈਂਦੇ ਹਨ। ਇਸੇ ਕਾਰਨ ਇਸ ਉਮਰ ਵਰਗ ਵਿੱਚ ਅਲਕੋਹਲ ਕਾਰਨ ਹੋਣ ਵਾਲੀਆਂ ਮੌਤਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਦੀ ਦਰ ਬਾਕੀ ਆਬਾਦੀ ਨਾਲੋਂ ਕਾਫੀ ਜ਼ਿਆਦਾ ਦਰਜ ਕੀਤੀ ਗਈ ਹੈ।

ਭਾਵੇਂ ਬਜ਼ੁਰਗਾਂ ਵਿੱਚ ਅੰਕੜੇ ਚਿੰਤਾਜਨਕ ਹਨ ਪਰ ਸਮੁੱਚੇ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਲੋਕਾਂ ਦੁਆਰਾ ਅਲਕੋਹਲ ਦੀ ਖਪਤ ਵਿੱਚ ਕਮੀ ਆਈ ਹੈ। ਇਸਦੇ ਬਾਵਜੂਦ ਇਹ ਅਜੇ ਵੀ ਰਾਸ਼ਟਰੀ ਔਸਤ ਨਾਲੋਂ ਕੁੱਝ ਜ਼ਿਆਦਾ ਬਣੀ ਹੋਈ ਹੈ। ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਸਾਲ 2023 ਤੱਕ ਬੀਸੀ ਵਿੱਚ ਇੱਕ ਵਿਅਕਤੀ ਔਸਤਨ ਹਫਤੇ ਵਿੱਚ 8.8 ਸਟੈਂਡਰਡ ਡਰਿੰਕਸ ਦੀ ਖਪਤ ਕਰ ਰਿਹਾ ਹੈ ਜਦਕਿ ਕੈਨੇਡਾ ਦੀ ਰਾਸ਼ਟਰੀ ਔਸਤ 8.2 ਡਰਿੰਕਸ ਪ੍ਰਤੀ ਹਫਤਾ ਹੈ। ਕੈਨੇਡਾ ਦੇ ਸਿਹਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਦੇ ਜੋਖਮਾਂ ਤੋਂ ਬਚਣ ਲਈ ਹਫਤੇ ਵਿੱਚ ਸਿਰਫ਼ 1 ਤੋਂ 2 ਡਰਿੰਕਸ ਦੀ ਹੀ ਸਿਫਾਰਸ਼ ਕੀਤੀ ਜਾਂਦੀ ਹੈ।

ਬੀਸੀ ਦੀ ਮੁੱਖ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਨੇ ਰਿਪੋਰਟ ਜਾਰੀ ਕਰਦਿਆਂ ਸਪੱਸ਼ਟ ਕੀਤਾ ਕਿ ਸਿਹਤ ਦੇ ਲਿਹਾਜ਼ ਨਾਲ ਜਿੰਨਾ ਘੱਟ ਪੀਤਾ ਜਾਵੇ ਉੱਨਾ ਹੀ ਬਿਹਤਰ ਹੁੰਦਾ ਹੈ। ਉਹਨਾਂ ਕਿਹਾ ਕਿ ਖੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਘੱਟ ਉਪਭੋਗ ਸਰੀਰਕ ਸਿਹਤ ਨੂੰ ਲੰਬੇ ਸਮੇਂ ਤੱਕ ਠੀਕ ਰੱਖਦਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਇਸ ਖਪਤ ਵਿੱਚ ਇੱਕ ਵਾਰ ਭਾਰੀ ਉਛਾਲ ਦੇਖਣ ਨੂੰ ਮਿਲਿਆ ਸੀ ਪਰ ਹੁਣ ਇਹ ਬੀਸੀ ਵਿੱਚ ਪਿਛਲੇ 20 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਨੌਜਵਾਨਾਂ ਵਿੱਚ ਵੀ ਇਸਦੀ ਵਰਤੋਂ ਘਟੀ ਹੈ ਹਾਲਾਂਕਿ 12 ਤੋਂ 19 ਸਾਲ ਦੀ ਉਮਰ ਦੇ 38 ਫੀਸਦੀ ਨੌਜਵਾਨਾਂ ਨੇ ਮੰਨਿਆ ਕਿ ਉਹਨਾਂ ਨੇ ਕਦੇ ਨਾ ਕਦੇ ਇਸਦਾ ਸੇਵਨ ਜ਼ਰੂਰ ਕੀਤਾ ਹੈ।

ਅੰਕੜਿਆਂ ਮੁਤਾਬਕ ਸੂਬੇ ਦੇ ਇੰਟੀਰੀਅਰ ਨੌਰਦਰਨ ਅਤੇ ਆਈਲੈਂਡ ਹੈਲਥ ਖੇਤਰਾਂ ਵਿੱਚ ਪ੍ਰਤੀ ਵਿਅਕਤੀ ਪੀਣ ਦੀ ਦਰ ਸਭ ਤੋਂ ਵੱਧ ਦਰਜ ਕੀਤੀ ਗਈ ਹੈ। ਹੈਲਥ ਅਫਸਰ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਉਹ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਸਖ਼ਤ ਨੀਤੀਆਂ ਬਣਾਉਣ ਵੱਲ ਧਿਆਨ ਦੇਵੇ। ਇਹਨਾਂ ਸਿਫਾਰਸ਼ਾਂ ਵਿੱਚ ਪੈਕੇਜਿੰਗ 'ਤੇ ਚੇਤਾਵਨੀ ਲੇਬਲ ਲਗਾਉਣਾ ਅਤੇ ਅਲਕੋਹਲ ਦੀਆਂ ਕੀਮਤਾਂ ਨੂੰ ਉਸਦੀ ਮਾਤਰਾ ਦੀ ਬਜਾਏ ਉਸ ਵਿੱਚ ਮੌਜੂਦ ਨਸ਼ੇ ਦੇ ਫੀਸਦੀ ਦੇ ਆਧਾਰ 'ਤੇ ਤੈਅ ਕਰਨਾ ਸ਼ਾਮਲ ਕੀਤਾ ਗਿਆ ਹੈ। ਇਹਨਾਂ ਕਦਮਾਂ ਨਾਲ ਲੋਕਾਂ ਨੂੰ ਸੂਚਿਤ ਅਤੇ ਸਹੀ ਫੈਸਲੇ ਲੈਣ ਵਿੱਚ ਕਾਫੀ ਮਦਦ ਮਿਲ ਸਕੇਗੀ।



# ਵਿਕਟੋਰੀਆ ਹਸਪਤਾਲ ਫਾਊਂਡੇਸ਼ਨ ਦੇ ਗਾਲਾ ਸਮਾਗਮ ਵਿੱਚ 1.43 ਮਿਲੀਅਨ ਡਾਲਰ ਹੋਏ ਇਕੱਠੇ

## ਕੈਂਸਰ ਦੇ ਇਲਾਜ ਲਈ ਆਧੁਨਿਕ ਉਪਕਰਨਾਂ ਦੀ ਖਰੀਦ ਲਈ ਭਾਰੀ ਫੰਡ ਜੁਟਾਇਆ


ਸਰੀ, (ਏਕਜੋਤ ਸਿੰਘ): ਵਿਕਟੋਰੀਆ ਹਸਪਤਾਲ ਫਾਊਂਡੇਸ਼ਨ ਦੇ ਸਮਰਥਨ ਵਿੱਚ ਸ਼ਹਿਰ ਦੇ 250 ਅਹਿਮ ਆਗੂਆਂ ਨੇ ਰਾਇਲ ਰੋਡਜ਼ ਯੂਨੀਵਰਸਿਟੀ ਵਿਖੇ ਆਯੋਜਿਤ ਪੰਜਵੇਂ ਸਾਲਾਨਾ ਮਿਰੇਕਲ ਗਾਲਾ ਵਿੱਚ ਸ਼ਿਰਕਤ ਕੀਤੀ। ਇਸ ਸ਼ਾਨਦਾਰ ਸਮਾਗਮ ਦੌਰਾਨ ਫਾਊਂਡੇਸ਼ਨ ਦੀ 'ਇਟਸ ਟਾਈਮ' ਮੁਹਿੰਮ ਲਈ 1.43 ਮਿਲੀਅਨ ਡਾਲਰ ਦੀ ਭਾਰੀ ਰਕਮ ਇਕੱਠੀ ਕੀਤੀ ਗਈ ਹੈ। ਇਹ ਫੰਡ ਕੈਂਸਰ ਦੇ ਇਲਾਜ ਲਈ 60 ਵਿਸ਼ੇਸ਼ ਸਰਜੀਕਲ ਓਨਕੋਲੋਜੀ ਉਪਕਰਨਾਂ ਦੀ ਖਰੀਦ ਲਈ ਵਰਤਿਆ ਜਾਵੇਗਾ। ਸਥਾਨਕ ਸਰਜਨਾਂ ਵੱਲੋਂ ਇਨ੍ਹਾਂ ਉਪਕਰਨਾਂ ਨੂੰ ਵੈਨਕੂਵਰ ਆਈਲੈਂਡ 'ਤੇ ਕੈਂਸਰ ਕੇਅਰ ਦੀ ਉੱਨਤੀ ਲਈ ਬਹੁਤ ਜ਼ਰੂਰੀ ਦੱਸਿਆ ਗਿਆ ਹੈ। ਵਿਕਟੋਰੀਆ ਹਸਪਤਾਲ ਫਾਊਂਡੇਸ਼ਨ ਦੇ ਸੀਈਓ ਐਵਰੀ ਬ੍ਰੋਹਮੈਨ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਦੱਸਿਆ ਕਿ ਇਹ ਮੁਹਿੰਮ ਸਥਾਨਕ ਸਰਜਨਾਂ ਅਤੇ ਦੇਖਭਾਲ ਟੀਮਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ




ਕਿ ਇਹ ਆਗੂ ਨਾ ਸਿਰਫ ਵੈਨਕੂਵਰ ਆਈਲੈਂਡ 'ਤੇ ਮੈਡੀਕਲ ਦੇ ਭਵਿੱਖ ਨੂੰ ਬਿਹਤਰ ਬਣਾ ਰਹੇ ਹਨ ਬਲਕਿ ਪੂਰੇ ਦੇਸ਼ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਤਰੀਕੇ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ। ਕੋਲੋਰੈਕਟਲ ਸਰਜਨ ਡਾਕਟਰ ਸੇਪੇਹਰ ਖੁਰਾਸਾਨੀ ਨੇ 23 ਮਈ ਨੂੰ ਹੋਏ ਇਸ ਸਮਾਗਮ ਵਿੱਚ ਦੱਸਿਆ ਕਿ ਆਉਣ ਵਾਲੇ ਦਹਾਕੇ ਦੌਰਾਨ ਬ੍ਰਿਟਿਸ਼ ਕੋਲੰਬੀਆ ਵਿੱਚ ਕੈਂਸਰ ਦੇ ਮਾਮਲਿਆਂ ਵਿੱਚ ਲਗਭਗ 40 ਫੀਸਦੀ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਗਾਲਾ ਅਤੇ ਮੁਹਿੰਮ ਰਾਹੀਂ ਫੰਡ ਕੀਤੇ ਗਏ ਆਧੁਨਿਕ ਉਪਕਰਨ ਸਰਜੀਕਲ ਸੰਭਾਵਨਾਵਾਂ ਦਾ ਵਿਸਤਾਰ ਕਰਨਗੇ ਅਤੇ ਮਰੀਜ਼ਾਂ ਲਈ ਬਿਹਤਰ ਨਤੀਜੇ ਸਾਹਮਣੇ ਲਿਆਉਣਗੇ। ਡਾਕਟਰ ਖੁਰਾਸਾਨੀ ਨੇ ਕਿਹਾ ਕਿ ਅਸੀਂ ਦੇਸ਼ ਵਿੱਚ ਸਭ ਤੋਂ ਬਿਹਤਰੀਨ ਕੋਲੋਰੈਕਟਲ ਸਰਜਰੀ ਪ੍ਰੋਗਰਾਮਾਂ ਵਿੱਚੋਂ ਇੱਕ ਦਾ ਨਿਰਮਾਣ ਕਰ ਰਹੇ ਹਾਂ। ਗਾਇਨੀਕੋਲੋਜਿਕ ਓਨਕੋਲੋਜਿਸਟ ਡਾਕਟਰ ਮੋਨਾ ਮਜ਼ਗਾਨੀ ਨੇ ਇਸ ਗਾਲਾ ਦੇ ਪ੍ਰਭਾਵ ਨੂੰ ਸਵੀਕਾਰਦਿਆਂ ਦੱਸਿਆ ਕਿ ਪਿਛਲੇ ਸਾਲ ਦੇ ਗਾਲਾ ਰਾਹੀਂ ਸੰਭਵ ਹੋਏ ਦੂਜੇ ਆਪਰੇਟਿੰਗ ਰੂਮ ਦੇ ਲੈਸ ਹੋਣ ਤੋਂ ਬਾਅਦ ਪਹਿਲਾਂ ਹੀ 233 ਹੋਰ ਔਰਤਾਂ ਦੀ ਸਰਜਰੀ ਕੀਤੀ ਜਾ ਚੁੱਕੀ ਹੈ। ਗਾਲਾ ਕਮੇਟੀ ਦੀ ਚੇਅਰ ਐਮੀ ਰੈਟਕਲਿਫ ਨੇ ਕਿਹਾ ਕਿ ਅੱਜ ਰਾਤ ਅਸੀਂ ਜੋ ਰਕਮ ਇਕੱਠੀ ਕੀਤੀ ਹੈ ਉਹ ਸਿਰਫ ਇੱਕ ਸੰਖਿਆ ਨਹੀਂ ਹੈ ਬਲਕਿ ਇਹ ਓਨਕੋਲੋਜੀ ਉਪਕਰਨ ਦਾ ਇੱਕ ਹਿੱਸਾ ਹੈ ਜੋ ਕੈਂਸਰ ਨੂੰ ਜਲਦੀ ਫੜਨ ਵਿੱਚ ਮਦਦ ਕਰੇਗਾ। ਇਸ ਗਾਲਾ ਤੋਂ ਬਾਅਦ ਮੁਹਿੰਮ ਦਾ ਦੂਜਾ ਪੜਾਅ ਜਿਸ ਦਾ ਨਾਮ 'ਇਟਸ ਟਾਈਮ ਫਾਰ ਸਰਜੀਕਲ ਐਵੋਲੂਸ਼ਨ' ਹੈ ਆਪਣੇ 21 ਮਿਲੀਅਨ ਡਾਲਰ ਦੇ ਟੀਚੇ ਵਿੱਚੋਂ 19.5 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਫਾਊਂਡੇਸ਼ਨ ਦਾ ਕਹਿਣਾ ਹੈ ਕਿ ਤਿੰਨ ਰੋਬੋਟਿਕ ਸਰਜੀਕਲ ਸੂਟ ਅਤੇ 100 ਤੋਂ ਵੱਧ ਆਧੁਨਿਕ ਉਪਕਰਨਾਂ ਦੇ ਨਾਲ ਇਹ ਮੁਹਿੰਮ ਖੇਤਰ ਦੇ ਇਤਿਹਾਸ ਵਿੱਚ ਸਰਜੀਕਲ ਦੇਖਭਾਲ ਦਾ ਸਭ ਤੋਂ ਅਹਿਮ ਬਦਲਾਅ ਸਾਬਤ ਹੋਵੇਗੀ। This report was written by Ekjot Singh as part of the Local Journalism Initiative.

# ਔਨਲਾਈਨ ਸ਼ਿਕਾਰ ਬਣਾਉਣ ਵਾਲੇ ਭਾਰਤੀ ਰਾਮਾਨਨ ਪਥਮਨਾਥਨ ਨੂੰ 33 ਸਾਲ ਦੀ ਕੈਦ

ਸਰੀ, (ਏਕਜੋਤ ਸਿੰਘ): ਅਮਰੀਕਾ ਦੀ 1 ਅਦਾਲਤ ਨੇ ਟੋਰੌਂਟੋ ਦੇ ਰਹਿਣ ਵਾਲੇ 40 ਸਾਲਾ ਰਮਾਨਨ ਪਥਮਨਾਥਨ ਨੂੰ ਬੱਚਿਆਂ ਨਾਲ ਔਨਲਾਈਨ ਜਿਨਸੀ ਸ਼ੋਸ਼ਣ ਅਤੇ ਸੈਕਸਟੋਰਸ਼ਨ ਦੇ ਮਾਮਲੇ ਵਿੱਚ 33 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ ਦੋਸ਼ੀ ਕਈ ਸਾਲਾਂ ਤੱਕ ਇੰਟਰਨੈੱਟ ਰਾਹੀਂ 145 ਤੋਂ ਵੱਧ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਰਿਹਾ ਜਿਨ੍ਹਾਂ ਵਿੱਚ 6 ਸਾਲ ਤੱਕ ਦੇ ਮਾਸੂਮ ਬੱਚੇ ਵੀ ਸ਼ਾਮਲ ਸਨ। ਜਾਂਚਕਰਤਾਵਾਂ ਨੇ ਦੱਸਿਆ ਕਿ ਪਥਮਨਾਥਨ 7 ਸਾਲ ਤੱਕ ਆਪਣੇ ਆਪ ਨੂੰ ਨਿਊ ਜਰਸੀ ਦਾ 1 ਨੌਜਵਾਨ ਦੱਸ ਕੇ ਇੰਸਟਾਗ੍ਰਾਮ ਅਤੇ ਫੇਸਬੁੱਕ ਰਾਹੀਂ ਬੱਚਿਆਂ ਨਾਲ ਸੰਪਰਕ ਕਰਦਾ ਸੀ। ਜਾਣ ਪਛਾਣ ਬਣਨ ਤੋਂ ਬਾਅਦ ਉਹ ਬੱਚਿਆਂ ਨੂੰ ਵੀਡੀਓ ਚੈਟ ਦੌਰਾਨ ਅਸ਼ਲੀਲ ਹਰਕਤਾਂ ਕਰਨ ਲਈ ਮਜਬੂਰ ਕਰਦਾ ਸੀ। ਉਹ ਇਨ੍ਹਾਂ ਵੀਡੀਓਜ਼ ਨੂੰ ਰਿਕਾਰਡ ਕਰਕੇ ਰੱਖਦਾ ਸੀ ਅਤੇ ਬੱਚਿਆਂ ਵੱਲੋਂ ਇਨਕਾਰ



ਕਰਨ 'ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵੀਡੀਓ ਭੇਜਣ ਦੀ ਧਮਕੀ ਦਿੰਦਾ ਸੀ। ਇਸ ਮਾਮਲੇ ਦਾ ਖੁਲਾਸਾ ਉਦੋਂ ਹੋਇਆ ਜਦੋਂ 1 ਪੀੜਤ ਬੱਚੇ ਦੀ ਮਾਂ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਆਈਪੀ ਐਡਰੈੱਸ ਰਾਹੀਂ ਟੋਰੌਂਟੋ ਸਥਿਤ ਉਸ ਦੇ ਘਰ ਦਾ ਪਤਾ ਲਗਾਇਆ। ਕੈਨੇਡੀਅਨ ਅਧਿਕਾਰੀਆਂ ਨੇ ਮਾਰਚ 2021 ਵਿੱਚ ਉਸ ਦੇ ਘਰ ਦੀ ਤਲਾਸ਼ੀ ਲਈ ਸੀ। ਅਮਰੀਕੀ ਅਟਾਰਨੀ ਜੀਨਾਈਨ ਫੈਰਿਸ ਪਿਰੋ ਨੇ ਇਨ੍ਹਾਂ ਅਪਰਾਧਾਂ ਨੂੰ ਬੇਹੱਦ ਗੰਭੀਰ ਦੱਸਿਆ ਹੈ। This report was written by Ekjot Singh as part of the Local Journalism Initiative.


Valley Agro Ltd.

604-591-8594 #207a-8556 120 Street, Surrey, BC

ਸਾਨੂੰ ਸਰੀ-ਡੈਲਟਾ ਤੋਂ

ਬਲਿਊ ਬੇਰੀ ਪਿਕਰਾਂ ਦੀ ਲੋੜ

ਸਾਡੇ ਕੋਲ ਬਲਿਊਬੇਰੀ ਅਤੇ ਸਿਆਲੂ ਬੇਰੀ ਦਾ ਕੰਮ ਵੀ ਹੈ।

ਤੁਹਾਡੀ ਤੋੜੀ ਹੋਈ ਬਲਿਊਬੇਰੀ ਪੂਰੀ ਇਮਾਨਦਾਰੀ ਨਾਲ ਜੋਖੀ ਜਾਵੇਗੀ।

- ਘਰੋਂ ਲਿਜਾਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ।

- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

- ਤਨਖਾਹ ਹਰ ਦੋ ਹਫ਼ਤੇ ਬਾਅਦ ਦਿੱਤੀ ਜਾਵੇਗੀ।



ਬੇਰੀ ਤੋੜਨ ਦਾ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਵੇਗਾ।

ਰਵਿੰਦਰ ਕੌਰ ਰਾਏ
604-897-6410

ਸ੍ਰ. ਸੁਰਜੀਤ ਸਿੰਘ ਰੰਧਾਵਾ
604-325-7072 ਜਾਂ 604-591-8594
ਜਾਂ ਈ-ਮੇਲ ਕਰੋ : vagro@telus.net

# ਫੂਡ ਬੈਂਕਾਂ ਬਾਹਰ ਲੱਗੀਆਂ ਲਾਈਨਾਂ ਪੇਸ਼ ਕਰਦੀਆਂ ਕੈਨੇਡਾ ਦੇ ਢਾਂਚਾਗਤ ਸਿਸਟਮ ਦੀ ਅਸਫਲਤਾ ਦੀ ਤਸਵੀਰ

ਸੰਪਾਦਕੀ

ਕੈਨੇਡਾ ਵਰਗੇ ਵਿਕਸਤ ਅਤੇ ਅਮੀਰ ਦੇਸ਼ ਵਿੱਚ ਭੋਜਨ ਸੁਰੱਖਿਆ ਦਾ ਸੰਕਟ ਦਿਨੋਂ ਦਿਨ ਗਹਿਰਾ ਹੁੰਦਾ ਜਾ ਰਿਹਾ ਹੈ ਜੋ ਕਿ ਪੂਰੇ ਸਮਾਜ ਲਈ ਇੱਕ ਡੂੰਘੀ ਚਿੰਤਾ ਦਾ ਵਿਸ਼ਾ ਹੈ। ਅੰਕੜੇ ਅਤੇ ਜ਼ਮੀਨੀ ਹਕੀਕਤਾਂ ਇਹ ਸਪੱਸ਼ਟ ਤੌਰ ਉੱਤੇ ਸਾਬਤ ਕਰ ਰਹੀਆਂ ਹਨ ਕਿ ਦੇਸ਼ ਦੇ ਨਾਗਰਿਕ ਆਪਣੇ ਪਰਿਵਾਰਾਂ ਦਾ ਢਿੱਡ ਭਰਨ ਲਈ ਭਾਰੀ ਸੰਘਰਸ਼ ਕਰ ਰਹੇ ਹਨ। ਜਦੋਂ ਲੋਕਾਂ ਦੀ ਆਮਦਨ ਭੋਜਨ ਦੀਆਂ ਕੀਮਤਾਂ ਵਿੱਚ ਹੋ ਰਹੇ ਲਗਾਤਾਰ ਵਾਧੇ ਦਾ ਮੁਕਾਬਲਾ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਇਹ ਸਥਿਤੀ ਹੋਰ ਵੀ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ। ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਅਤੇ ਸਮਾਜਿਕ ਕਾਰਕੁੰਨ ਲਗਾਤਾਰ ਇਸ ਗੱਲ ਉੱਤੇ ਜ਼ੋਰ ਦੇ ਰਹੇ ਹਨ ਕਿ ਦੇਸ਼ ਆਪਣੇ ਲੋਕਾਂ ਨੂੰ ਭੋਜਨ ਦਾ ਮੌਲਿਕ ਅਧਿਕਾਰ ਦੇਣ ਵਿੱਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋ ਰਿਹਾ ਹੈ। ਕੈਨੇਡਾ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਆਮ ਲੋਕ ਇਸ ਮਹਿੰਗਾਈ ਦੀ ਮਾਰ ਝੱਲ ਰਹੇ ਹਨ ਅਤੇ ਆਰਥਿਕ ਤੰਗੀ ਕਾਰਨ ਭਿਆਨਕ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਅਨੁਸਾਰ ਪਿਛਲੇ ਸਾਲ ਲਗਭਗ 4 ਵਿੱਚੋਂ 1 ਕੈਨੇਡੀਅਨ ਅਜਿਹੇ ਪਰਿਵਾਰ ਵਿੱਚ ਰਹਿ ਰਿਹਾ ਸੀ ਜੋ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਿਹਾ ਸੀ। ਇਹ ਅੰਕੜੇ ਉਸੇ ਮਹੀਨੇ ਜਾਰੀ ਕੀਤੇ ਗਏ ਸਨ ਜਦੋਂ ਇਹ ਰਿਪੋਰਟ ਆਈ ਸੀ ਕਿ ਭੋਜਨ ਦੀਆਂ ਕੀਮਤਾਂ ਵਿੱਚ ਸਾਲ ਦਰ ਸਾਲ 3.5 ਫੀਸਦੀ ਦਾ ਵਾਧਾ ਹੋਇਆ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਫੈਡਰਲ ਸਰਕਾਰ ਅਤੇ ਸੂਬਾਈ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਆਮ ਲੋਕਾਂ ਨੂੰ ਬੁਨਿਆਦੀ ਰਾਹਤ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ।

ਇਸ ਗੰਭੀਰ ਸਥਿਤੀ ਬਾਰੇ ਫੂਡ ਸਕਿਓਰ ਕੈਨੇਡਾ ਦੀ ਕਾਰਜਕਾਰੀ ਨਿਰਦੇਸ਼ਕ ਮਾਰੀਸਾ ਅਲੈਗਜ਼ੈਂਡਰ ਦਾ ਕਹਿਣਾ ਹੈ ਕਿ ਇਹ ਹਾਲਾਤ ਬਹੁਤ ਹੀ ਡਰਾਉਣੇ ਅਤੇ ਭਿਆਨਕ ਹਨ। ਉਹਨਾਂ ਅਨੁਸਾਰ ਮੁੱਖ ਸਮੱਸਿਆ ਇਹ ਹੈ ਕਿ ਲੋਕਾਂ ਕੋਲ ਆਪਣੀ ਜੀਵਨ ਸ਼ੈਲੀ ਅਤੇ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨ ਬਿਲਕੁਲ ਨਹੀਂ ਹੈ। ਅਸੀਂ ਦੇਖ ਰਹੇ ਹਾਂ ਕਿ ਮੌਜੂਦਾ ਸਮੇਂ ਵਿੱਚ ਕਾਮਿਆਂ ਨੂੰ ਬਣਦੀਆਂ ਉਜਰਤਾਂ ਜਾਂ ਵਾਜਬ ਤਨਖਾਹਾਂ ਨਹੀਂ ਮਿਲ ਰਹੀਆਂ ਜਿਸ ਕਾਰਨ ਉਹਨਾਂ ਦੀ ਖਰੀਦ ਸ਼ਕਤੀ ਲਗਾਤਾਰ ਡਿੱਗ ਰਹੀ ਹੈ। ਇਸ ਦੇ ਨਾਲ ਹੀ ਰਿਹਾਇਸ਼ ਦੀਆਂ ਕੀਮਤਾਂ ਆਸਮਾਨ ਨੂੰ ਛੂਹ ਰਹੀਆਂ ਹਨ ਅਤੇ ਕਰਿਆਨੇ ਦਾ ਆਮ ਸਮਾਨ ਆਮ ਆਦਮੀ ਦੀ ਪਹੁੰਚ ਤੋਂ ਬਹੁਤ ਦੂਰ ਹੋ ਗਿਆ ਹੈ। ਜਦੋਂ ਤਨਖਾਹਾਂ ਉੱਥੇ ਹੀ ਖੜ੍ਹੀਆਂ ਰਹਿਣ ਅਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੇ ਰੇਟ ਲਗਾਤਾਰ ਵਧਦੇ ਜਾਣ ਤਾਂ ਸਮਾਜ ਦਾ ਇੱਕ ਵਿਆਪਕ ਹਿੱਸਾ ਗਰੀਬੀ ਰੇਖਾ ਵੱਲ ਧੱਕਿਆ ਜਾਂਦਾ ਹੈ। ਇਹ ਸਿਰਫ ਕੁਝ ਕੁ ਵਿਅਕਤੀਆਂ ਦੀ ਸਮੱਸਿਆ ਨਹੀਂ ਹੈ ਬਲਕਿ ਇਹ ਪੂਰੇ ਦੇਸ਼ ਦੇ ਅਰਥਚਾਰੇ ਦੀ ਬੁਨਿਆਦੀ ਖਾਮੀ ਨੂੰ ਉਜਾਗਰ ਕਰਦੀ ਹੈ। ਲੋਕ ਦਿਨ ਰਾਤ ਸਖਤ ਮਿਹਨਤ ਕਰਨ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਸਧਾਰਨ ਪੌਸ਼ਟਿਕ ਆਹਾਰ ਦੇਣ ਤੋਂ ਵੀ ਅਸਮਰੱਥ ਮਹਿਸੂਸ ਕਰ ਰਹੇ ਹਨ। ਇਸ ਚਿੰਤਾਜਨਕ ਆਰਥਿਕ ਪਾੜੇ ਨੇ ਸਮਾਜ ਵਿੱਚ ਅਸਮਾਨਤਾ ਨੂੰ ਬਹੁਤ ਡੂੰਘਾ ਕਰ ਦਿੱਤਾ ਹੈ ਅਤੇ ਕੰਮਕਾਜੀ ਵਰਗ ਦਾ ਆਰਥਿਕ ਲੱਕ ਤੋੜ ਕੇ ਰੱਖ ਦਿੱਤਾ ਹੈ।

ਜੇਕਰ ਅਸੀਂ ਵੱਖ ਵੱਖ ਸੂਬਿਆਂ ਦੇ ਅੰਕੜਿਆਂ ਉੱਤੇ ਬਾਰੀਕੀ ਨਾਲ ਨਜ਼ਰ ਮਾਰੀਏ ਤਾਂ ਸਥਿਤੀ ਦੀ ਗੰਭੀਰਤਾ ਹੋਰ ਵੀ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ। ਜ਼ਿਆਦਾਤਰ ਸੂਬਿਆਂ ਵਿੱਚ 23 ਤੋਂ 28 ਫੀਸਦੀ ਲੋਕ ਭੋਜਨ ਪੱਖੋਂ ਅਸੁਰੱਖਿਅਤ ਪਰਿਵਾਰਾਂ ਵਿੱਚ ਰਹਿਣ ਲਈ ਮਜਬੂਰ ਹਨ। ਇਸ ਮਾਮਲੇ ਵਿੱਚ ਸਿਰਫ ਕਿਊਬਿਕ ਹੀ ਅਜਿਹਾ ਸੂਬਾ ਹੈ ਜੋ ਇਸ ਦਾਇਰੇ ਤੋਂ ਬਾਹਰ ਹੈ ਜਿੱਥੇ ਇਹ ਦਰ 18 ਫੀਸਦੀ ਦਰਜ ਕੀਤੀ ਗਈ ਹੈ ਜੋ ਕਿ ਮੁਕਾਬਲਤਨ ਬਿਹਤਰ ਹੈ ਪਰ ਫਿਰ ਵੀ ਚਿੰਤਾ ਮੁਕਤ ਨਹੀਂ ਹੈ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਇਹ ਅੰਕੜੇ 15 ਤੋਂ 16 ਫੀਸਦੀ ਦੇ ਵਿਚਕਾਰ ਰਹੇ ਹਨ। ਪਰ ਨੂਨਾਵੁਤ ਦੀ ਸਥਿਤੀ ਸਭ ਤੋਂ ਵੱਧ ਭਿਆਨਕ ਹੈ ਜਿੱਥੇ ਰਿਕਾਰਡ 56 ਫੀਸਦੀ ਵਸਨੀਕ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿੱਥੇ ਦੋ ਡੰਗ ਦਾ ਲੋੜੀਂਦਾ ਭੋਜਨ ਉਪਲਬਧ ਨਹੀਂ ਹੈ। ਇਹ ਖੇਤਰੀ ਅਸਮਾਨਤਾ ਦਰਸਾਉਂਦੀ ਹੈ ਕਿ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਰੋਤਾਂ ਦੀ ਵੰਡ ਬਿਲਕੁਲ ਵੀ ਬਰਾਬਰ ਨਹੀਂ ਹੈ ਅਤੇ ਉੱਤਰੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਲਈ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਫੈਡਰਲ ਨੀਤੀਆਂ ਨੂੰ ਇਹਨਾਂ ਵਿਸ਼ੇਸ਼ ਖੇਤਰਾਂ ਦੀਆਂ ਲੋੜਾਂ ਅਨੁਸਾਰ ਢਾਲਣ ਦੀ ਸਖਤ ਅਤੇ ਤੁਰੰਤ ਜ਼ਰੂਰਤ ਹੈ ਤਾਂ ਜੋ ਉੱਥੋਂ ਦੇ ਨਾਗਰਿਕਾਂ ਨੂੰ ਭੁੱਖਮਰੀ ਵਰਗੇ ਬਦਤਰ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪਵੇ। ਨੂਨਾਵੁਤ ਵਿੱਚ ਅੱਧੀ ਤੋਂ ਵੱਧ ਆਬਾਦੀ ਦਾ ਆਮ ਭੋਜਨ ਲਈ ਤਰਸਣਾ ਇੱਕ ਵਿਕਸਤ ਦੇਸ਼ ਦੀਆਂ ਨੀਤੀਆਂ ਉੱਤੇ ਗਹਿਰਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ।

ਓਨਟਾਰੀਓ ਦੇ ਪੀਟਰਬਰੋ ਵਰਗੀਆਂ ਥਾਵਾਂ ਉੱਤੇ ਇਸ ਆਰਥਿਕ ਸੰਕਟ ਦਾ ਸਿੱਧਾ ਅਸਰ ਫੂਡ ਬੈਂਕਾਂ ਅਤੇ ਹੋਰ ਸਹਾਇਤਾ ਸੰਸਥਾਵਾਂ ਦੀ ਕਾਰਜਪ੍ਰਣਾਲੀ ਉੱਤੇ ਪੈ ਰਿਹਾ ਹੈ। ਇਹਨਾਂ ਸੰਸਥਾਵਾਂ ਵਿੱਚ ਮਦਦ ਲਈ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ ਹੈ। ਕਵਾਰਥਾ ਲੇਕਸ ਫੂਡ ਸੋਰਸ ਦੀ ਕਾਰਜਕਾਰੀ ਨਿਰਦੇਸ਼ਕ ਐਸ਼ਲੇ ਐਂਡਰਸਨ ਦਾ ਕਹਿਣਾ ਹੈ ਕਿ ਸਾਲ ਦੇ ਇਸ ਸਮੇਂ ਦੌਰਾਨ ਉਹਨਾਂ ਨੂੰ ਆਪਣੇ ਸੀਮਤ ਸਰੋਤਾਂ ਨੂੰ ਬਹੁਤ ਸੋਚ ਸਮਝ ਕੇ ਵਰਤਣਾ ਪੈਂਦਾ ਹੈ ਕਿਉਂਕਿ ਆਮ ਲੋਕਾਂ ਵੱਲੋਂ ਆਉਣ ਵਾਲਾ ਦਾਨ ਕਾਫੀ ਹੱਦ ਤੱਕ ਘੱਟ ਜਾਂਦਾ ਹੈ। ਦਾਨ ਵਿੱਚ ਆਈ ਇਹ ਕਮੀ ਇਸ ਗੱਲ ਦਾ ਵੀ ਠੋਸ ਸੰਕੇਤ ਹੈ ਕਿ ਜੋ ਮੱਧ ਵਰਗੀ ਲੋਕ ਪਹਿਲਾਂ ਖੁੱਲ੍ਹ ਕੇ ਦਾਨ ਕਰਦੇ ਸਨ ਹੁਣ ਉਹ ਖੁਦ ਵੀ ਆਰਥਿਕ ਤੰਗੀ ਦਾ ਡਟਵਾਂ ਸਾਹਮਣਾ ਕਰ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਫੂਡ ਬੈਂਕਾਂ ਦੀਆਂ ਕਤਾਰਾਂ ਵਿੱਚ ਹੁਣ ਉਹ ਲੋਕ ਵੀ ਸ਼ਾਮਲ ਹਨ ਜੋ ਪੂਰਾ ਸਮਾਂ ਨੌਕਰੀਆਂ ਕਰਦੇ ਹਨ। ਐਸ਼ਲੇ ਐਂਡਰਸਨ ਅਨੁਸਾਰ ਵੇਟਿੰਗ ਰੂਮ ਵਿੱਚ ਬੈਠੇ ਲੋਕ ਅਕਸਰ ਗੈਸ ਦੀਆਂ ਵਧੀਆਂ ਕੀਮਤਾਂ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਦੇ ਰੋਜ਼ਾਨਾ ਖਰਚਿਆਂ ਬਾਰੇ ਗੱਲਾਂ ਕਰਦੇ ਸੁਣੇ ਜਾਂਦੇ ਹਨ। ਇਹ ਫੂਡ ਬੈਂਕ ਹਰ ਮਹੀਨੇ 1000 ਤੋਂ ਵੱਧ ਮੁਲਾਕਾਤਾਂ ਦਰਜ ਕਰ ਰਿਹਾ ਹੈ ਜੋ ਕਿ ਪ੍ਰਸ਼ਾਸਨ ਲਈ ਸ਼ਰਮਨਾਕ ਹੈ। ਇਹ ਦਰਸਾਉਂਦਾ ਹੈ ਕਿ ਸਖਤ ਮਿਹਨਤ ਕਰਨ ਦੇ ਬਾਵਜੂਦ ਲੋਕ ਆਪਣਾ ਗੁਜ਼ਾਰਾ ਸੁਚੱਜੇ ਢੰਗ ਨਾਲ ਨਹੀਂ ਕਰ ਪਾ ਰਹੇ ਅਤੇ ਉਹਨਾਂ ਨੂੰ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਚੈਰਿਟੀ ਦੀ ਰੋਟੀ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ।

ਲੇਕਲੈਂਡਜ਼ ਪਬਲਿਕ ਹੈਲਥ ਜਿਸ ਵਿੱਚ ਪੀਟਰਬਰੋ ਵੀ ਸ਼ਾਮਲ ਹੈ ਨੇ ਹਾਲ ਹੀ ਵਿੱਚ ਅਹਿਮ ਅੰਕੜੇ ਜਾਰੀ ਕੀਤੇ ਹਨ ਜੋ ਦੱਸਦੇ ਹਨ ਕਿ ਸਾਲ 2022 ਤੋਂ 2024 ਤੱਕ 22.3 ਫੀਸਦੀ ਪਰਿਵਾਰ ਭੋਜਨ ਪੱਖੋਂ ਪੂਰੀ ਤਰ੍ਹਾਂ ਅਸੁਰੱਖਿਅਤ ਸਨ। ਇਹਨਾਂ ਅੰਕੜਿਆਂ ਵਿੱਚ ਘੱਟੋ ਘੱਟ ਉਜਰਤ ਉੱਤੇ ਕੰਮ ਕਰਨ ਵਾਲੇ ਪਰਿਵਾਰ ਓਨਟਾਰੀਓ ਵਰਕਸ ਸਹਾਇਤਾ ਪ੍ਰਾਪਤ ਕਰਨ ਵਾਲੇ ਕਮਜ਼ੋਰ ਲੋਕ ਅਤੇ ਓਨਟਾਰੀਓ ਡਿਸਏਬਿਲਿਟੀ ਸਪੋਰਟ ਪ੍ਰੋਗਰਾਮ ਉੱਤੇ ਨਿਰਭਰ ਇਕੱਲੇ ਵਿਅਕਤੀ ਸ਼ਾਮਲ ਸਨ। ਰਿਹਾਇਸ਼ ਦਾ ਭਾਰੀ ਕਿਰਾਇਆ ਅਤੇ ਮਹਿੰਗੇ ਭੋਜਨ ਦਾ ਖਰਚਾ ਮਿਲ ਕੇ ਲੋਕਾਂ ਦੀ ਆਮਦਨ ਦਾ ਐਨਾ ਅਹਿਮ ਹਿੱਸਾ ਨਿਗਲ ਜਾਂਦੇ ਹਨ ਕਿ ਬਾਕੀ ਬੁਨਿਆਦੀ ਲੋੜਾਂ ਲਈ ਉਹਨਾਂ ਕੋਲ ਨਾ ਮਾਤਰ ਪੈਸੇ ਹੀ ਬਚਦੇ ਹਨ। ਉਦਾਹਰਣ ਵਜੋਂ ਜੇਕਰ ਚਾਰ ਜੀਆਂ ਦਾ ਇੱਕ ਪਰਿਵਾਰ ਘੱਟੋ ਘੱਟ ਉਜਰਤ ਉੱਤੇ ਕੰਮ ਕਰਦਾ ਹੈ ਅਤੇ ਤਿੰਨ ਬੈੱਡਰੂਮ ਵਾਲੇ ਅਪਾਰਟਮੈਂਟ ਵਿੱਚ ਰਹਿੰਦਾ ਹੈ ਤਾਂ ਉਹ ਆਪਣੀ ਕੁੱਲ ਆਮਦਨ ਦਾ 71 ਫੀਸਦੀ ਹਿੱਸਾ ਸਿਰਫ ਕਿਰਾਏ ਉੱਤੇ ਖਰਚ ਕਰਨ ਲਈ ਮਜਬੂਰ ਹੈ। ਇਸ ਤੋਂ ਬਾਅਦ ਉਹਨਾਂ ਕੋਲ ਹੋਰ ਸਾਰੇ ਜ਼ਰੂਰੀ ਖਰਚਿਆਂ ਲਈ ਸਿਰਫ 1432 ਡਾਲਰ ਬਚਦੇ ਹਨ ਜਿਸ ਵਿੱਚ ਬਿਜਲੀ ਪਾਣੀ ਅਤੇ ਆਵਾਜਾਈ ਸ਼ਾਮਲ ਹੈ। ਪਰ ਇਸ ਤੋਂ ਵੀ ਭਿਆਨਕ ਸਥਿਤੀ ਓਨਟਾਰੀਓ ਵਰਕਸ ਉੱਤੇ ਨਿਰਭਰ ਪਰਿਵਾਰਾਂ ਦੀ ਬਣੀ ਹੋਈ ਹੈ। ਅਜਿਹਾ ਪਰਿਵਾਰ ਆਪਣੀ ਆਮਦਨ ਦਾ ਲਗਭਗ 120 ਫੀਸਦੀ ਹਿੱਸਾ ਕਿਰਾਏ ਅਤੇ ਭੋਜਨ ਉੱਤੇ ਖਰਚ ਕਰ ਦਿੰਦਾ ਹੈ ਜਿਸ ਕਾਰਨ ਉਹਨਾਂ ਸਿਰ ਕਰਜ਼ਾ ਚੜ੍ਹ ਜਾਂਦਾ ਹੈ ਅਤੇ ਉਹਨਾਂ ਦਾ ਬਕਾਇਆ ਮਾਈਨਸ 666 ਡਾਲਰ ਰਹਿ ਜਾਂਦਾ ਹੈ। ਇਹ ਗਣਿਤ ਸਾਬਤ ਕਰਦਾ ਹੈ ਕਿ ਮੌਜੂਦਾ ਸਿਸਟਮ ਗਰੀਬਾਂ ਨੂੰ ਹੋਰ ਗਰੀਬ ਬਣਾਉਣ ਅਤੇ ਉਹਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾਉਣ ਦਾ ਕੰਮ ਕਰ ਰਿਹਾ ਹੈ।

ਇਹ ਆਰਥਿਕ ਅੰਕੜੇ ਤੁਹਾਡੇ ਰਹਿਣ ਵਾਲੇ ਸਥਾਨ ਦੇ ਆਧਾਰ ਉੱਤੇ ਵੱਖੋ ਵੱਖਰੇ ਹੋ ਸਕਦੇ ਹਨ ਪਰ ਸੰਕਟ ਹਰ ਜਗ੍ਹਾ ਮੌਜੂਦ ਹੈ। ਵਿੰਡਸਰ ਓਨਟਾਰੀਓ ਵਿੱਚ ਘੱਟੋ ਘੱਟ ਉਜਰਤ ਕਮਾਉਣ ਵਾਲਾ ਚਾਰ ਜੀਆਂ ਦਾ ਪਰਿਵਾਰ ਕਿਰਾਇਆ ਅਤੇ ਭੋਜਨ ਦਾ ਭੁਗਤਾਨ ਕਰਨ ਤੋਂ ਬਾਅਦ ਬਾਕੀ ਖਰਚਿਆਂ ਲਈ 2644 ਡਾਲਰ ਬਚਾ ਸਕਦਾ ਹੈ। ਦੂਜੇ ਪਾਸੇ ਵਿੰਡਸਰ ਐਸੈਕਸ ਕਾਊਂਟੀ ਹੈਲਥ ਯੂਨਿਟ ਅਨੁਸਾਰ ਉਸੇ ਸ਼ਹਿਰ ਵਿੱਚ ਓਨਟਾਰੀਓ ਵਰਕਸ ਉੱਤੇ ਨਿਰਭਰ ਪਰਿਵਾਰ ਕੋਲ ਸਾਰੇ ਬੁਨਿਆਦੀ ਖਰਚੇ ਕੱਢਣ ਮਗਰੋਂ ਸਿਰਫ 545 ਡਾਲਰ ਬਚਦੇ ਹਨ ਜੋ ਕਿ ਜਿਉਂਦਾ ਰਹਿਣ ਲਈ ਨਾਕਾਫੀ ਹਨ। ਮਾਰੀਸਾ ਅਲੈਗਜ਼ੈਂਡਰ ਦਾ ਕਹਿਣਾ ਹੈ ਕਿ ਇਹਨਾਂ ਅੰਕੜਿਆਂ ਨੂੰ ਦੇਖ ਕੇ ਭਾਵੇਂ ਉਪਰਲੇ ਤੌਰ ਉੱਤੇ ਲੱਗ ਸਕਦਾ ਹੈ ਕਿ ਘੱਟੋ ਘੱਟ ਉਜਰਤ ਵਾਲਾ ਪਰਿਵਾਰ ਵਿੱਤੀ ਤੌਰ ਉੱਤੇ ਥੋੜ੍ਹੀ ਬਿਹਤਰ ਸਥਿਤੀ ਵਿੱਚ ਹੈ ਪਰ ਅਸਲੀਅਤ ਵਿੱਚ ਹਰ ਕੋਈ ਜ਼ਿੰਦਗੀ ਨਾਲ ਸੰਘਰਸ਼ ਕਰ ਰਿਹਾ ਹੈ। ਪਹਿਲਾਂ ਸਮਾਜ ਵਿੱਚ ਇਹ ਗਲਤ ਧਾਰਨਾਵਾਂ ਪ੍ਰਚਲਿਤ ਸਨ ਕਿ ਸਿਰਫ ਕੁਝ ਖਾਸ ਲੋਕ ਹੀ ਭੋਜਨ ਅਸੁਰੱਖਿਆ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਇਸ ਨੂੰ ਉਹਨਾਂ ਦੀਆਂ ਨਿੱਜੀ ਨਾਕਾਮੀਆਂ ਮੰਨਿਆ ਜਾਂਦਾ ਸੀ। ਪਰ ਸਮਾਜਿਕ ਸੰਸਥਾਵਾਂ ਲਗਾਤਾਰ ਇਹ ਠੋਸ ਦਲੀਲ ਦੇ ਰਹੀਆਂ ਹਨ ਕਿ ਅਜਿਹਾ ਬਿਲਕੁਲ ਵੀ ਨਹੀਂ ਹੈ। ਇਹ ਕੋਈ ਵਿਅਕਤੀਗਤ ਅਸਫਲਤਾ ਨਹੀਂ ਹੈ ਬਲਕਿ ਇਹ ਪੂਰੀ ਤਰ੍ਹਾਂ ਇੱਕ ਪ੍ਰਣਾਲੀਗਤ ਢਾਂਚੇ ਅਤੇ ਸਿਸਟਮ ਦੀ ਅਸਫਲਤਾ ਹੈ। ਸਰਕਾਰਾਂ ਅਤੇ ਕਾਰਪੋਰੇਟ ਜਗਤ ਨੇ ਅਜਿਹਾ ਆਰਥਿਕ ਤਾਣਾ ਬਾਣਾ ਸਿਰਜ ਦਿੱਤਾ ਹੈ ਜਿੱਥੇ ਆਮ ਮਨੁੱਖ ਦਾ ਜਿਉਂਦਾ ਰਹਿਣਾ ਔਖਾ ਹੋ ਗਿਆ ਹੈ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International Punjabi Tribune

• Rachhpal Singh Gill
Editor
604-616-2171

Funded by the Government of Canada / Financé par le gouvernement du Canada — Canada

ADVISORY BOARD

• Gurlal Singh
Journalist

• Hardam Singh Maan
Surrey
604-308-6663

• Ekjot Singh
News Reporter

Printed & Published in Canada by : International Punjabi Tribune Inc.

604-616-2171
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਫਿਰੋਜ਼ਪੁਰ ਦੀ ਧੀ ਨੇ ਕੈਨੇਡਾ ਵਿੱਚ ਅੰਤਰਰਾਸ਼ਟਰੀ ਮੰਚ 'ਤੇ ਉਠਾਈ ਪੰਜਾਬ ਦੇ ਸਰਹੱਦੀ ਕਿਸਾਨਾਂ ਦੀ ਆਵਾਜ਼

ਵੈਨਕੂਵਰ, (ਹਰਦਮ ਮਾਨ): ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਸਥਿਤ 'ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ' ਵਿਖੇ ਕਰਵਾਏ ਗਏ 'ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਮੇਲਨ 2026' ਦੌਰਾਨ ਫਿਰੋਜ਼ਪੁਰ ਦੇ ਡੀ.ਸੀ. ਮਾਡਲ ਇੰਟਰਨੈਸ਼ਨਲ ਸਕੂਲ ਦੀ ਹੋਣਹਾਰ ਵਿਦਿਆਰਥਣ ਹੇਜ਼ਲ ਨੇ ਪੰਜਾਬ ਦੇ ਸਰਹੱਦੀ ਕਿਸਾਨਾਂ ਦੇ ਦਰਦ ਅਤੇ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾ ਕੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਵੱਕਾਰੀ ਸਮਾਗਮ ਵਿੱਚ ਵਿਸ਼ੇਸ਼ ਸੱਦਾ ਅਤੇ ਵਜ਼ੀਫ਼ਾ ਪ੍ਰਾਪਤ ਕਰਕੇ ਪਹੁੰਚੀ ਹੇਜ਼ਲ ਨੂੰ ਉਸਦੀ ਸ਼ਾਨਦਾਰ ਪੇਸ਼ਕਾਰੀ ਲਈ "ਸਭ ਤੋਂ ਨੌਜਵਾਨ ਡੈਲੀਗੇਟ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਵਿੱਚ ਵਿਸ਼ਵ ਦੇ 40 ਤੋਂ ਵੱਧ ਦੇਸ਼ਾਂ ਦੇ ਪ੍ਰਤੀਨਿਧ ਅਤੇ 100 ਤੋਂ ਵੱਧ ਪ੍ਰਮੁੱਖ ਭਾਗੀਦਾਰ ਮੌਜੂਦ ਸਨ, ਜਿਨ੍ਹਾਂ ਦੇ ਸਾਹਮਣੇ ਭਾਰਤ-ਪਾਕਿ ਸਰਹੱਦ 'ਤੇ ਵੱਸਦੇ ਹਜ਼ਾਰਾਂ ਪਰਿਵਾਰਾਂ ਦੀਆਂ ਮੁਸ਼ਕਿਲਾਂ ਨੂੰ ਬੜੀ ਬੇਬਾਕੀ ਨਾਲ ਰੱਖਿਆ ਗਿਆ।



ਆਪਣੇ ਪ੍ਰਭਾਵਸ਼ਾਲੀ ਭਾਸ਼ਣ ਦੌਰਾਨ ਹੇਜ਼ਲ ਨੇ ਦੱਸਿਆ ਕਿ ਸਾਲ 1947 ਦੀ ਵੰਡ ਤੋਂ ਬਾਅਦ ਬੇਘਰ ਹੋਏ ਹਜ਼ਾਰਾਂ ਪਰਿਵਾਰਾਂ ਨੇ ਸਰਹੱਦ 'ਤੇ ਆ ਕੇ ਬੰਜਰ ਅਤੇ ਗੈਰ-ਖੇਤੀਯੋਗ ਧਰਤੀ ਨੂੰ ਆਪਣੀ ਖੂਨ-ਪਸੀਨੇ ਦੀ ਮਿਹਨਤ ਨਾਲ ਉਪਜਾਊ ਬਣਾਇਆ, ਪਿੰਡ ਵਸਾਏ ਅਤੇ ਆਪਣੀਆਂ ਪੀੜ੍ਹੀਆਂ ਦਾ ਭਵਿੱਖ ਸਿਰਜਿਆ। ਪਰ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ 1947 ਤੋਂ ਲੈ ਕੇ ਅੱਜ 2026 ਤੱਕ, ਯਾਨੀ ਦੇਸ਼ ਦੀ ਆਜ਼ਾਦੀ ਦੇ 70 ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਇਨ੍ਹਾਂ ਲੋਕਾਂ ਕੋਲ ਆਪਣੀ ਹੀ ਜ਼ਮੀਨ ਦੇ ਪੂਰੇ ਕਾਨੂੰਨੀ ਮਲਕੀਅਤ ਹੱਕ ਨਹੀਂ ਹਨ। ਹੇਜ਼ਲ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ਼ ਜ਼ਮੀਨ ਦਾ ਕੋਈ ਸਧਾਰਨ ਮਸਲਾ ਨਹੀਂ ਹੈ, ਸਗੋਂ ਦਹਾਕਿਆਂ ਤੋਂ ਚੱਲ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ, ਜਿਸ ਵੱਲ ਪਿੱਛੜਿਆ ਅਤੇ ਸਰਹੱਦੀ ਇਲਾਕਾ ਹੋਣ ਕਰਕੇ ਕਿਸੇ ਨੇ ਧਿਆਨ ਨਹੀਂ ਦਿੱਤਾ। ਹੇਜ਼ਲ ਨੇ ਹਰੀ ਕ੍ਰਾਂਤੀ ਦੇ ਦੌਰ ਨੂੰ ਯਾਦ ਕਰਦਿਆਂ ਦੱਸਿਆ ਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵ. ਲਾਲ ਬਹਾਦਰ ਸ਼ਾਸਤਰੀ ਜੀ ਵੱਲੋਂ ਇਨ੍ਹਾਂ ਸਰਹੱਦੀ ਕਿਸਾਨਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਦੇਸ਼ ਦੇ ਅੰਨ ਭੰਡਾਰ ਭਰਨ ਦੇ ਬਦਲੇ ਉਨ੍ਹਾਂ ਨੂੰ ਇਨ੍ਹਾਂ ਜ਼ਮੀਨਾਂ ਦੇ ਮਲਕੀਅਤ ਹੱਕ ਦਿੱਤੇ ਜਾਣਗੇ। ਕਿਸਾਨ ਅੱਜ ਵੀ ਦੇਸ਼ ਦਾ ਪੇਟ ਭਰ ਰਹੇ ਹਨ, ਪਰ ਵਾਅਦੇ ਅਜੇ ਵੀ ਅਧੂਰੇ ਹਨ। ਸਿਆਸੀ ਪਾਰਟੀਆਂ ਦੀ ਭੂਮਿਕਾ 'ਤੇ ਗੱਲ ਕਰਦਿਆਂ ਹੇਜ਼ਲ ਨੇ ਦੱਸਿਆ ਕਿ ਸਾਲ 2009 ਵਿੱਚ ਜਦੋਂ ਪੰਜਾਬ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਤਾਂ ਇੱਕ ਖੇਤਰੀ ਪਾਰਟੀ ਹੋਣ ਦੇ ਨਾਤੇ ਉਨ੍ਹਾਂ ਨੇ ਪੰਜਾਬੀਆਂ ਦੇ ਇਸ ਦਰਦ ਨੂੰ ਸਮਝਿਆ ਅਤੇ ਕਿਸਾਨਾਂ ਦੇ ਹੱਕਾਂ ਲਈ ਠੋਸ ਨੀਤੀ ਬਣਾਈ। ਉਦੋਂ ਕੁੱਲ 10,400 ਏਕੜ ਵਿੱਚੋਂ ਲਗਭਗ 1500 ਏਕੜ ਜ਼ਮੀਨ ਦੀ ਰਜਿਸਟਰੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਸੀ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਵਿੱਚ ਉਮੀਦ ਜਗੀ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਜਿਵੇਂ ਹੀ ਸੱਤਾ ਬਦਲੀ, ਉਹ ਪ੍ਰਕਿਰਿਆ ਰੱਦ ਕਰ ਦਿੱਤੀ ਗਈ ਅਤੇ ਬਾਅਦ ਵਿੱਚ ਆਈ ਰਾਸ਼ਟਰੀ ਪਾਰਟੀ ਕਾਂਗਰਸ ਦੀ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਾਲ 2023 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਹਾਲਾਤ ਹੋਰ ਵੀ ਚਿੰਤਾਜਨਕ ਹੋ ਗਏ, ਜਦੋਂ ਇਨ੍ਹਾਂ ਕਿਸਾਨਾਂ ਨੂੰ ਆਪਣੀਆਂ ਹੀ ਜ਼ਮੀਨਾਂ ਖਾਲੀ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਗਏ। ਹਾਲਾਂਕਿ ਮਾਨਯੋਗ ਹਾਈ ਕੋਰਟ ਨੇ ਇਸ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ, ਪਰ ਅੱਜ ਵੀ ਇਹ ਪਰਿਵਾਰ ਆਪਣੇ ਘਰ ਅਤੇ ਰੋਜ਼ਗਾਰ ਖੁੱਸਣ ਦੇ ਡਰ ਹੇਠ ਜੀ ਰਹੇ ਹਨ।

ਅੰਤਰਰਾਸ਼ਟਰੀ ਮੰਚ 'ਤੇ ਹੇਜ਼ਲ ਵੱਲੋਂ ਦਿੱਤਾ ਗਿਆ ਇਹ ਭਾਸ਼ਣ ਸਿਰਫ਼ ਇੱਕ ਭਾਸ਼ਣ ਨਹੀਂ ਸੀ, ਸਗੋਂ ਫਿਰੋਜ਼ਪੁਰ ਦੇ ਹਰ ਉਸ ਸਰਹੱਦੀ ਪਰਿਵਾਰ ਦੀ ਦਹਾਕਿਆਂ ਪੁਰਾਣੀ ਪੀੜ ਅਤੇ ਗੂੰਜ ਸੀ, ਜੋ ਅੱਜ ਵੀ ਇਨਸਾਫ਼ ਦੀ ਉਡੀਕ ਵਿੱਚ ਹੈ। ਹੇਜ਼ਲ ਦੀ ਇਸ ਇਤਿਹਾਸਕ ਪ੍ਰਾਪਤੀ 'ਤੇ ਡੀ.ਸੀ. ਮਾਡਲ ਇੰਟਰਨੈਸ਼ਨਲ ਸਕੂਲ, ਫਿਰੋਜ਼ਪੁਰ ਦੇ ਪ੍ਰਬੰਧਕਾਂ, ਅਧਿਆਪਕਾਂ ਅਤੇ ਪੂਰੇ ਇਲਾਕੇ ਦੇ ਲੋਕਾਂ ਵੱਲੋਂ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

ਇਸ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਹੇਜ਼ਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਦੋਂ ਮੈਂ ਅੰਤਰਰਾਸ਼ਟਰੀ ਮੰਚ 'ਤੇ ਖੜ੍ਹੀ ਸੀ, ਤਾਂ ਮੇਰੇ ਸਾਹਮਣੇ ਸਿਰਫ਼ ਦੁਨੀਆ ਭਰ ਤੋਂ ਆਏ ਪ੍ਰਤੀਨਿਧ ਨਹੀਂ ਸਨ, ਸਗੋਂ ਫਿਰੋਜ਼ਪੁਰ ਦੇ ਉਹ ਹਜ਼ਾਰਾਂ ਮਿਹਨਤੀ ਪਰਿਵਾਰ ਸਨ ਜੋ ਸਾਲਾਂ ਤੋਂ ਆਪਣੀ ਹੀ ਜ਼ਮੀਨ 'ਤੇ ਬੇਗਾਨਿਆਂ ਵਰਗੀ ਜ਼ਿੰਦਗੀ ਜੀ ਰਹੇ ਹਨ। ਮੈਂ ਚਾਹੁੰਦੀ ਸੀ ਕਿ ਦੁਨੀਆ ਦੇ ਵੱਡੇ-ਵੱਡੇ ਮੁਲਕਾਂ ਦੇ ਨੁਮਾਇੰਦੇ ਇਹ ਸੁਣਨ ਕਿ ਦੇਸ਼ ਦਾ ਪੇਟ ਭਰਨ ਵਾਲਾ ਪੰਜਾਬ ਦਾ ਸਰਹੱਦੀ ਕਿਸਾਨ ਅੱਜ ਕਿਸ ਦੌਰ ਵਿੱਚੋਂ ਲੰਘ ਰਿਹਾ ਹੈ। ਮੇਰੇ ਲਈ ਇਹ ਸਿਰਫ਼ ਇੱਕ ਪੁਰਸਕਾਰ ਜਿੱਤਣ ਦਾ ਮੌਕਾ ਨਹੀਂ ਸੀ, ਸਗੋਂ ਆਪਣੇ ਲੋਕਾਂ ਦੀ ਪੀੜ ਨੂੰ ਦੁਨੀਆ ਦੇ ਸਾਹਮਣੇ ਰੱਖਣ ਦਾ ਇੱਕ ਵੱਡਾ ਜ਼ਿੰਮੇਵਾਰੀ ਵਾਲਾ ਫਰਜ਼ ਸੀ।

# ਓਨਟਾਰੀਓ ਪੁਲਿਸ ਵੱਲੋਂ ਫਿਰੌਤੀ ਮਾਮਲਿਆਂ ਵਿੱਚ ਸਰੀ ਦੇ ਦੋ ਨੌਜਵਾਨਾਂ ਸਣੇ 17 ਗ੍ਰਿਫਤਾਰ

ਸਰੀ, (ਏਕਜੋਤ ਸਿੰਘ): ਓਨਟਾਰੀਓ ਦੇ ਪੀਲ ਰੀਜਨ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਫਿਰੌਤੀ ਦੇ ਮਾਮਲਿਆਂ ਵਿੱਚ ਪੀਲ ਰੀਜਨਲ ਪੁਲਿਸ ਨੇ ਇੱਕ ਅਹਿਮ ਕਾਰਵਾਈ ਕਰਦਿਆਂ 17 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦੇ ਦੋ ਨੌਜਵਾਨ ਵੀ ਸ਼ਾਮਲ ਹਨ। ਪੁਲਿਸ ਵੱਲੋਂ 25 ਮਈ ਨੂੰ ਜਾਰੀ ਕੀਤੀ ਗਈ ਪ੍ਰੈਸ ਰਿਲੀਜ਼ ਅਨੁਸਾਰ ਇਨ੍ਹਾਂ ਵਿਅਕਤੀਆਂ 'ਤੇ ਕੁੱਲ 106 ਅਪਰਾਧਿਕ ਚਾਰਜ ਲਗਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਗ੍ਰਿਫਤਾਰ ਕੀਤੇ ਗਏ ਜ਼ਿਆਦਾਤਰ ਵਿਅਕਤੀ ਕੌਮਾਂਤਰੀ ਅਪਰਾਧਿਕ ਨੈੱਟਵਰਕ ਫੌਰ ਬ੍ਰਦਰਜ਼ ਨਾਲ ਜੁੜੇ ਹੋਏ ਹਨ ਜੋ ਬਰੈਂਪਟਨ, ਮਿਸੀਸਾਗਾ, ਕੈਲੇਡਨ, ਬ੍ਰਿਟਿਸ਼ ਕੋਲੰਬੀਆ ਅਤੇ ਕੈਲੀਫੋਰਨੀਆ ਵਿੱਚ ਸਰਗਰਮ ਹੈ।



ਜਾਂਚ ਕਰਤਾਵਾਂ ਨੇ ਇਨ੍ਹਾਂ ਮੁਲਜ਼ਮਾਂ ਨੂੰ 24 ਵੱਖ ਵੱਖ ਘਟਨਾਵਾਂ ਨਾਲ ਜੋੜਿਆ ਹੈ ਜਿਨ੍ਹਾਂ ਵਿੱਚ ਅੱਗਜ਼ਨੀ ਅਤੇ ਗੋਲੀਬਾਰੀ ਦੀਆਂ 16 ਹਿੰਸਕ ਵਾਰਦਾਤਾਂ ਸ਼ਾਮਲ ਹਨ। ਸਰੀ ਦੇ ਰਹਿਣ ਵਾਲੇ 25 ਸਾਲਾ ਰਵਿੰਦਰ ਸਿੰਘ 'ਤੇ ਹਥਿਆਰ ਚਲਾਉਣ ਦੀ ਸਾਜ਼ਿਸ਼ ਰਚਣ ਦੇ ਦੋ ਦੋਸ਼ ਹਨ ਜਦਕਿ 21 ਸਾਲਾ ਜਸ਼ਨਬੀਰ ਸਿੰਘ 'ਤੇ ਹਮਲਾ ਕਰਨ ਅਤੇ ਫਿਰੌਤੀ ਮੰਗਣ ਦੇ ਦੋਸ਼ ਲਗਾਏ ਗਏ ਹਨ। ਦਸੰਬਰ 2025 ਵਿੱਚ ਸ਼ੁਰੂ ਹੋਈ ਇਸ ਸਾਂਝੀ ਕਾਰਵਾਈ ਵਿੱਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਐਫਬੀਆਈ ਅਤੇ ਫਿਨਟਰੈਕ ਸਮੇਤ ਕਈ ਏਜੰਸੀਆਂ ਸ਼ਾਮਲ ਸਨ। ਸਰੀ ਪੁਲਿਸ ਨੇ ਵੀ ਇਸ ਜਾਂਚ ਵਿੱਚ ਅਹਿਮ ਖੁਫੀਆ ਜਾਣਕਾਰੀ ਸਾਂਝੀ ਕੀਤੀ ਹੈ।

ਹਾਲਾਂਕਿ ਸਰੀ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਇਨ੍ਹਾਂ ਵਿਅਕਤੀਆਂ ਖਿਲਾਫ ਸਰੀ ਵਿੱਚ ਫਿਰੌਤੀ ਨਾਲ ਸਬੰਧਤ ਕੋਈ ਚਾਰਜ ਨਹੀਂ ਲਗਾਇਆ ਗਿਆ ਹੈ। ਪੀਲ ਰੀਜਨਲ ਪੁਲਿਸ ਦੇ ਚੀਫ ਨਿਸ਼ਾਨ ਦੁਰਈਅੱਪਾ ਨੇ ਕਿਹਾ ਕਿ ਫਿਰੌਤੀ ਦੀਆਂ ਘਟਨਾਵਾਂ ਸਿਰਫ ਇੱਕ ਖੇਤਰ ਤੱਕ ਸੀਮਤ ਨਹੀਂ ਹਨ ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਜੁੜੀਆਂ ਹੋਈਆਂ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਨੁਸਾਰ ਦੋਸ਼ੀ ਪਾਏ ਗਏ 6 ਵਿਅਕਤੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਸਖਤ ਇਮੀਗ੍ਰੇਸ਼ਨ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਇਨ੍ਹਾਂ ਵਿੱਚੋਂ 14 ਵਿਅਕਤੀ ਓਨਟਾਰੀਓ, 2 ਬ੍ਰਿਟਿਸ਼ ਕੋਲੰਬੀਆ ਅਤੇ 1 ਕੈਲੀਫੋਰਨੀਆ ਦਾ ਵਸਨੀਕ ਹੈ। ਪੁਲਿਸ ਮੁਤਾਬਕ ਇਨ੍ਹਾਂ ਮੁਲਜ਼ਮਾਂ ਉੱਤੇ ਜਬਰਨ ਵਸੂਲੀ ਦੇ 11 ਅਤੇ ਹਥਿਆਰਾਂ ਨਾਲ ਸਬੰਧਤ 75 ਦੋਸ਼ਾਂ ਸਮੇਤ ਕੁੱਲ 106 ਮਾਮਲੇ ਦਰਜ ਕੀਤੇ ਗਏ ਹਨ। ਗ੍ਰਿਫਤਾਰ ਵਿਅਕਤੀਆਂ ਵਿੱਚ : ਬਰੈਂਪਟਨ ਦਾ 25 ਸਾਲਾ ਇਕਬਾਲ ਸਿੰਘ ਭਾਗੜੀਆ, ਨੋਰਵਲ ਦਾ 24 ਸਾਲਾ ਆਕਾਸ਼ਦੀਪ ਸਿੰਘ, ਸਰੀ, ਬੀ.ਸੀ. ਦਾ 25 ਸਾਲਾ ਰਵਿੰਦਰ ਸਿੰਘ, ਸਰੀ ਦਾ 21 ਸਾਲਾ ਜਸ਼ਨਬੀਰ ਸਿੰਘ, ਬਰੈਂਪਟਨ ਦਾ 26 ਸਾਲਾ ਦਿਲਾਵਰਪ੍ਰੀਤ ਸਿੰਘ, ਬਰੈਂਪਟਨ ਦਾ 21 ਸਾਲਾ ਮਨਦੀਪ ਸਿੰਘ, ਬਰੈਂਪਟਨ ਦਾ 22 ਸਾਲਾ ਪ੍ਰਭਦੀਪ ਸੋਹਲ, ਬਰੈਂਪਟਨ ਦਾ 22 ਸਾਲਾ ਪ੍ਰਤਾਪਬੀਰ ਘੁੰਮਣ, ਬਰੈਂਪਟਨ ਦਾ 29 ਸਾਲਾ ਅਜੈਦੀਪ ਸਿੰਘ, ਬਰੈਂਪਟਨ ਦਾ 24 ਸਾਲਾ ਨਵਰੂਪ ਸਿੰਘ, ਬੈਰੀ ਦੇ 28 ਸਾਲਾ ਰਾਜਨ ਸਿੰਘ, ਬੈਰੀ ਦਾ 22 ਸਾਲਾ ਅੰਮ੍ਰਿਤਜੋਤ ਸਿੰਘ, ਬੈਰੀ ਦਾ 22 ਸਾਲਾ ਜਸ਼ਨਪ੍ਰੀਤ ਸਿੰਘ, ਬੈਰੀ ਦਾ 27 ਸਾਲਾ ਗੁਨੀਤ ਗੁਨੀਤ, ਬੈਰੀ ਦਾ 32 ਸਾਲਾ ਸੁਖਵਿੰਦਰ ਸਿੰਘ, ਬੈਰੀ ਦਾ 30 ਸਾਲਾ ਮੋਹਿੰਦਰ ਸਿੰਘ ਕੈਲੀਫੋਰਨੀਆ ਦੇ ਮਨਟੀਕਾ ਸ਼ਹਿਰ ਦਾ 22 ਸਾਲਾ ਗੌਤਮ ਦਾ ਨਾਮ ਜ਼ਿਕਰਯੋਗ ਹੈ। This report was written by Ekjot Singh as part of the Local Journalism Initiative.

# ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ ਵੈਨਕੂਵਰ 'ਚ ਸਮਾਗਮ

## 'ਗੁਰੂ ਨਾਨਕ ਜਹਾਜ਼' ਦੇ ਸਹੀ ਇਤਿਹਾਸ ਅਤੇ ਨਾਂ ਦੀ ਬਹਾਲੀ 'ਤੇ ਖੁਸ਼ੀ ਦੀ ਲਹਿਰ









ਵੈਨਕੂਵਰ : 23 ਮਈ 1914 ਨੂੰ ਬ੍ਰਿਟਿਸ਼ ਕੈਨੇਡਾ ਦੇ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ 'ਗੁਰੂ ਨਾਨਕ ਜਹਾਜ਼' ਦੇ ਮੁਸਾਫਿਰਾਂ ਦੀ ਨਿੱਡਰ ਅਤੇ ਸੁਤੰਤਰ ਹਸਤੀ ਬਾਰੇ, ਵੈਨਕੂਵਰ ਸਮੁੰਦਰੀ ਤੱਟ 'ਤੇ ਸ਼ਾਨਦਾਰ ਸਮਾਗਮ ਉਲੀਕਿਆ ਗਿਆ। ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਦੇ ਅਸਲੀ ਇਤਿਹਾਸ ਅਤੇ ਨਾਂ ਦੀ ਬਹਾਲੀ ਲਈ ਵੈਨਕੂਵਰ ਸ਼ਹਿਰ ਵੱਲੋਂ ਜਾਰੀ ਐਲਾਨਨਾਮੇ ਅਤੇ 'ਗੁਰੂ ਨਾਨਕ ਜਹਾਜ਼' ਨਾਂ 'ਤੇ ਸਥਾਪਿਤ ਹੋਏ ਸਮਾਰਕ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਵੈਨਕੂਵਰ ਦੇ ਮੇਅਰ ਕੈਨ ਸਿਮ ਅਤੇ ਪਾਰਕਸ ਬੋਰਡ ਦੇ ਕਮਿਸ਼ਨਰ ਜਸਪ੍ਰੀਤ ਸਿੰਘ ਵਿਰਦੀ ਨੇ ਕਿਹਾ ਕਿ ਵੈਨਕੂਵਰ ਸ਼ਹਿਰ ਵੱਲੋਂ 23 ਮਈ 'ਗੁਰੂ ਨਾਨਕ ਜਹਾਜ਼ ਦਿਹਾੜਾ ਦਰਜ ਕਰਨਾ ਮਾਣ ਵਾਲੀ ਗੱਲ ਹੈ। ਸਰੀ ਸ਼ਹਿਰ ਵੱਲੋਂ ਮੇਅਰ ਬਰਿੰਡਾ ਲੌਕ ਅਤੇ ਕੌਂਸਲ 'ਗੁਰੂ ਨਾਨਕ ਜਹਾਜ਼' ਨਾਂ ਬਹਾਲ ਕਰਦਿਆਂ ਪਹਿਲਾਂ ਹੀ ਐਲਾਨਨਾਮੇ ਜਾਰੀ ਕੀਤੇ ਹਨ।

ਇੱਕ ਸਦੀ ਪਹਿਲਾਂ ਦੀ ਕੈਨੇਡਾ ਅਤੇ ਭਾਰਤ ਦੀ ਨਸਲੀ ਬ੍ਰਿਟਿਸ਼ ਸਰਕਾਰ ਅਤੇ ਨਸਲੀ ਮੀਡੀਏ ਵੱਲੋਂ ਜਪਾਨੀ ਕਾਰਪੋਰੇਟ ਸ਼ਿਪਿੰਗ ਕੰਪਨੀ ਦੇ ਨਾਂ ਕਾਮਾਗਾਟਾਮਾਰੂ ਨੂੰ ਪ੍ਰਚਾਰਨ ਅਤੇ ਸਾਂਝੇ ਪੰਜਾਬ ਦੇ ਮੁਸਾਫਰਾਂ ਵੱਲੋਂ ਰੱਖੇ ਗਏ ਗੁਰੂ ਨਾਨਕ ਜਹਾਜ਼ ਨਾਂ ਨੂੰ ਵਿਸਾਰਨ ਦੇ ਗੁਮਰਾਹਕੁਨ ਬਿਰਤਾਂਤ ਨੂੰ ਰੱਦ ਕਰਦਿਆਂ, ਕੈਨੇਡਾ ਦੇ ਸੈਨੇਟਰ ਅਤੇ ਕੈਨੇਡੀਅਨ ਪੁਲਿਸ ਵਿੱਚ ਦਸਤਾਰ ਦਾ ਕੇਸ ਜਿੱਤਣ ਵਾਲੇ ਸ. ਬਲਤੇਜ ਸਿੰਘ ਢਿੱਲੋਂ ਨੇ ਭੇਜੇ ਸੰਦੇਸ਼ ਵਿੱਚ ਕਿਹਾ ਕਿ 'ਗੁਰੂ ਨਾਨਕ' ਨਾਂ ਕੇਵਲ ਜਹਾਜ਼ ਦੀ ਪਛਾਣ ਨਹੀਂ, ਬਲਕਿ ਮਨੁੱਖੀ ਪਿਆਰ ਅਤੇ ਸਾਂਝ ਕਾਇਮ ਕਰਨ ਅਤੇ ਜਬਰ-ਜ਼ੁਲਮ ਤੇ ਨਸਲਵਾਦ ਖ਼ਿਲਾਫ਼ ਡਟਣ ਦਾ ਮਾਰਗ-ਦਰਸ਼ਨ ਹੈ। ਵੈਨਕੂਵਰ ਤੋਂ ਨਿਊ ਡੈਮੋਕਰੇਟਿਕ ਪਾਰਟੀ ਦੀ ਐਮਪੀ ਜੈਨੀ ਕਵਾਨ ਨੇ ਕਿਹਾ ਕਿ ਉਹ ਕੈਨੇਡਾ ਦੀ ਪਾਰਲੀਮੈਂਟ ਵਿੱਚ ਜਾ ਕੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਲਈ ਹਰ ਜਦੋ-ਜਹਿਦ ਵਿੱਚ ਸ਼ਾਮਿਲ ਹੋਵੇਗੀ। ਕੈਨੇਡਾ ਦੀ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਆਗੂ ਪੀਅਰ ਪੋਲੀਏਵ ਦਾ ਸੰਦੇਸ਼ ਸਾਂਝਾ ਕਰਦਿਆਂ ਐਬਸਫੋਰਡ ਲੈਂਗਲੀ ਤੋਂ ਐਮਪੀ ਸੁਖਮਨ ਸਿੰਘ ਗਿੱਲ ਨੇ ਗੁਰੂ ਨਾਨਕ ਜਹਾਜ਼ ਨਾਂ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਕੈਨੇਡਾ ਦੇ ਸੂਬੇ ਬੀਸੀ ਦੀ ਵਿਰੋਧੀ ਧਿਰ ਬੀਸੀ ਕੰਜ਼ਰਵਟਿਵ ਪਾਰਟੀ ਦੇ ਅੰਤਰਿਮ ਮੁਖੀ ਟ੍ਰੇਵਰ ਹੈਲਫੋਰਡ ਅਤੇ ਸਰੀ ਨੌਰਥ ਤੋਂ ਐਮਐਲਏ ਮਨਦੀਪ ਸਿੰਘ ਧਾਲੀਵਾਲ ਨੇ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਦੀ ਸਹੀ ਪਛਾਣ ਦੀ ਕਾਇਮੀ ਅਤੇ ਵਿਦਿਅਕ ਸਿਲੇਬਸਾਂ ਵਿੱਚ ਗੁਰੂ ਨਾਨਕ ਜਹਾਜ਼ ਦੇ ਸਹੀ ਇਤਿਹਾਸ ਪੜਾਉਣ ਲਈ ਬੀਜੀ ਅਸੈਂਬਲੀ ਵਿੱਚ ਆਵਾਜ਼ ਉਠਾਉਣ ਦੀ ਵਚਨਵੱਧਤਾ ਪ੍ਰਗਟਾਈ। ਵੈਨਕੂਵਰ ਤੋਂ ਐਨਡੀਪੀ ਦੇ ਐਮਐਲਏ ਜੌਰਜ ਚਾਓ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਮਾਨਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ, ਇਸ ਦੀ ਮੁਕੰਮਲ ਬਹਾਲੀ ਦਾ ਅਹਿਦ ਲਿਆ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਬਾਬਾ ਗੁਰਦਿੱਤ ਸਿੰਘ ਵੱਲੋਂ ਕਿਰਾਏ 'ਤੇ ਲਏ ਗਏ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖ ਦਿੱਤਾ ਗਿਆ ਸੀ, ਤਾਂ ਇਤਿਹਾਸਕਾਰਾਂ, ਮੀਡੀਆਕਾਰਾਂ ਅਤੇ ਸਿਆਸਤਦਾਨਾਂ ਨੂੰ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਚਾਹੀਦਾ ਹੈ। ਸੁਸਾਇਟੀ ਦੇ ਬੁਲਾਰੇ ਰਾਜ ਸਿੰਘ ਭੰਡਾਲ ਨੇ ਵੈਨਕੂਵਰ ਸਿਟੀ ਕੌਂਸਲ ਵੱਲੋਂ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ ਤੇ ਐਲਾਨਨਾਮਾ ਕਰਨ ਅਤੇ ਯਾਦਗਾਰੀ ਸਮਾਰਕ ਦਾ ਨਾਂ ਗੁਰੂ ਨਾਨਕ ਜਹਾਜ਼ ਦੇ ਨਾਂ 'ਤੇ ਕਰਨ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਿਆਸੀ ਹਸਤੀਆਂ ਤੋਂ ਇਲਾਵਾ, ਵੱਖ-ਵੱਖ ਸੰਸਥਾਵਾਂ, ਉਘੀਆਂ ਸ਼ਖ਼ਸੀਅਤਾਂ ਅਤੇ ਨੌਜਵਾਨ, ਬੱਚੇ ਅਤੇ ਬਜ਼ੁਰਗ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੇ ਮੁੱਖ ਗ੍ਰੰਥੀ ਅਤੇ ਸਿੱਖ ਵਿਦਵਾਨ ਭਾਈ ਜਸਵੀਰ ਸਿੰਘ ਨੇ ਸਮਾਗਮ ਦੀ ਆਰੰਭਤਾ ਦੀ ਅਰਦਾਸ ਕੀਤੀ ਅਤੇ ਦਸ਼ਮੇਸ਼ ਪੰਜਾਬੀ ਸਕੂਲ ਐਬਸਫੋਰਡ ਦੇ ਬੱਚਿਆਂ ਨੇ 'ਓ ਕੈਨੇਡਾ' ਅਤੇ ਗੁਰੂ ਨਾਨਕ ਜਹਾਜ਼ ਦੇ ਸਬੰਧ 'ਚ ਖੂਬਸੂਰਤ ਗੀਤ ਗਾਇਆ ਕੀਤਾ।

ਸਮਾਗਮ ਦੇ ਮੁੱਖ ਮਨੋਰਥ ਵਜੋਂ ਗੁਰੂ ਨਾਨਕ ਜਹਾਜ਼ ਦੀ ਮੌਜੂਦਗੀ ਸਬੰਧੀ ਅਹਿਮ ਮਤੇ ਪਾਸ ਕੀਤੇ, ਜਿਨਾਂ ਵਿੱਚ ਕੈਨੇਡਾ ਸਰਕਾਰ ਵੱਲੋਂ ਮੰਗੀ ਗਈ ਮੁਆਫ਼ੀ ਦੀ ਸ਼ਬਦਾਵਲੀ ਵਿੱਚ ਮੁੱਖ ਨਾਂ 'ਗੁਰੂ ਨਾਨਕ ਜਹਾਜ਼' ਕਰਨ, ਸਰਕਾਰ ਵੱਲੋਂ 23 ਮਈ ਦਾ ਦਿਨ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ ਪੱਕੇ ਤੌਰ ਤੇ ਐਲਾਨਣ, ਅਜਾਇਬ ਘਰਾਂ, ਵਿਦਿਅਕ ਅਦਾਰੇ ਅਤੇ ਸਭਿਆਚਾਰਕ ਸੰਸਥਾਵਾਂ ਵਿੱਚ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਸਾਂਝਾ ਕਰਨ ਅਤੇ ਨਸਲੀ ਧੱਕੇਸ਼ਾਹੀ ਸਬੰਧੀ ਇਸ ਕਾਰਜ ਨੂੰ ਪਹਿਲ ਕਦਮੀ ਵਜੋਂ ਦਰਜ ਕਰਨ ਦੀਆਂ ਮੰਗਾਂ ਸ਼ਾਮਿਲ ਕੀਤੀਆਂ ਗਈਆਂ। ਇਹ ਮਤੇ ਅੰਗਰੇਜ਼ੀ ਵਿੱਚ ਵਕੀਲ ਜਸਪ੍ਰੀਤ ਸਿੰਘ, ਪੰਜਾਬੀ ਵਿੱਚ ਤਜਿੰਦਰਪਾਲ ਸਿੰਘ ਤੇ ਫਰੈਂਚ ਵਿੱਚ ਸਾਹਿਬ ਕੌਰ ਧਾਲੀਵਾਲ ਵੱਲੋਂ ਪੜੇ ਗਏ ਅਤੇ ਸਾਰਿਆਂ ਵੱਲੋਂ ਦੋਵੇਂ ਹੱਥ ਖੜੇ ਕਰਕੇ ਪ੍ਰਵਾਨਗੀ ਲਈ ਗਈ। ਹਾਜ਼ਰ ਸ਼ਖ਼ਸੀਅਤਾਂ ਵੱਲੋਂ ਬੀਸੀ ਅਤੇ ਕੈਨੇਡਾ ਵਾਂਗ, ਪੰਜਾਬ ਦੀ ਵਿਧਾਨ ਸਭਾ ਅਤੇ ਭਾਰਤ ਦੀ ਸੰਸਦ ਵਿੱਚ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਸਹੀ ਰੂਪ ਵਿੱਚ ਚੇਤੇ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਅਪਰਾਧਿਕ ਰਿਕਾਰਡ ਖਤਮ ਕਰਨ ਅਤੇ ਸ਼ਹੀਦ ਐਲਾਨੇ ਜਾਣ ਲਈ ਆਵਾਜ਼ ਉਠਾਈ ਗਈ। ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਬਹਾਲੀ ਲਈ ਕਰੀਬ 50 ਸੰਸਥਾਵਾਂ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਸਮਾਗਮ ਦੌਰਾਨ ਗੁਰਦੁਆਰਾ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਅਕਾਲੀ ਸਿੰਘ ਸਿੱਖ ਸੁਸਾਇਟੀ ਤੋਂ ਇਲਾਵਾ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ, ਗੁਰਦੁਆਰਾ ਦੁਖ ਨਿਵਾਰਨ ਸਰੀ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊ ਵੈਸਟਮਿਨਿਸਟਰ, ਗੁਰੂ ਨਾਨਕ ਨਿਵਾਸ ਗੁਰਦੁਆਰਾ ਰਿਚਮੰਡ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ, ਗੁਰਦੁਆਰਾ ਸਾਹਿਬ ਬ੍ਰੁਕਸਾਈਡ ਸਰੀ, ਨਾਨਕਸਰ ਵਿੱਚ ਰਿਚਮੰਡ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਗੁਰਦੁਆਰਾ ਗੁਰ ਸਾਗਰ ਮਸਤੂਆਣਾ ਸਰੀ ਸਮੇਤ ਸਾਹਿਤਕ, ਸਭਿਆਚਾਰਕ ਅਤੇ ਖੇਡ ਸੰਸਥਾਵਾਂ ਨੇ ਗੁਰੂ ਨਾਨਕ ਜਹਾਜ਼ ਸ਼ਬਦ ਵਰਤਣ ਦਾ ਪ੍ਰਣ ਕੀਤਾ। ਗੁਰਦੁਆਰਾ ਸੰਸਥਾਵਾਂ ਤੋਂ ਇਲਾਵਾ ਨਾਮਵਰ ਸ਼ਖਸੀਅਤ ਡਾ ਜਸਜੋਤ ਸਿੰਘ ਮਾਨ, ਪਾਕਿਸਤਾਨ ਦੀ ਰਾਜਸੀ ਸ਼ਖ਼ਸ਼ੀਅਤ ਅਤੇ ਸਾਬਕਾ ਪਾਰਲੀਮੈਂਟ ਸਕੱਤਰ ਰਾਏ ਅਜ਼ੀਜ਼ ਉੱਲਾ ਖਾਨ, ਬੀਸੀ ਫੇਰੀ ਵਿੱਚ ਦਸਤਾਰ ਦਾ ਕੇਸ ਜਿੱਤਣ ਵਾਲੇ ਕਰਮਵੀਰ ਸਿੰਘ ਕੰਗ, ਵਰਲਡ ਸਿੱਖ ਆਰਗਨਾਈਜੇਸ਼ਨ ਵੱਲੋਂ ਅਰਜਨ ਸਿੰਘ ਤੂਰ, ਖਾਲਸਾ ਏ ਵੱਲੋਂ ਜਿੰਦੀ ਸਿੰਘ,ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਭੁਪਿੰਦਰ ਸਿੰਘ ਮੱਲੀ, ਹਰਭਜਨ ਸਿੰਘ ਗਿੱਲ, ਇੰਜੀਨੀਅਰ ਜਗਰੂਪ ਸਿੰਘ ਖੇੜਾ, ਨੌਜਵਾਨ ਵਕੀਲ ਬਲਪ੍ਰੀਤ ਸਿੰਘ ਖਟੜਾ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ ਦੇ ਵਾਈਸ ਪ੍ਰਧਾਨ ਗੁਰਪ੍ਰੀਤ ਸਿੰਘ ਚਾਹਲ ਸਮੇਤ ਅਹਿਮ ਬੁਲਾਰਿਆਂ ਨੇ ਗੁਰੂ ਨਾਨਕ ਜਹਾਜ਼ ਦੀ ਮਹੱਤਤਾ ਬਾਰੇ ਵਿਚਾਰ ਦਿੱਤੇ।

ਖਾਲਸਾ ਸਕੂਲਾਂ ਦੇ ਬੱਚਿਆਂ ਤੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਦਿਖਾਏ ਅਤੇ ਯੋਧਿਆਂ ਦੀਆਂ ਢਾਡੀ ਵਾਰਾਂ ਸਰਵਣ ਕਰਾਈਆਂ।ਇਸ ਮੌਕੇ 'ਤੇ ਹਾਜ਼ਰ ਸ਼ਖਸੀਅਤਾਂ ਸਿੱਖ ਮੋਟਰ ਸਾਈਕਲ ਸਵਾਰਾਂ ਦੇ ਕਲੱਬਾਂ, ਸਿੱਖ ਰਾਈਡਰਜ, ਸਿੱਖ ਰਾਈਡਰਜ਼ ਲੀਜੈਂਡਰੀ ਤੇ ਖਾਲਸਾ ਕ੍ਰੈਡਿਟ ਯੂਨੀਅਨ ਨੇ ਸਮਾਗਮ ਵਿੱਚ ਵਿਸ਼ੇਸ਼ ਹਾਜ਼ਰੀ ਲਵਾਈ। ਪ੍ਰੋਗਰਾਮ ਦੀ ਸਫਲਤਾ ਲਈ ਪੰਜਾਬੀ ਮੀਡੀਆ ਦੇ ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨਾਂ ਦਾ ਭਰਪੂਰ ਸਹਿਯੋਗ ਰਿਹਾ। ਸਮਾਗਮ ਦਾ ਸੰਚਾਲਨ ਸਾਹਿਬ ਕੌਰ ਧਾਲੀਵਾਲ ਨੇ ਭਾਵਪੂਰਤ ਢੰਗ ਨਾਲ ਕੀਤਾ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਉਲੀਕੇ ਇਸ ਪ੍ਰੋਗਰਾਮ ਵਿਚ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ 'ਤੇ ਮਹਾਨ ਚਿੱਤਰਕਾਰ ਮਰਹੂਮ ਸ ਜਰਨੈਲ ਸਿੰਘ ਦੀਆਂ ਗੁਰੂ ਨਾਨਕ ਜਹਾਜ਼ ਦੇ ਸਫ਼ਰ ਸਬੰਧੀ ਸ਼ਾਨਦਾਰ ਪੇਂਟਿੰਗਾਂ ਖਿੱਚਦਾ ਕੇਂਦਰ ਬਣੀਆਂ। ਸਮੂਹ ਸੰਗਤਾਂ, ਸਹਿਯੋਗੀਆਂ ਦਾ ਧੰਨਵਾਦ ਬੀਸੀ ਖਾਲਸਾ ਦਰਬਾਰ ਵੱਲੋਂ ਭਾਈ ਹਰਿੰਦਰ ਸਿੰਘ ਸੋਹੀ ਵੱਲੋਂ ਕੀਤਾ ਗਿਆ। ਕਰੀਬ ਤਿੰਨ ਘੰਟੇ ਚੱਲਿਆ ਇਹ ਪ੍ਰੋਗਰਾਮ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਸਦਕਾ ਯਾਦਗਾਰੀ ਹੋ ਨਿਬੜਿਆ ਅਤੇ ਪੰਜਾਬੀਆਂ ਤੋਂ ਇਲਾਵਾ, ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਇਸ ਦਾ ਆਨੰਦ ਮਾਣਿਆ।

# ਆਰਥਿਕ ਸਥਿਤੀ ਦਾ ਜ਼ਿੰਮੇਵਾਰ ਪੂੰਜੀਵਾਦੀ ਪ੍ਰਬੰਧ

ਮਨਿੰਦਰ ਭਾਟੀਆ

''ਪੂੰਜੀਵਾਦੀ ਪ੍ਰਬੰਧ ਵਿੱਚ ਧਨਾਢ ਲੋਕ ਮਜ਼ਦੂਰਾਂ ਦੀ ਮਿਹਨਤ ਤੋਂ ਮੁਨਾਫਾ ਕਮਾਉਂਦੇ ਹਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਲੋਕ-ਕਹਾਣੀਆਂ ਵਿੱਚ ਵੈਂਪਾਇਰ ਲੋਕਾਂ ਦਾ ਖੂਨ ਚੂਸਦਾ ਹੈ।'' - ਕਾਰਲ ਮਾਰਕਸ

ਅੱਜ ਦੁਨੀਆ ਦੇ ਕਈ ਵੱਡੇ ਦੇਸ਼ਾਂ ਦੀ ਆਰਥਿਕ ਹਕੀਕਤ ਉਸ ਮੋੜ 'ਤੇ ਖੜ੍ਹੀ ਹੈ ਜਿੱਥੇ ਇੱਕ ਪਾਸੇ ਕੁਝ ਗਿਣਤੀ ਦੇ ਕਾਰਪੋਰੇਟ ਘਰਾਣੇ ਦੌਲਤ ਦੇ ਪਹਾੜ ਖੜ੍ਹੇ ਕਰ ਰਹੇ ਹਨ ਅਤੇ ਦੂਜੇ ਪਾਸੇ ਕਰੋੜਾਂ ਮਜ਼ਦੂਰ, ਕਿਸਾਨ, ਬੇਰੁਜ਼ਗਾਰ ਨੌਜਵਾਨ ਅਤੇ ਮੱਧ ਵਰਗ ਆਪਣੀਆਂ ਬੁਨਿਆਦੀ ਲੋੜਾਂ ਲਈ ਸੰਘਰਸ਼ ਕਰ ਰਹੇ ਹਨ। ਸਰਕਾਰ ਵਿਕਾਸ ਦੇ ਵੱਡੇ ਦਾਅਵੇ ਕਰਦੀ ਹੈ, ਜੀਡੀਪੀ ਦੇ ਅੰਕੜੇ ਦਿਖਾਏ ਜਾਂਦੇ ਹਨ, ਪਰ ਜ਼ਮੀਨ 'ਤੇ ਆਮ ਲੋਕਾਂ ਦੀ ਜ਼ਿੰਦਗੀ ਮਹਿੰਗਾਈ, ਕਰਜ਼ੇ, ਬੇਰੁਜ਼ਗਾਰੀ ਅਤੇ ਅਸੁਰੱਖਿਆ ਦੇ ਹਨੇਰੇ ਵਿੱਚ ਡੁੱਬਦੀ ਜਾ ਰਹੀ ਹੈ।

ਇਹ ਸਿਰਫ ਸਰਕਾਰ ਦੀ ਨਾਕਾਮੀ ਨਹੀਂ, ਸਗੋਂ ਪੂਰੇ ਪੂੰਜੀਵਾਦੀ ਪ੍ਰਬੰਧ ਦੀ ਨਾਕਾਮੀ ਹੈ। ਪੂੰਜੀਵਾਦ ਦਾ ਅਸਲੀ ਚਿਹਰਾ ਅੱਜ ਖੁੱਲ੍ਹ ਕੇ ਸਾਹਮਣੇ ਆ ਚੁੱਕਾ ਹੈ, ਜਿੱਥੇ ਮਨੁੱਖ ਦੀ ਮਿਹਨਤ ਨੂੰ ਸਿਰਫ ਮੁਨਾਫੇ ਦਾ ਸਾਧਨ ਬਣਾਇਆ ਜਾਂਦਾ ਹੈ। ਮਜ਼ਦੂਰ ਦਿਨ-ਰਾਤ ਮਿਹਨਤ ਕਰਦਾ ਹੈ, ਪਰ ਉਸਦੀ ਜ਼ਿੰਦਗੀ ਵਿੱਚ ਸੁਖ ਨਹੀਂ ਆਉਂਦਾ। ਕਿਸਾਨ ਅੰਨ ਪੈਦਾ ਕਰਦਾ ਹੈ, ਪਰ ਖੁਦ ਕਰਜ਼ੇ ਅਤੇ ਖੁਦਕੁਸ਼ੀਆਂ ਦਾ ਸ਼ਿਕਾਰ ਹੁੰਦਾ ਹੈ। ਨੌਜਵਾਨ ਡਿਗਰੀਆਂ ਲੈ ਕੇ ਵੀ ਰੁਜ਼ਗਾਰ ਲਈ ਦਰ-ਦਰ ਭਟਕਦਾ ਹੈ।

**ਆਰਥਿਕ ਅਸਮਾਨਤਾ**

ਆਕਸਫੈਮ ਦੀ ਇੱਕ ਰਿਪੋਰਟ ਮੁਤਾਬਿਕ ਭਾਰਤ ਦੇ ਸਭ ਤੋਂ ਅਮੀਰ 1% ਲੋਕਾਂ ਕੋਲ ਦੇਸ਼ ਦੀ ਲਗਭਗ 40% ਤੋਂ ਵੱਧ ਦੌਲਤ ਹੈ। ਹੇਠਲੇ 50% ਲੋਕਾਂ ਕੋਲ ਦੇਸ਼ ਦੀ ਕੁੱਲ ਦੌਲਤ ਦਾ ਲਗਭਗ ਸਿਰਫ 3% ਹੀ ਹਿੱਸਾ ਹੈ।

- ਕੋਵਿਡ ਮਹਾਂਮਾਰੀ ਤੋਂ ਬਾਅਦ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਅਤੇ ਦੌਲਤ ਦੋਵੇਂ ਤੇਜ਼ੀ ਨਾਲ ਵਧੇ, ਜਦਕਿ ਕਰੋੜਾਂ ਲੋਕ ਬੇਰੁਜ਼ਗਾਰੀ ਅਤੇ ਮਹਿੰਗਾਈ ਨਾਲ ਜੂਝਦੇ ਰਹੇ।
- ਮਹਿਲਾਵਾਂ ਅਤੇ ਦਲਿਤ/ਆਦਿਵਾਸੀ ਵਰਗਾਂ ਨੂੰ ਆਮਦਨੀ ਅਤੇ ਰੁਜ਼ਗਾਰ ਵਿੱਚ ਹੋਰ ਵੱਧ ਅਸਮਾਨਤਾ ਦਾ ਸਾਹਮਣਾ ਕਰਨਾ ਪੈਂਦਾ ਹੈ।
- ਦੇਸ਼ ਦੇ ਕਰੋੜਾਂ ਮਜ਼ਦੂਰ ਅਣਸੰਗਠਿਤ ਖੇਤਰ ਵਿੱਚ ਕੰਮ ਕਰਦੇ ਹਨ, ਜਿੱਥੇ ਪੱਕੀ ਨੌਕਰੀ, ਪੈਨਸ਼ਨ ਜਾਂ ਸਮਾਜਿਕ ਸੁਰੱਖਿਆ ਨਹੀਂ ਹੁੰਦੀ।
- ਸਿੱਖਿਆ ਅਤੇ ਸਿਹਤ 'ਤੇ ਲੋਕਾਂ ਦੀ ਜੇਬ ਤੋਂ ਹੋਣ ਵਾਲਾ ਖਰਚ ਗਰੀਬ ਪਰਿਵਾਰਾਂ ਲਈ ਵੱਡਾ ਬੋਝ ਬਣਦਾ ਜਾ ਰਿਹਾ ਹੈ।

ਇਹ ਅਸਮਾਨਤਾ ਕੋਈ ਕੁਦਰਤੀ ਗੱਲ ਨਹੀਂ ਸਗੋਂ ਪੂੰਜੀਵਾਦੀ ਪ੍ਰਬੰਧ ਦਾ ਨਤੀਜਾ ਹੈ, ਜਿੱਥੇ ਮਿਹਨਤ ਕਰਨ ਵਾਲਾ ਵਰਗ ਘੱਟ ਕਮਾਉਂਦਾ ਹੈ ਅਤੇ ਪੂੰਜੀ ਰੱਖਣ ਵਾਲਾ ਵਰਗ ਬੇਹਿਸਾਬ ਮੁਨਾਫਾ ਕਮਾਉਂਦਾ ਹੈ।

**ਬੇਰੁਜ਼ਗਾਰੀ**

ਭਾਰਤ ਵਿੱਚ ਨੌਜਵਾਨਾਂ ਦੀ ਵੱਡੀ ਗਿਣਤੀ ਡਿਗਰੀਆਂ ਹਾਸਲ ਕਰਨ ਤੋਂ ਬਾਅਦ ਵੀ ਬੇਰੁਜ਼ਗਾਰ ਘੁੰਮ ਰਹੀ ਹੈ। ਵੱਖ-ਵੱਖ ਸਰਵੇਖਣਾਂ ਅਤੇ ਰਿਪੋਰਟਾਂ ਮੁਤਾਬਿਕ ਦੇਸ਼ ਵਿੱਚ ਨੌਜਵਾਨ ਬੇਰੁਜ਼ਗਾਰੀ ਦੀ ਦਰ ਕਾਫੀ ਉੱਚੀ ਰਹੀ ਹੈ। ਸਰਕਾਰੀ ਨੌਕਰੀਆਂ ਘਟ ਰਹੀਆਂ ਹਨ ਅਤੇ ਨਿੱਜੀ ਖੇਤਰ ਵਿੱਚ ਵੀ ਨੌਕਰੀਆਂ ਅਸਥਿਰ ਅਤੇ ਘੱਟ ਤਨਖਾਹ ਵਾਲੀਆਂ ਹਨ।

ਕਈ ਨੌਜਵਾਨ 10-15 ਹਜ਼ਾਰ ਰੁਪਏ ਮਹੀਨੇ ਦੀ ਨੌਕਰੀ ਲਈ ਵੀ ਸੈਂਕੜਿਆਂ ਕਿਲੋਮੀਟਰ ਦੂਰ ਜਾਣ ਲਈ ਮਜਬੂਰ ਹਨ। ਦੂਜੇ ਪਾਸੇ ਵੱਡੀਆਂ ਕੰਪਨੀਆਂ ਆਪਣੇ ਮੁਨਾਫੇ ਵਧਾਉਣ ਲਈ ਠੇਕੇਦਾਰੀ ਪ੍ਰਣਾਲੀ ਅਤੇ ਘੱਟ ਤਨਖਾਹ ਵਾਲੀ ਮਜ਼ਦੂਰੀ ਨੂੰ ਤਰਜੀਹ ਦਿੰਦੀਆਂ ਹਨ। ਇਸ ਨਾਲ ਮਜ਼ਦੂਰਾਂ ਨੂੰ ਪੱਕੀ ਨੌਕਰੀ, ਪੈਨਸ਼ਨ ਅਤੇ ਹੋਰ ਸਹੂਲਤਾਂ ਨਹੀਂ ਮਿਲਦੀਆਂ। ਮਜ਼ਦੂਰ ਅਤੇ ਮੁਲਾਜ਼ਮ ਯੂਨੀਅਨਾਂ ਲਗਾਤਾਰ ਮੰਗ ਕਰਦੀਆਂ ਆ ਰਹੀਆਂ ਹਨ ਕਿ ਸਰਕਾਰੀ ਖੇਤਰ ਵਿੱਚ ਭਰਤੀਆਂ ਵਧਾਈਆਂ ਜਾਣ ਅਤੇ ਮਜ਼ਦੂਰਾਂ ਨੂੰ ਪੱਕਾ ਰੁਜ਼ਗਾਰ ਦਿੱਤਾ ਜਾਵੇ।

**ਕਿਸਾਨਾਂ ਦੀ ਮਾੜੀ ਹਾਲਤ**

ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਕਿਹਾ ਜਾਂਦਾ ਹੈ, ਪਰ ਸਭ ਤੋਂ ਮਾੜੀ ਹਾਲਤ ਅੱਜ ਕਿਸਾਨਾਂ ਦੀ ਹੈ। ਖੇਤੀ ਦੀ ਲਾਗਤ ਲਗਾਤਾਰ ਵਧ ਰਹੀ ਹੈ। ਖਾਦਾਂ, ਬੀਜਾਂ, ਡੀਜ਼ਲ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਛੋਟਾ ਕਿਸਾਨ ਕਰਜ਼ੇ ਹੇਠ ਦੱਬਦਾ ਜਾ ਰਿਹਾ ਹੈ।

ਕਈ ਰਿਪੋਰਟਾਂ ਅਨੁਸਾਰ ਹਜ਼ਾਰਾਂ ਕਿਸਾਨ ਕਰਜ਼ੇ ਅਤੇ ਆਰਥਿਕ ਤੰਗੀ ਕਾਰਨ ਆਤਮਹੱਤਿਆ ਕਰ ਚੁੱਕੇ ਹਨ। ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਹਰ ਫਸਲ 'ਤੇ ਕਾਨੂੰਨੀ ਤੌਰ 'ਤੇ ਲਾਗੂ ਨਾ ਹੋਣ ਕਰਕੇ ਕਿਸਾਨਾਂ ਨੂੰ ਆਪਣੀ ਫਸਲ ਦਾ ਠੀਕ ਭਾਅ ਨਹੀਂ ਮਿਲਦਾ।

ਕਿਸਾਨਾਂ ਦਾ ਮੰਨਣਾ ਹੈ ਕਿ ਖੇਤੀਬਾੜੀ ਨੂੰ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਉਹਨਾਂ ਲਈ ਖਤਰਨਾਕ ਹੈ। ਜੇ ਵੱਡੀਆਂ ਕੰਪਨੀਆਂ ਬੀਜ, ਭੰਡਾਰਨ ਅਤੇ ਬਜ਼ਾਰ 'ਤੇ ਕਬਜ਼ਾ ਕਰ ਲੈਂਦੀਆਂ ਹਨ ਤਾਂ ਛੋਟਾ ਕਿਸਾਨ ਪੂਰੀ ਤਰ੍ਹਾਂ ਉਨ੍ਹਾਂ 'ਤੇ ਨਿਰਭਰ ਹੋ ਜਾਵੇਗਾ।

**ਨਿੱਜੀਕਰਨ**

ਪਿਛਲੇ ਕੁਝ ਸਾਲਾਂ ਵਿੱਚ ਸਰਕਾਰੀ ਸੰਸਥਾਵਾਂ ਦਾ ਨਿੱਜੀਕਰਨ ਤੇਜ਼ੀ ਨਾਲ ਵਧਿਆ ਹੈ। ਬੈਂਕ, ਰੇਲਵੇ, ਬਿਜਲੀ, ਟੈਲੀਕਾਮ ਅਤੇ ਹਵਾਈ ਅੱਡਿਆਂ ਵਰਗੇ ਖੇਤਰਾਂ ਵਿੱਚ ਪ੍ਰਾਈਵੇਟ ਕੰਪਨੀਆਂ ਦੀ ਭੂਮਿਕਾ ਵਧਾਈ ਗਈ ਹੈ। ਸਰਕਾਰ ਦਾ ਕਹਿਣਾ ਹੈ ਕਿ ਨਿੱਜੀਕਰਨ ਨਾਲ ਕਾਰਗੁਜ਼ਾਰੀ ਵਧਦੀ ਹੈ, ਪਰ ਹਕੀਕਤ ਵਿੱਚ ਇਸ ਨਾਲ ਆਮ ਲੋਕਾਂ ਲਈ ਸੇਵਾਵਾਂ ਮਹਿੰਗੀਆਂ ਹੋ ਜਾਂਦੀਆਂ ਹਨ। ਨਿੱਜੀ ਕੰਪਨੀਆਂ ਦਾ ਮਕਸਦ ਲੋਕ ਸੇਵਾ ਨਹੀਂ, ਸਗੋਂ ਮੁਨਾਫਾ ਕਮਾਉਣਾ ਹੁੰਦਾ ਹੈ।

ਉਦਾਹਰਨ ਲਈ, ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੀ ਲਾਗਤ ਇੰਨੀ ਵਧ ਚੁੱਕੀ ਹੈ ਕਿ ਗਰੀਬ ਅਤੇ ਮੱਧ ਵਰਗ ਲਈ ਇਲਾਜ ਕਰਵਾਉਣਾ ਮੁਸ਼ਕਿਲ ਹੋ ਜਾਂਦਾ ਹੈ। ਸਿੱਖਿਆ ਖੇਤਰ ਵਿੱਚ ਵੀ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੀਆਂ ਉੱਚੀਆਂ ਫੀਸਾਂ ਨੇ ਆਮ ਪਰਿਵਾਰਾਂ 'ਤੇ ਵੱਡਾ ਬੋਝ ਪਾਇਆ ਹੈ। ਸਿੱਖਿਆ, ਸਿਹਤ, ਬਿਜਲੀ ਅਤੇ ਪਾਣੀ ਵਰਗੀਆਂ ਬੁਨਿਆਦੀ ਸੇਵਾਵਾਂ ਲੋਕਾਂ ਦਾ ਅਧਿਕਾਰ ਹਨ, ਨਾ ਕਿ ਮੁਨਾਫਾ ਕਮਾਉਣ ਦਾ ਸਾਧਨ।

**ਮਹਿੰਗਾਈ**

ਮਹਿੰਗਾਈ ਨੇ ਆਮ ਲੋਕਾਂ ਦੀ ਜ਼ਿੰਦਗੀ ਬਹੁਤ ਮੁਸ਼ਕਿਲ ਕਰ ਦਿੱਤੀ ਹੈ। ਰਸੋਈ ਗੈਸ ਸਿਲੰਡਰ, ਪੈਟਰੋਲ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ ਪਰ ਤਨਖਾਹਾਂ ਅਤੇ ਮਜ਼ਦੂਰੀ ਉਸੇ ਅਨੁਪਾਤ ਨਾਲ ਨਹੀਂ ਵਧ ਰਹੀਆਂ। ਇਸ ਕਰਕੇ ਆਮ ਪਰਿਵਾਰਾਂ ਨੂੰ ਆਪਣੀਆਂ ਜ਼ਰੂਰਤਾਂ ਘਟਾਉਣੀਆਂ ਪੈਂਦੀਆਂ ਹਨ। ਕਈ ਘਰਾਂ ਵਿੱਚ ਬੱਚਿਆਂ ਦੀ ਪੜ੍ਹਾਈ, ਸਿਹਤ ਅਤੇ ਪੋਸ਼ਣ 'ਤੇ ਵੀ ਅਸਰ ਪੈ ਰਿਹਾ ਹੈ।

ਸਰਕਾਰ ਨੂੰ ਜ਼ਰੂਰੀ ਚੀਜ਼ਾਂ 'ਤੇ ਸਬਸਿਡੀ ਵਧਾਉਣੀ ਚਾਹੀਦੀ ਹੈ ਅਤੇ ਵੱਡੀਆਂ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਟੈਕਸ ਛੋਟਾਂ ਘਟਾਉਣੀਆਂ ਚਾਹੀਦੀਆਂ ਹਨ।

**ਮਜ਼ਦੂਰ ਵਰਗ ਦਾ ਸ਼ੋਸ਼ਣ**

ਪੂੰਜੀਵਾਦੀ ਪ੍ਰਬੰਧ ਵਿੱਚ ਮਜ਼ਦੂਰ ਸਿਰਫ ਉਤਪਾਦਨ ਦਾ ਸਾਧਨ ਬਣ ਕੇ ਰਹਿ ਜਾਂਦਾ ਹੈ। ਵੱਡੀਆਂ ਫੈਕਟਰੀਆਂ ਅਤੇ ਕੰਪਨੀਆਂ ਘੱਟ ਤਨਖਾਹ 'ਤੇ ਵੱਧ ਤੋਂ ਵੱਧ ਕੰਮ ਲੈਂਦੀਆਂ ਹਨ। ਕਈ ਥਾਂਵਾਂ 'ਤੇ ਮਜ਼ਦੂਰਾਂ ਨੂੰ ਨਾ ਪੱਕੀ ਨੌਕਰੀ ਮਿਲਦੀ ਹੈ, ਨਾ ਸਮਾਜਿਕ ਸੁਰੱਖਿਆ।

ਕੋਰੋਨਾ ਮਹਾਂਮਾਰੀ ਦੌਰਾਨ ਲੱਖਾਂ ਮਜ਼ਦੂਰਾਂ ਨੂੰ ਆਪਣੇ ਘਰਾਂ ਵੱਲ ਪੈਦਲ ਜਾਣ ਲਈ ਮਜਬੂਰ ਹੋਣਾ ਪਿਆ। ਇਹ ਦ੍ਰਿਸ਼ ਸਾਬਤ ਕਰਦਾ ਹੈ ਕਿ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਮਜ਼ਦੂਰਾਂ ਲਈ ਪ੍ਰਣਾਲੀ ਵਿੱਚ ਕਿੰਨੀ ਘੱਟ ਸੁਰੱਖਿਆ ਹੈ। ਟਰੇਡ ਯੂਨੀਅਨਾਂ ਹਮੇਸ਼ਾ ਮਜ਼ਦੂਰ ਹੱਕਾਂ, ਘੱਟੋ-ਘੱਟ ਮਜ਼ਦੂਰੀ ਅਤੇ ਯੂਨੀਅਨਾਂ ਦੀ ਅਜ਼ਾਦੀ ਲਈ ਸੰਘਰਸ਼ ਕਰਦੀਆਂ ਆਈਆਂ ਹਨ।

ਅੱਜ ਦੇਸ਼ ਦੀ ਆਰਥਿਕ ਹਾਲਤ ਇਹ ਸਾਬਤ ਕਰ ਰਹੀ ਹੈ ਕਿ ਪੂੰਜੀਵਾਦੀ ਪ੍ਰਬੰਧ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦਾ। ਇਹ ਪ੍ਰਬੰਧ ਸਿਰਫ ਅਮੀਰ ਨੂੰ ਹੋਰ ਅਮੀਰ ਅਤੇ ਗਰੀਬ ਨੂੰ ਹੋਰ ਗਰੀਬ ਬਣਾਉਂਦਾ ਹੈ। ਜਦੋਂ ਦੇਸ਼ ਦਾ ਕਿਸਾਨ ਕਰਜ਼ੇ ਹੇਠ ਦੱਬਿਆ ਹੋਵੇ, ਮਜ਼ਦੂਰ ਆਪਣੀ ਮਿਹਨਤ ਦਾ ਪੂਰਾ ਹੱਕ ਨਾ ਲੈ ਸਕੇ, ਨੌਜਵਾਨ ਬੇਰੁਜ਼ਗਾਰੀ ਕਾਰਨ ਨਿਰਾਸ਼ ਹੋਣ ਅਤੇ ਆਮ ਆਦਮੀ ਮਹਿੰਗਾਈ ਨਾਲੋਂ ਟੁੱਟ ਰਿਹਾ ਹੋਵੇ ਤਾਂ ਇਹ ਸਾਫ ਹੈ ਕਿ ਵਿਕਾਸ ਦੇ ਮੌਜੂਦਾ ਦਾਅਵੇ ਸਿਰਫ ਦਿਖਾਵਾ ਹਨ।

''ਪੂੰਜੀਵਾਦ ਆਪਣੇ ਹੀ ਵਿਨਾਸ਼ ਦੇ ਬੀਜ ਆਪਣੇ ਅੰਦਰ ਰੱਖਦਾ ਹੈ।'' - ਕਾਰਲ ਮਾਰਕਸ

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸ਼ੋਸ਼ਣ ਆਪਣੀ ਹੱਦ ਪਾਰ ਕਰਦਾ ਹੈ ਤਾਂ ਲੋਕ ਬਦਲਾਅ ਲਈ ਖੜ੍ਹਦੇ ਹਨ। ਅੱਜ ਲੋੜ ਹੈ ਕਿ ਮਜ਼ਦੂਰ, ਕਿਸਾਨ, ਵਿਦਿਆਰਥੀ ਅਤੇ ਮੱਧ ਵਰਗ ਇਕੱਠੇ ਹੋ ਕੇ ਉਸ ਪ੍ਰਣਾਲੀ ਦੇ ਖਿਲਾਫ ਆਵਾਜ਼ ਬੁਲੰਦ ਕਰਨ ਜੋ ਮਨੁੱਖ ਨੂੰ ਮਿਹਨਤ ਦੀ ਮਸ਼ੀਨ ਸਮਝਦੀ ਹੈ। ਦੇਸ਼ ਦੀ ਦੌਲਤ 'ਤੇ ਕੁਝ ਗਿਣਤੀ ਦੇ ਕਾਰਪੋਰੇਟ ਘਰਾਣਿਆਂ ਦਾ ਨਹੀਂ, ਸਗੋਂ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕਾਂ ਦਾ ਹੱਕ ਹੋਣਾ ਚਾਹੀਦਾ ਹੈ।

ਸਮਾਜਵਾਦੀ ਪ੍ਰਬੰਧ ਹੀ ਉਹ ਰਸਤਾ ਹੈ ਜਿੱਥੇ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਇੱਜ਼ਤ ਨੂੰ ਵਪਾਰ ਨਹੀਂ, ਸਗੋਂ ਹਰ ਨਾਗਰਿਕ ਦਾ ਅਧਿਕਾਰ ਮੰਨਿਆ ਜਾਂਦਾ ਹੈ। ਇਸ ਲਈ ਲੜਾਈ ਸਿਰਫ ਆਰਥਿਕ ਨੀਤੀਆਂ ਦੀ ਨਹੀਂ, ਸਗੋਂ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਦੀ ਲੜਾਈ ਹੈ। ਜਦੋਂ ਤਕ ਦੇਸ਼ ਦੀ ਆਰਥਿਕਤਾ 'ਤੇ ਕਾਰਪੋਰੇਟ ਘਰਾਣਿਆਂ ਅਤੇ ਧਨਾਢ ਵਰਗ ਦਾ ਕਬਜ਼ਾ ਰਹੇਗਾ ਤਦ ਤਕ ਆਮ ਲੋਕਾਂ ਦੇ ਮਸਲੇ ਹੱਲ ਨਹੀਂ ਹੋ ਸਕਦੇ। ਲੋਕਾਂ ਦੀ ਮੁਕਤੀ ਉਸ ਵੇਲੇ ਹੀ ਸੰਭਵ ਹੈ ਜਦੋਂ ਆਰਥਿਕ ਪ੍ਰਬੰਧ ਦਾ ਕੇਂਦਰ ਮੁਨਾਫਾ ਨਹੀਂ, ਸਗੋਂ ਮਨੁੱਖ ਅਤੇ ਉਸਦੀ ਜ਼ਰੂਰਤ ਬਣੇ। ਇਸ ਲਈ ਸਮਾਜਵਾਦੀ ਪ੍ਰਬੰਧ ਸਿਰਫ ਇੱਕ ਵਿਚਾਰ ਨਹੀਂ, ਸਗੋਂ ਸ਼ੋਸ਼ਣ ਦੇ ਖਿਲਾਫ ਲੜ ਰਹੇ ਲੋਕਾਂ ਦੀ ਇਤਿਹਾਸਕ ਲੋੜ ਹੈ।


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)



SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# 1984 ਦਰਬਾਰ ਸਾਹਿਬ ਤੇ ਹਮਲਾ 'ਹੰਝੂ ਜਿਸ ਦੀ ਡੂੰਘਾਈ ਨਹੀਂ ਨਾਪ ਸਕਦੇ

ਲੇਖਕ ਗੁਰਦਰਸ਼ਨ ਸਿੰਘ ਢਿੱਲੋਂ



3 ਜੂਨ, 1984 ਦਾ ਦਿਨ ਸੀ। ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ 378 ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਸੀ ਜਦੋਂ ਭਾਰਤੀ ਫ਼ੌਜੀ ਨੇ 'ਆਪ੍ਰੇਸ਼ਨ ਬਲੂਸਟਾਰ' ਦੇ ਅਜੀਬ ਨਾਂ ਹੇਠ ਸਿੱਖਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਉਤੇ ਫ਼ੌਜੀ ਹੱਲਾ ਬੋਲ ਦਿੱਤਾ ਸੀ। ਇਸ ਦਿਨ ਨੂੰ ਹੀ ਹਮਲਾ ਕਰਨ ਲਈ ਕਿਉਂ ਚੁਣਿਆ ਗਿਆ? ਇਹ ਕੋਈ ਅਚਾਨਕ ਵਰਤਿਆ ਭਾਣਾ ਨਹੀਂ ਸੀ ਕਿ ਹਮਲੇ ਲਈ ਚੁਣਿਆ ਗਿਆ ਦਿਨ ਇਕ ਇਤਿਹਾਸਕ ਦਿਨ ਸੀ। ਦੋ ਸਦੀਆਂ ਪਹਿਲਾਂ, 1736 ਦੀ ਦੀਵਾਲੀ ਵਾਲੇ ਦਿਨ ਮੁਗਲ ਫ਼ੌਜਾਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਸੀ। ਇਹ ਏਨੇ ਵੱਡੇ ਪੱਧਰ ਦਾ ਕਤਲੇਆਮ ਸੀ ਕਿ ਲੋਕ ਦੇਰ ਤੱਕ ਇਸ ਨੂੰ 'ਖੂਨੀ ਦੀਵਾਲੀ' ਕਰਕੇ ਯਾਦ ਕਰਦੇ ਰਹੇ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਦਰਬਾਰ ਸਾਹਿਬ ਉਤੇ ਹਮਲਾ ਕੀਤਾ ਤਾਂ ਉਸ ਨੇ ਵੀ ਵਿਸਾਖੀ ਦਾ ਦਿਨ ਚੁਣਿਆ ਤਾਂ ਕਿ ਵੱਧ ਤੋਂ ਵੱਧ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਸਕੇ, ਕਿਉਂਕਿ ਖਾਲਸੇ ਦਾ ਜਨਮ ਦਿਨ ਮਨਾਉਣ ਲਈ ਸਿੱਖ ਉਸ ਦਿਨ ਵੱਡੀ ਗਿਣਤੀ ਵਿਚ ਦਰਬਾਰ ਸਾਹਿਬ ਵਿਚ ਇਕੱਠੇ ਹੁੰਦੇ ਸਨ।ਹਰ ਕੋਈ ਜਾਣਦਾ ਹੈ ਕਿ ਜਲਿਆਂਵਾਲਾ ਬਾਗ ਅੰਮ੍ਰਿਤਸਰ ਦਾ ਸ਼ਹੀਦੀ ਸਾਕਾ ਵੀ ਵਿਸਾਖੀ ਵਾਲੇ ਦਿਨ ਹੀ ਹੋਇਆ ਅਰਥਾਤ 13 ਅਪ੍ਰੈਲ, 1919 ਨੂੰ। ਗੁਰਪੁਰਬ ਵਾਲੇ ਦਿਨ ਦਰਬਾਰ ਸਾਹਿਬ ਉੱਤੇ ਕੀਤੇ ਗਏ ਹਮਲੇ ਨੇ ਲੋਕਾਂ ਦੇ ਮਨਾਂ ਵਿਚ ਸਿੱਖ ਇਤਿਹਾਸ ਦੇ ਉਨ੍ਹਾਂ ਭੀਆਵਲੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿਚ ਆਉਂਦਾ ਹੈ। ਮੁਹੰਮਦ ਗੌਰੀ, ਚੰਗੇਜ਼ ਖਾਂ, ਅਹਿਮਦ ਸ਼ਾਹ ਅਬਦਾਲੀ ਤੇ ਹੋਰ ਹਮਲਾਵਰਾਂ ਵਲੋਂ ਧਰਮ-ਅਸਥਾਨਾਂ ਦੀ ਕੀਤੀ ਬੇਹੁਰਮਤੀ ਅਤੇ ਲੁੱਟ ਮਾਰ ਦਾ ਸਭ ਨੂੰ ਪਤਾ ਹੈ ਪਰ ਇਤਿਹਾਸ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅਮਨ ਦੇ ਸਮੇਂ ਵਿਚ ਕਿਸੇ ਘੱਟ-ਗਿਣਤੀ ਦੇ ਧਰਮ ਅਸਥਾਨ ਦੀ ਤਬਾਹੀ ਆਪਣੀ ਹੀ ਸਰਕਾਰ ਨੇ ਏਨੇ ਭਿਆਨਕ ਸਾਕੇ ਦੁਆਰਾ ਕੀਤੀ ਹੋਵੇ। ਬਲੂ-ਸਟਾਰ ਸਾਕਾ, ਭਾਰਤ ਦੇ, ਸਗੋਂ ਸੰਸਾਰ ਦੇ ਇਤਿਹਾਸ ਦਾ ਪਹਿਲਾ ਸਾਕਾ ਸੀ ਜਦੋਂ ਫ਼ੌਜਾਂ ਨੂੰ ਇਕ ਕੌਮ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਉਤੇ ਹਮਲਾ ਕਰਨ ਲਈ ਕਿਹਾ ਗਿਆ ਹੋਵੇ ਜਿਸ ਵਿਚ ਆਪਣੇ ਹੀ ਬੰਦਿਆਂ ਮਰਦਾਂ, ਔਰਤਾਂ ਤੇ ਬੱਚਿਆਂ-ਦਾ ਵੱਡੇ ਪੱਧਰ ਤੇ ਕਤਲੇਆਮ ਹੋਇਆ ਹੋਵੇ।

ਦਰਬਾਰ ਸਾਹਿਬ ਉਤੇ ਫ਼ੌਜ ਵਲੋਂ ਹਮਲਾ ਸ਼ੁਰੂ ਕਰਦੇ ਸਾਰ ਹੀ, ਸਾਰੇ ਪੰਜਾਬ ਨੂੰ ਇਕ ਤਰ੍ਹਾਂ ਬਾਕੀ ਦੇ ਸੰਸਾਰ ਨਾਲੋਂ ਕੱਟ ਦਿੱਤਾ ਗਿਆ। ਸਾਰੀਆਂ ਡਾਕ ਤੇ ਸੰਚਾਰ ਸੇਵਾਵਾਂ ਕੱਟ ਦਿੱਤੀਆਂ ਗਈਆਂ। 36 ਘੰਟੇ ਦਾ ਬੜਾ ਸਖਤ ਕਿਸਮ ਦਾ ਕਰਫੀਊ ਲਾ ਦਿੱਤਾ ਗਿਆ ਜੋ ਮਗਰੋਂ 30 ਘੰਟੇ ਲਈ ਹੋਰ ਵਧਾ ਦਿੱਤਾ ਗਿਆ। ਇਹ ਪਿੰਡਾਂ ਸਮੇਤ, ਪੰਜਾਬ ਦੇ ਇਕ ਕੋਨੇ ਤੋਂ ਦੂਜੇ ਕੋਨੇ ਤਕ ਲਾਗੂ ਸੀ। ਇਥੋਂ ਤੱਕ ਕਿ ਕੋਈ ਵਿਅਕਤੀ ਆਮ ਮਾਰਗ ਤੇ ਚਲ ਨਹੀਂ ਸੀ ਸਕਦਾ ਤੇ ਗਲੀ ਵੀ ਪਾਰ ਨਹੀਂ ਸੀ ਕਰ ਸਕਦਾ। ਕੋਈ ਕਰਫੀਊ ਪਾਸ ਜਾਰੀ ਨਹੀਂ ਸਨ ਕੀਤੇ ਗਏ ਅਤੇ ਮਸ਼ੀਨ ਗੰਨਾਂ ਬੀੜੀ ਫ਼ੌਜੀ ਟਰੱਕ, ਅਤੇ ਕਈ ਵਾਰੀ, ਟਰੱਕਾਂ ਉਤੇ ਟੈਂਕ ਰੱਖ ਕੇ ਸੜਕਾਂ ਉਤੇ ਗਸ਼ਤ ਕੀਤੀ ਜਾਂਦੀ ਸੀ- ਇਹ ਪ੍ਰਭਾਵ ਦੇਣ ਲਈ ਕਿ ਫ਼ੌਜ ਦਾ ਮੁਕੰਮਲ ਕਬਜ਼ਾ ਰਾਜ ਉਤੇ ਹੈ। ਦਰਬਾਰ ਸਾਹਿਬ ਦੇ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਕਰਫੀਊ ਵਾਲੇ ਦਿਨ ਆਪਣੇ ਘਰ ਅਤੇ ਦੁਕਾਨਾਂ ਖਾਲੀ ਕਰਨ ਲਈ ਕੇਵਲ ਪੰਜ ਮਿੰਟ ਦਾ ਸਮਾਂ ਦਿੱਤਾ ਗਿਆ ਸੀ। ਜਦ ਕੁੱਝ ਲੋਕਾਂ ਨੂੰ ਏਨੇ ਥੋੜੇ ਸਮੇਂ ਵਿਚ ਅਜਿਹਾ ਕਰਨਾ ਅਸੰਭਵ ਲੱਗਾ ਤਾਂ ਉਨ੍ਹਾਂ 'ਚੋਂ ਕਈ ਲੋਕ ਡਰਦੇ ਮਾਰੇ ਘਰਾਂ ਦੀਆਂ ਛੱਤਾਂ ਤੋਂ ਛਾਲਾਂ ਮਾਰ ਕੇ ਭੱਜਣ ਦਾ ਯਤਨ ਕਰਦੇ ਮਾਰੇ ਗਏ। ਕਈ ਬਜ਼ੁਰਗ, ਔਰਤਾਂ ਤੇ ਬੱਚੇ ਜੋ ਭੱਜ ਨਾ ਸਕੇ, ਉਨ੍ਹਾਂ ਨੂੰ ਜੀਵਨ ਅਤੇ ਮੌਤ ਦੇ ਘੋਲ 'ਚੋਂ ਲੰਘਣਾ ਪਿਆ, ਕਿਉਂਕਿ ਉਨ੍ਹਾਂ ਦੇ ਬਿਜਲੀ ਪਾਣੀ ਬੰਦ ਕਰ ਦਿੱਤੇ ਗਏ ਸਨ। ਸਾਰੇ ਗੈਰ-ਫ਼ੌਜੀ ਵਾਹਨਾਂ ਨੂੰ ਸੜਕ ਤੇ ਚਲਣੋਂ ਰੋਕ ਦਿੱਤਾ ਗਿਆ ਸੀ। ਜਿਵੇਂ ਕਿ ਮੌਕੇ ਦੇ ਇਕ ਗਵਾਹ ਨੇ ਦਸਿਆ, ਕੁੱਤਿਆਂ ਨੂੰ ਵੀ ਭੌਂਕਣ ਦੀ ਆਗਿਆ ਨਹੀਂ ਸੀ।'

ਖ਼ਬਰਾਂ ਉਤੇ ਦੋ ਮਹੀਨੇ ਲਈ ਸੈਂਸਰਸ਼ਿਪ ਬਿਠਾ ਦਿੱਤੀ ਗਈ ਸੀ। ਸਾਰੇ ਵਿਦੇਸ਼ੀ ਪੱਤਰਕਾਰਾਂ ਨੂੰ ਫੜ ਕੇ ਫ਼ੌਜ ਨੇ ਰਾਜ ਤੋਂ ਬਾਹਰ ਕੱਢ ਦਿੱਤਾ। ਇਥੋਂ ਤੱਕ ਕਿ ਰਾਜ ਦੇ ਸਾਰੇ ਪ੍ਰਮੁੱਖ ਅਖਬਾਰਾਂ ਨੂੰ ਤਿੰਨ ਦਿਨ ਤਕ ਲਈ ਛਪਾਈ ਬੰਦ ਕਰਨੀ ਪਈ। ਜੰਗ ਸਮੇਂ ਦਾ ਪੂਰਾ ਮਾਹੌਲ ਬਣਾ ਦਿੱਤਾ ਗਿਆ। ਜੀਵਨ ਪ੍ਰਵਾਹ ਰੁਕ ਜਿਹਾ ਗਿਆ। ਦਰਬਾਰ ਸਾਹਿਬ ਸਮੂਹ ਦੇ ਸਾਰੇ ਟੈਲੀਫੋਨ 2 ਜੂਨ ਨੂੰ ਕੱਟ ਦਿੱਤੇ ਗਏ ਸਨ ਅਤੇ ਪਾਣੀ, ਬਿਜਲੀ 3 ਜੂਨ ਨੂੰ ਕੱਟ ਦਿੱਤੇ ਗਏ।

1 ਜੂਨ ਨੂੰ ਸ਼ੁਰੂ ਹੋਈ ਗੋਲੀਬਾਰੀ ਅਗਲੇ ਦੋ ਦਿਨ ਰੁਕ ਰੁਕ ਕੇ ਚਲਦੀ ਰਹੀ ਤਾਂ ਕਿ ਜਵਾਬੀ ਗੋਲੀਬਾਰੀ ਰਾਹੀਂ ਪਤਾ ਲਾਇਆ ਜਾ ਸਕੇ ਕਿ ਕਿਹੜੀ ਕਿਹੜੀ ਥਾਂ ਤੋਂ ਮੁਕਾਬਲਾ ਕੀਤਾ ਜਾ ਰਿਹਾ ਹੈ। ਪਰ ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ, ਕੋਈ ਜਵਾਬੀ ਗੋਲੀਬਾਰੀ ਨਹੀਂ ਹੋਈ।

ਦਰਬਾਰ ਸਾਹਿਬ ਸਮੂਹ ਨੂੰ ਜਦੋਂ ਫ਼ੌਜ ਨੇ ਘੇਰੇ ਵਿਚ ਲੈ ਲਿਆ ਤਾਂ ਇਕ ਪੱਤਰਕਾਰ ਸੁਭਾਸ਼ ਕਿਰਪੇਕਰ ਜੋ 3 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਨੂੰ ਮਿਲਿਆ, ਉਸ ਨੇ ਪੁਛਿਆ ਕਿ ਕੀ ਉਹ ਮੌਤ ਤੋਂ ਡਰਦੇ ਹਨ। ਸੰਤ ਭਿੰਡਰਾਂਵਾਲਿਆਂ ਨੇ ਉੱਤਰ ਦਿੱਤਾ, ਮੌਤ ਤੋਂ ਡਰਨ ਵਾਲਾ ਸਿੱਖ ਨਹੀਂ ਹੋ ਸਕਦਾ।' ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਉਨ੍ਹਾਂ ਕਤਲਾਂ ਲਈ ਜ਼ਿੰਮੇਵਾਰ ਨਹੀਂ ਸਨ ਜਿਨ੍ਹਾਂ ਕਾਰਨ ਫ਼ੌਜ ਦਰਬਾਰ ਸਾਹਿਬ ਦੇ ਬੂਹੇ ਆ ਖੜ੍ਹੀ ਹੋਈ ਸੀ। ਜਦੋਂ ਕਿਰਪੇਕਰ ਨੇ ਪੁਛਿਆ ਕਿ ਹਿੰਸਾ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ ਤਾਂ ਉਨ੍ਹਾਂ ਨੇ ਜਵਾਬ ਦਿੱਤਾ, ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਉਤੇ ਇਸ ਦੀ ਜ਼ਿੰਮੇਵਾਰੀ ਆਉਂਦੀ ਹੈ।' ਉਸ ਨੇ ਫਿਰ ਪੁਛਿਆ, ਤੁਸੀਂ ਕੀ ਸਮਝਦੇ ਹੋ ਕਿ ਸਿੱਖ ਇਸ ਦੇਸ਼ ਵਿਚ ਨਹੀਂ ਰਹਿ ਸਕਦੇ? ਸੰਤ ਜੀ ਨੇ ਉੱਤਰ ਦਿੱਤਾ, ਹਾਂ ਉਹ ਨਾ ਭਾਰਤ ਅੰਦਰ ਰਹਿ ਸਕਦੇ ਹਨ, ਨਾ ਭਾਰਤ ਦੇ ਨਾਲ। ਜੇ ਬਰਾਬਰ ਦੇ ਸਮਝ ਕੇ ਚਲਣ ਤਾਂ ਸੰਭਵ ਹੋ ਸਕਦਾ ਹੈ। ਪਰ ਸੱਚੀ ਗੱਲ ਆਖਾਂ ਤਾਂ ਅਜਿਹਾ ਹੋਣਾ ਸੰਭਵ ਲੱਗਦਾ ਨਹੀਂ।' ਸੰਤ ਭਿੰਡਰਾਂਵਾਲਿਆਂ ਵਲੋਂ ਕਿਸੇ ਪੱਤਰਕਾਰ ਨੂੰ ਦਿੱਤੀ ਇਹ ਅੰਤਮ ਭੇਂਟ ਵਾਰਤਾ ਸੀ।

ਮੌਕੇ ਦੇ ਗਵਾਹਾਂ ਨੇ ਭੇਤ ਖੋਲ੍ਹਿਆ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਸਖਤ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਜਦ ਤਕ ਫ਼ੌਜਾਂ ਦਰਬਾਰ ਸਾਹਿਬ ਦੇ ਅੰਦਰ ਦਾਖਲ ਨਹੀਂ ਹੁੰਦੀਆਂ, ਇਕ ਵੀ ਗੋਲੀ ਨਾ ਚਲਾਈ ਜਾਏ। ਉਨ੍ਹਾਂ ਦੇ ਦਰਬਾਰ ਸਾਹਿਬ ਦੇ ਚੌਗਿਰਦੇ ਵਿਚ ਮੋਰਚੇ ਕਾਇਮ ਕਰ ਲਏ ਹੋਏ ਸਨ-ਕੇਵਲ ਬਚਾਅ ਵਜੋਂ ਹਮਲੇ ਲਈ ਨਹੀਂ। ਜਿਵੇਂ ਕਿ ਮੌਕੇ ਦੇ ਗਵਾਹਾਂ ਨੇ ਦਸਿਆ ਹੈ, ਸੰਤ ਭਿੰਡਰਾਂਵਾਲਿਆਂ ਦੇ ਆਦਮੀਆਂ ਨੇ ਗੋਲੀ ਕੇਵਲ ਉਦੋਂ ਚਲਾਈ ਜਦੋਂ ਫ਼ੌਜ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਗਈ। ਉਨ੍ਹਾਂ ਦੇ ਬੇਮਿਸਾਲ ਜਜ਼ਬੇ ਦੇ ਬਾਵਜੂਦ ਉਹ ਗਿਣਤੀ ਪੱਖੋਂ ਜਾਂ ਅਸਲੇ ਬਾਰੂਦ ਪੱਖੋਂ ਫ਼ੌਜ ਦਾ ਕਿਸੇ ਤਰ੍ਹਾਂ ਵੀ ਮੁਕਾਬਲਾ ਨਹੀਂ ਸਨ ਕਰ ਸਕਦੇ।

ਫ਼ੌਜ ਜਦੋਂ ਦਰਬਾਰ ਸਾਹਿਬ ਅੰਦਰ ਦਾਖਲ ਹੋਈ ਤਾਂ ਮੇਜਰ ਜਨਰਲ ਸ਼ਬੇਗ ਸਿੰਘ ਦੀ ਕਮਾਨ ਨੇ ਮੁਕਾਬਲਾ ਕੀਤਾ ਅਤੇ ਬੜੀ ਸਖਤ ਲੜਾਈ ਸ਼ੁਰੂ ਹੋ ਗਈ। ਫ਼ੌਜਾਂ, ਜੋ ਕਿ ਪਹਿਲੀ ਜੂਨ ਤੋਂ ਰੁਕ ਰੁਕ ਕੇ ਗੋਲੀਬਾਰੀ ਕਰ ਰਹੀਆਂ ਸਨ ਨੇ 4 ਜੂਨ ਤੋਂ ਗੋਲੀਬਾਰੀ ਬੜੀ ਤੇਜ਼ ਕਰ ਦਿੱਤੀ ਤੇ ਇਹ ਬਿਨਾਂ ਰੁਕੇ ਚਲਦੀ ਰਹੀ। ਲਾਈਟ ਮਸ਼ੀਨ ਗੰਨਾਂ ਤੇ ਮੀਡੀਅਮ ਮਸ਼ੀਨ ਗੰਨਾਂ ਦੀ ਵਰਤੋਂ ਦੇ ਨਾਲ ਨਾਲ ਫ਼ੌਜੀ ਜਵਾਨਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਅੰਦਰ ਕਈ ਥਾਵਾਂ ਤੇ ਹੱਥਗੋਲੇ ਅਤੇ ਜ਼ਹਿਰੀਲੀ ਗੈਸ ਦੇ ਗੋਲੇ ਵੀ ਦਾਗੇ। ਫ਼ੌਜੀ ਜਰਨੈਲਾਂ ਦਾ ਅਨੁਮਾਨ ਸੀ ਕਿ ਸਾਰੀ ਕਾਰਵਾਈ ਕੁੱਝ ਘੰਟਿਆਂ ਤੋਂ ਵੱਧ ਨਹੀਂ ਚਲੇਗੀ ਪਰ ਸਿੱਖ ਨੌਜਵਾਨਾਂ ਵਲੋਂ ਦ੍ਰਿੜਤਾ ਨਾਲ ਕੀਤੇ ਗਏ ਮੁਕਾਬਲੇ ਸਦਕਾ, ਲੜਾਈ ਲਗਭਗ ਚਾਰ ਦਿਨ ਤਕ ਚਲਦੀ ਰਹੀ। 'ਸੰਡੇ ਟਾਈਮਜ਼' ਲੰਡਨ ਦੀ ਪੱਤਰਕਾਰ ਮੇਰੀ ਐਨੇ ਵੀਵਰ ਨੇ ਲਿਖਿਆ, ਫ਼ੌਜ ਨੂੰ ਯਕੀਨ ਸੀ ਕਿ ਉਹ ਦਰਬਾਰ ਸਾਹਿਬ 'ਚੋਂ ਸਿੱਖ ਖਾੜਕੂਆਂ ਨੂੰ ਕੁਝ ਘੰਟਿਆਂ ਅੰਦਰ ਬਾਹਰ ਕੱਢ ਮਾਰੇਗੀ। ਪਰ ਇਸ ਨੂੰ ਚਾਰ ਦਿਨ ਲੱਗ ਗਏ। ਮੁਕਾਬਲਾ ਏਨਾ ਸਖਤ ਹੋਇਆ ਜਿੰਨਾ ਕਿ ਤੇਜ਼ ਮਿਜ਼ਾਜ ਸੰਤ ਭਿੰਡਰਾਂਵਾਲਿਆਂ ਨੇ ਪਹਿਲਾਂ ਕਹਿ ਦਿੱਤਾ ਸੀ-ਜੇ ਫ਼ੌਜ ਅੰਦਰ ਆਈ ਤਾਂ ਅਸੀਂ ਉਨ੍ਹਾਂ ਨੂੰ ਅਜਿਹਾ ਸਬਕ ਸਿਖਾਵਾਂਗੇ ਕਿ ਇੰਦਰਾ ਦੀ ਗੱਦੀ ਹਿਲ ਜਾਵੇਗੀ।' ਉਹ ਆਖਰੀ ਬੰਦੇ ਅਤੇ ਆਖਰੀ ਗੋਲੀ ਤਕ ਲੜਨ ਲਈ ਦ੍ਰਿੜ-ਸੰਕਲਪ ਸਨ। ਪਹਿਲੇ ਦੋ ਦਿਨਾਂ ਵਿਚ ਫ਼ੌਜ ਨੇ ਹਮਲੇ ਦੌਰਾਨ ਮਸ਼ੀਨ ਗੰਨਾਂ, ਮਾਰਟਰ ਅਤੇ ਰਾਕਟ ਵਰਤੋਂ ਵਿਚ ਲਿਆਂਦੇ ਪਰ ਸਖ਼ਤ ਨੁਕਸਾਨ ਉਠਾਉਣ ਮਗਰੋਂ ਵੀ ਕੋਈ ਸਫਲਤਾ ਪ੍ਰਾਪਤ ਨਾ ਕਰ ਸਕੀ। ਸੁਭਾਸ਼ ਕਿਰਪੇਕਰ ਜੋ ਆਪਣੇ ਹੋਟਲ ਦੇ ਕਮਰੇ 'ਚ ਸਭ ਕੁੱਝ ਵੇਖ ਰਿਹਾ ਸੀ, ਉਸ ਨੇ ਲਿਖਿਆ, ਪਹਿਲੀ ਵਾਰੀ ਮੈਂ ਦੇਖ ਰਿਹਾ ਹਾਂ ਕਿ ਮੇਰੇ ਦੋਸਤ ਹੈਰਾਨ ਹੋ ਰਹੇ ਹਨ ਕਿ ਫ਼ੌਜ ਨੇ ਕੰਮ ਖਤਮ ਕਰਨ ਲਈ ਏਨਾ ਸਮਾਂ ਕਿਉਂ ਲਿਆ ਹੈ ਇਕ ਇਕੱਲੇ ਸੰਤ ਨੇ ਤਿੰਨ ਦਿਨਾਂ ਤੋਂ ਉਨ੍ਹਾਂ ਨੂੰ ਨੇੜੇ ਆਉਣੋਂ ਰੋਕਿਆ ਹੋਇਆ ਹੈ। ਦਰਬਾਰ ਸਾਹਿਬ ਦੇ ਚੌਗਿਰਦੇ ਦੀਆਂ ਕਈ ਮਾਰਕੀਟਾਂ ਅੱਗ ਦੀ ਲਪੇਟ ਵਿਚ ਆ ਚੁਕੀਆਂ ਹਨ। ਮੈਨੂੰ ਉਚੀਆਂ ਲਾਟਾਂ ਅਸਮਾਨ ਵਲ ਸ਼ੈਤਾਨੀ ਨਾਚ ਨਚਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ। ਜੇ ਅੱਗ ਫੈਲਦੀ ਗਈ ਤਾਂ ਮੈਨੂੰ ਡਰ ਹੈ ਕਿ ਸਾਰੇ ਸ਼ਹਿਰ ਨੂੰ ਕਲਾਵੇ ਵਿਚ ਲੈ ਲਵੇਗੀ।'

ਕਾਹਲੀ ਨਾਲ ਸਲਾਹ ਮਸ਼ਵਰੇ ਹੋਣ ਲੱਗੇ ਅਤੇ ਪ੍ਰਤੱਖ ਹੈ ਕਿ ਅਜਿਹੇ ਹੁਕਮ ਉਪਰੋਂ ਪ੍ਰਾਪਤ ਕਰ ਲਏ ਗਏ ਕਿ ਆਰਟਿਲਰੀ ਤੇ ਟੈਂਕਾਂ ਦੀ ਵਰਤੋਂ ਕਰ ਲਈ ਜਾਵੇ। ਆਪਣੀ ਕਿਸਮ ਦੀ ਇਹ ਪਹਿਲੀ ਕਾਰਵਾਈ ਸੀ ਜਿਸ ਵਿਚ ਫ਼ੌਜ ਦੀਆਂ ਸੱਤ ਡਵੀਜ਼ਨਾਂ ਤੈਨਾਤ ਕੀਤੀਆਂ ਗਈਆਂ ਸਨ ਅਤੇ ਫ਼ੌਜ ਦੇ ਤਿੰਨੇ ਭਾਗ-ਜਲ ਸੈਨਾ, ਥਲ ਸੈਨਾ ਤੇ ਹਵਾਈ ਸੈਨਾ ਨੂੰ ਇਕ ਘਰੇਲੂ ਸਮੱਸਿਆ ਦੇ ਹੱਲ ਲਈ ਝੋਕ ਦਿੱਤਾ ਗਿਆ ਸੀ। ਯੋਜਨਾ ਬਨਾਉਣ ਵਾਲੇ ਸ਼ਾਇਦ ਇਹ ਸੋਚਦੇ ਸਨ ਕਿ ਗੋਲੀ ਸਿੱਕੇ ਦਾ ਜ਼ਬਰਦਸਤ ਵਿਖਾਵਾ ਅਤੇ ਫ਼ੌਜ ਦੇ ਤਿੰਨਾਂ ਭਾਗਾਂ ਦੀ ਗਰਜ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਡਰਾ ਦੇਵੇਗੀ ਤੇ ਉਹ ਗੋਡੇ ਟੇਕ ਦੇਣਗੇ। ਪਰ ਉਹ ਭੁਲੇਖੇ ਵਿਚ ਸਨ, ਕਿਉਂਕਿ ਗੋਲੀਆਂ ਦੀ ਤੜ ਤੜ ਅਤੇ ਮਸ਼ੀਨਾਂ ਦੀ ਗੜ ਗੜ ਦਰਬਾਰ ਸਾਹਿਬ ਦੀ ਰਾਖੀ ਕਰਨ ਵਾਲਿਆਂ ਨੂੰ ਡੁਲਾ ਨਾ ਸਕੀ। ਇਕ ਬਰਤਾਨਵੀਂ ਪੱਤਰਕਾਰ ਮੇਰੀ ਐਨੇ ਵੀਵਰ ਨੇ 'ਸੰਡੇ ਟਾਈਮਜ਼' ਨੂੰ ਭੇਜੀ ਆਪਣੀ ਰੀਪੋਰਟ (7 ਜੂਨ, 1984) ਵਿਚ ਲਿਖਿਆ,' ਆਜ਼ਾਦੀ ਮਗਰੋਂ ਇਸ ਤੋਂ ਪਹਿਲਾਂ ਕਦੀ ਵੀ ਏਨੀ ਗਿਣਤੀ ਵਿਚ ਫ਼ੌਜ ਦੀ ਵਰਤੋਂ ਨਹੀਂ ਸੀ ਕੀਤੀ ਗਈ। ਲਗਭਗ 15000 ਜਵਾਨ ਸਿੱਧੇ ਹਮਲੇ ਵਿਚ ਸ਼ਾਮਲ ਹੋਏ ਤੇ 35000 ਅੰਦਰੂਨੀ ਬਗਾਵਤ ਨੂੰ ਕੁਚਲਣ ਲਈ ਤਿਆਰ ਖੜ੍ਹੇ ਸਨ। ਅੰਗਰੇਜ਼ੀ ਰਾਜ ਦੇ ਬੜੇ ਸਖਤੀ ਵਾਲੇ ਦਿਨਾਂ ਵਿਚ ਵੀ ਏਨੇ ਮਹੱਤਵਪੂਰਨ ਧਰਮ-ਅਸਥਾਨ ਤੇ ਹਮਲਾ ਕਰਨ ਲਈ ਫ਼ੌਜ ਦੀ ਵਰਤੋਂ ਨਹੀਂ ਸੀ ਕੀਤੀ ਗਈ।'

ਸੰਤ ਭਿੰਡਰਾਂਵਾਲਿਆਂ ਦੇ ਸਾਥੀਆਂ ਨੇ ਭਾਰਤੀ ਫ਼ੌਜ ਦਾ ਦੋ ਦਿਨ ਡੱਟ ਕੇ ਮੁਕਾਬਲਾ ਕੀਤਾ ਪਰ ਉਨ੍ਹਾਂ ਕੋਲ ਜੋ ਸੀਮਿਤ ਜਹੇ ਹਥਿਆਰ ਸਨ, ਉਨ੍ਹਾਂ ਨਾਲ ਟੈਂਕਾਂ ਦੇ ਹਮਲੇ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ। ਜਿਵੇਂ ਕਈ ਮੌਕੇ ਦੇ ਗਵਾਹਾਂ ਨੇ ਦਸਿਆ, ਦਰਬਾਰ ਸਾਹਿਬ ਦੀ ਫ਼ੌਜ ਤੋਂ ਰਾਖੀ ਕਰਨ ਵਾਲਿਆਂ ਦੀ ਗਿਣਤੀ 50 ਤੋਂ ਲੈ ਕੇ 100 ਤੱਕ ਸੀ। ਹਮਲੇ ਦੌਰਾਨ 13 ਟੈਂਕਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ 'ਚੋਂ ਸੱਤ ਟੈਂਕ ਅਕਾਲ ਤਖ਼ਤ ਸਾਹਿਬ ਉਤੇ ਹਮਲਾ ਕਰਨ ਲਈ ਵਰਤੇ ਗਏ। ਉਨ੍ਹਾਂ 'ਚੋਂ ਇਕ ਨੂੰ 16 ਸਾਲ ਦੇ ਇਕ ਭੁਝੰਗੀ ਨੇ, ਆਪਣੇ ਜਿਸਮ ਦੁਆਲੇ ਬਾਰੂਦ ਬੰਨ੍ਹ ਕੇ ਅਤੇ ਚਲਦੇ ਟੈਂਕ ਵਿਚ ਛਾਲ ਮਾਰ ਕੇ, ਤਬਾਹ ਕਰ ਦਿੱਤਾ। ਪੁੱਜੇ ਨੁਕਸਾਨ ਸਦਕਾ, ਟੈਂਕ ਬਾਬਾ ਦੀਪ ਸਿੰਘ ਦੀ ਸਮਾਧੀ ਸਾਹਮਣੇ ਪਰਕਰਮਾ ਵਿਚ ਜਾਮ ਹੋ ਕੇ ਰਹਿ ਗਿਆ। ਮਗਰੋਂ ਫ਼ੌਜ ਨੇ ਬੜੀ ਮੁਸ਼ਕਲ ਨਾਲ ਉਥੋਂ ਹਟਾਇਆ। ਬ੍ਰਹਮ ਚੇਲਾਨੀ ਨੇ ਲਿਖਿਆ, '6 ਜੂਨ ਨੂੰ ਰਾਤ ਨੌਂ ਵਜੇ ਦੇ ਕਰੀਬ, 7 ਲੱਖ ਦੀ ਵਸੋਂ ਵਾਲਾ ਸਾਰਾ ਸ਼ਹਿਰ ਬਿਜਲੀ ਬੰਦ ਹੋਣ ਨਾਲ ਹਨੇਰੇ ਵਿਚ ਡੁੱਬ ਗਿਆ। ਅੱਧੇ ਘੰਟੇ ਮਗਰੋਂ, ਅੰਮ੍ਰਿਤਸਰ ਸ਼ਹਿਰ ਜ਼ੋਰਦਾਰ ਧਮਾਕਿਆਂ, ਮਾਰਟਰ ਫਟਣ ਅਤੇ ਮਸ਼ੀਨ-ਗੰਨ ਦੀ ਉਗਲਦੀ ਅੱਗ ਨਾਲ ਕੰਬ ਉਠਿਆ। ਵੱਡੀ ਜੰਗ ਸ਼ੁਰੂ ਹੋ ਗਈ ਸੀ। ਅੱਧਾ ਸ਼ਹਿਰ ਕੋਠਿਆਂ ਤੇ ਚੜ੍ਹ ਕੇ ਜੰਗ ਵੇਖਣ ਲੱਗਾ। ਰੋਸ਼ਨੀ ਕਰਨ ਵਾਲੇ ਗੋਲਿਆਂ ਨਾਲ ਅਸਮਾਨ ਚਮਕ ਉਠਦਾ। ਦਰਬਾਰ ਸਾਹਿਬ ਅੰਦਰ ਹੋਣ ਵਾਲੇ ਧਮਾਕਿਆਂ ਨਾਲ ਖਿੜਕੀਆਂ ਦਰਵਾਜ਼ੇ ਮੀਲਾਂ ਤੱਕ ਹਿਲ ਜਾਂਦੇ। ਜਦੋਂ ਭਿਆਨਕ ਲੜਾਈ ਜਾਰੀ ਸੀ ਤਾਂ ਸਰਕਾਰੀ ਕਬਜ਼ੇ ਹੇਠਲੇ ਰੇਡੀਓ ਤੋਂ ਐਲਾਨ ਕੀਤਾ ਜਾ ਰਿਹਾ ਸੀ ਕਿ ਸ਼ਹਿਰ ਵਿਚ ਮੁਕੰਮਲ 'ਸ਼ਾਂਤੀ' ਸੀ। ਰਾਤ ਸਾਢੇ ਦੱਸ ਵਜੇ ਤੋਂ ਅੱਧੀ ਰਾਤ ਤਕ, ਅਸੀਂ ਸ਼ਹਿਰ ਦੇ ਚੁਫੇਰਿਉਂ ਨਾਹਰਿਆਂ ਦੀਆਂ ਆਵਾਜ਼ਾਂ ਸੁਣੀਆਂ। ਕਈ ਪਾਸਿਆਂ ਤੋਂ ਪਿੰਡਾਂ ਦੇ ਵਸਨੀਕ ਦਰਬਾਰ ਸਾਹਿਬ ਵਲ ਵਧਣ ਦਾ ਯਤਨ ਕਰ ਰਹੇ ਸਨ। ਨਾਹਰੇ ਲੱਗ ਰਹੇ ਸਨ, 'ਪੰਥ ਕੀ ਜੀਤ' ਅਤੇ 'ਸਾਡਾ ਨੇਤਾ-ਭਿੰਡਰਾਂਵਾਲਾ'। ਹਰ ਵਾਰ ਜਦੋਂ ਨਾਹਰੇ ਲਗਦੇ ਤਾਂ ਤੁਰੰਤ ਮਗਰੋਂ ਤੇਜ਼ੀ ਨਾਲ ਮਸ਼ੀਨਗੰਨ ਦੀ ਗੋਲੀਬਾਰੀ ਦੀ ਆਵਾਜ਼ ਆਉਂਦੀ ਤੇ ਫਿਰ ਚੀਕਾਂ ਸੁਣਾਈ ਦੇਂਦੀਆਂ।'

ਗੈਸ ਦੇ ਬੰਬ ਅਤੇ ਸਟੱਨ ਬੰਬ (ਵਿਰੋਧੀ ਨੂੰ ਹੈਰਾਨ ਪ੍ਰੇਸ਼ਾਨ ਕਰਨ ਲਈ) ਫਰਸਟ ਪੈਰਾ ਕਮਾਂਡੋਜ਼ ਅਤੇ ਟੈਂਨ ਗਾਰਡਜ਼ ਦੀ ਸਹਾਇਤਾ ਲਈ ਅਕਾਲ ਤਖ਼ਤ ਉਤੇ ਉਸ ਸਮੇਂ ਦਾਗੇ ਗਏ ਜਦੋਂ ਇਹ ਅਕਾਲ ਤਖ਼ਤ ਉਤੇ ਹਮਲਾ ਕਰਨ ਲਈ ਅੱਗੇ ਵਧੇ। ਪਰ ਤੇਜ਼ ਹਵਾ ਅਤੇ ਕਮਰਿਆਂ ਦੀ ਸਖਤ ਮੋਰਚਾਬੰਦੀ ਕਾਰਨ ਗੋਲੇ ਆਪਣਾ ਅਸਰ ਨਾ ਵਿਖਾ ਸਕੇ। ਕਮਾਂਡੋ ਹੋਰ ਜ਼ਿਆਦਾ, ਹੋਰ ਜ਼ਿਆਦਾ ਸਹਾਇਤਾ ਦੀ ਮੰਗ ਕਰਦੇ ਰਹੇ ਜੋ ਉਨ੍ਹਾਂ ਨੂੰ ਪਹੁੰਚਾਈ ਜਾਂਦੀ ਰਹੀ। ਇਸ ਸਭ ਕਾਸੇ ਦੇ ਬਾਵਜੂਦ, ਕਮਾਂਡੋਆਂ ਦਾ ਭਾਰੀ ਨੁਕਸਾਨ ਹੋਇਆ।

ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਖਬਰ ਪੰਜਾਬ ਵਿਚ ਪੁੱਜੀ ਤਾਂ ਬੜਾ ਖਿਚਾਅ ਪੈਦਾ ਹੋ ਗਿਆ ਅਤੇ ਪੇਂਡੂ ਖੇਤਰਾਂ ਵਿਚ ਲੋਕ ਉਠ ਖੜੇ ਹੋਏ। ਫ਼ੌਜੀ ਹੈਲੀਕਾਪਟਰਾਂ ਨੇ ਕਈ ਥਾਵਾਂ ਤੇ ਲੋਕਾਂ ਨੂੰ ਇਕੱਤਰ ਹੋ ਕੇ ਦਰਬਾਰ ਸਾਹਿਬ ਵਲ ਕੂਚ ਕਰਦਿਆਂ ਵੇਖ ਲਿਆ। ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੀ ਦੂਰੀ ਤੇ, ਇਕ ਪਿੰਡ ਗੋਹਲਵਾੜ ਵਿਚ ਲਗਭਗ 30,000 ਸਿੱਖ ਇਕੱਠੇ ਹੋ ਗਏ ਤਾਂ ਕਿ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਅੰਮ੍ਰਿਤਸਰ ਵਲ ਚਾਲੇ ਪਾਏ ਜਾਣ। ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਰਾਜਾਸਾਂਸੀ ਤੇ ਹੇਅਰ-ਪਿੰਡਾਂ ਵਿਚ ਹਜ਼ਾਰਾਂ ਵਿਅਕਤੀ ਇਕੱਤਰ ਹੋ ਕੇ ਅੰਮ੍ਰਿਤਸਰ ਵਲ ਕੂਚ ਕਰਦੇ ਵੇਖੇ ਗਏ।

ਬਟਾਲਾ ਅਤੇ ਗੁਰਦਾਸਪੁਰ ਤੋਂ ਵੀ ਗੁੱਸੇ ਨਾਲ ਭਰੇ ਪੀਤੇ ਸਿੱਖਾਂ ਦੀਆਂ ਵਹੀਰਾਂ ਵਲੋਂ ਅੰਮ੍ਰਿਤਸਰ ਵਲ ਚਾਲੇ ਪਾਉਣ ਦੀਆਂ ਖ਼ਬਰਾਂ ਪ੍ਰਾਪਤ ਹੋਈਆਂ। ਫ਼ੌਜ ਨੇ ਫੈਸਲਾ ਲਿਆ ਕਿ ਤੇਜ਼ੀ ਨਾਲ ਵਧਦੀਆਂ ਜਾ ਰਹੀਆਂ ਬਾਗੀ ਭੀੜਾਂ ਤੇ ਕਾਬੂ ਪਾਉਣ ਦਾ ਇਕੋ ਇਕ ਤਰੀਕਾ ਇਹ ਸੀ ਕਿ ਭੀੜਾਂ ਨੂੰ ਗੋਲੀ ਨਾਲ ਭੁੰਨ ਦਿੱਤਾ ਜਾਏ। ਨਤੀਜੇ ਵਜੋਂ, ਦਰਬਾਰ ਸਾਹਿਬ ਵਲ ਕੂਚ ਕਰ ਰਹੇ ਸ਼ਾਂਤਮਈ ਸਿੱਖਾਂ ਦੀਆਂ ਵਹੀਰਾਂ ਉਤੇ ਅਸਮਾਨ ਤੋਂ ਬੰਬ ਸੁੱਟੇ ਗਏ ਅਤੇ ਮਸ਼ੀਨਗੰਨ ਨਾਲ ਅੰਨ੍ਹੀ ਫਾਇਰਿੰਗ ਕੀਤੀ ਗਈ ਜਿਸ ਨਾਲ ਹਜ਼ਾਰਾਂ ਨਿਹੱਥੇ ਲੋਕ ਮਾਰੇ ਗਏ।

-ਬਾਕੀ ਅਗਲੇ ਸਫ਼ੇ 'ਤੇ

## 1984 ਦਰਬਾਰ ਸਾਹਿਬ ਤੇ...

ਕਰਫ਼ੀਊ ਜੋ ਕਿ ਸ਼ੁਰੂ ਵਿਚ 36 ਘੰਟਿਆਂ ਲਈ ਲਾਇਆ ਗਿਆ ਸੀ, ਹੋਰ 30 ਘੰਟਿਆਂ ਲਈ ਵਧਾ ਦਿੱਤਾ ਗਿਆ। 5-6 ਜੂਨ ਦੀ ਰਾਤ ਨੂੰ, ਲੜਾਈ ਹੋਰ ਵੀ ਭਿਆਨਕ ਰੂਪ ਧਾਰ ਗਈ। ਜਨਰਲ ਕੇ ਐਸ ਬਰਾੜ ਅਨੁਸਾਰ, 6 ਜੂਨ ਨੂੰ ਸਵੇਰੇ ਸਾਢੇ ਚਾਰ ਵਜੇ, ਤੀਹ ਫ਼ੌਜੀ ਅਕਾਲ ਤਖ਼ਤ ਅੰਦਰ ਦਾਖਲ ਹੋਣ ਵਿਚ ਸਫਲ ਹੋ ਗਏ। ਲੜਾਈ ਹੋਰ ਦੋ ਘੰਟੇ ਚਲੀ ਅਤੇ ਅਤਿਵਾਦੀ ਆਖਰੀ ਬੰਦਾ ਜੀਵਤ ਰਹਿਣ ਤਕ ਲੜਦੇ ਰਹੇ। ਲਗਾਤਾਰ ਧਮਾਕਿਆਂ ਕਾਰਨ, ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਹਿ ਢੇਰੀ ਹੋ ਗਈ ਤੇ ਮਲਬੇ ਦਾ ਰੂਪ ਧਾਰ ਗਈ। ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ, ਦਰਬਾਰ ਸਾਹਿਬ ਦੀ ਰਾਖੀ ਕਰਦੇ ਹੋਏ ਪ੍ਰਾਣ ਨਿਛਾਵਰ ਕਰ ਗਏ ਅਤੇ ਜਿਵੇਂ ਕਿ ਮਗਰੋਂ ਕੌਮ ਨੇ ਵੀ ਪੁਸ਼ਟੀ ਕੀਤੀ, ਉਹ ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਪ੍ਰਾਪਤ ਕਰ ਗਏ।

ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪ੍ਰਣ ਉੱਤੇ ਆਪਣੇ ਖ਼ੂਨ ਦੀ ਮੋਹਰ ਲਾ ਦਿੱਤੀ। ਸਿੱਖਾਂ ਦੀਆਂ ਬਹਾਦਰੀ ਵਾਲੀਆਂ ਰਵਾਇਤਾਂ ਸ਼ਹੀਦੀ ਪ੍ਰਾਪਤ ਕਰਨ ਨੂੰ ਅਤੇ ਔਖੇ ਹਾਲਾਤ ਵਿਚ ਮੁਕਾਬਲਾ ਕਰਨ ਨੂੰ ਬੜਾ ਉੱਚਾ ਰੁਤਬਾ ਦੇਂਦੀਆਂ ਹਨ। ਉਨ੍ਹਾਂ ਬਾਰੇ ਕੋਈ ਕੁੱਝ ਵੀ ਆਖੇ, ਜਿਸ ਤਰ੍ਹਾਂ ਉਹ ਆਖਰੀ ਸਾਹਾਂ ਤੱਕ ਲੜੇ, ਉਸ ਨਾਲ ਸਿੱਖਾਂ ਦੀਆਂ ਨਜ਼ਰਾਂ ਵਿਚ ਨਾ ਕੇਵਲ ਉਹ ਆਪ ਹੀ ਸ਼ਹੀਦ ਦਾ ਰੁਤਬਾ ਪ੍ਰਾਪਤ ਕਰ ਗਏ ਸਗੋਂ ਅਜੋਕੇ ਯੁਗ ਵਿਚ ਸ਼ਹੀਦੀ ਦੇ ਸੰਕਲਪ ਦੀ ਸਾਰਥਕਤਾ ਵੀ ਸਿਧ ਕਰ ਗਏ।

ਸੰਤ ਭਿੰਡਰਾਂਵਾਲਿਆਂ ਵਲੋਂ ਅਕਾਲ ਤਖਤ ਸਾਹਿਬ ਦੀ ਰਾਖੀ ਲਈ ਜਾਨ ਵਾਰ ਦੇਣ ਦੀ ਗੱਲ ਲੋਕ-ਕਥਾ ਬਣ ਗਈ। ਉਨ੍ਹਾਂ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਉਜਾਗਰ ਕਰਨ ਵਾਲੀਆਂ ਵਾਰਾਂ ਤੇ ਕਬਿੱਤਾਂ ਸ਼ਹਿਰਾਂ ਤੇ ਪਿੰਡਾਂ ਵਿਚ ਹਰ ਇਕ ਦੀ ਜ਼ੁਬਾਨ ਤੇ ਚੜ੍ਹ ਗਈਆਂ। 'ਸਾਕਾ' ਨਾਂ ਦੀ ਵਾਰ, ਜਿਸ ਨੂੰ ਨਾਭੇ ਦੀਆਂ ਬੀਬੀਆਂ ਨੇ ਗਾਇਆ ਸੀ



(ਜਿਨ੍ਹਾਂ ਨੂੰ ਮਗਰੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ), ਬਹੁਤ ਹੀ ਲੋਕ-ਪ੍ਰਿਯ ਹੋ ਗਈ। ਵਾਰ ਵਿਚ ਫ਼ੌਜ ਵਲੋਂ ਸਿੱਖਾਂ ਉਤੇ ਢਾਹੇ ਗਏ ਕਹਿਰ ਦਾ ਵਰਨਣ ਸੀ ਤੇ ਇਹ ਵੀ ਦਸਿਆ ਸੀ ਕਿ ਇਨ੍ਹਾਂ ਸਿੱਖਾਂ ਨੇ ਹੀ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਸਨ। ਇਸ ਵਿਚ ਉਨ੍ਹਾਂ ਨੂੰ ਹਲੂਣਾ ਦਿੱਤਾ ਗਿਆ ਸੀ ਕਿ ਆਪਣੀ ਪੱਗ ਅਤੇ ਦਾਹੜੀ ਦੀ ਰੱਖਿਆ ਲਈ ਜ਼ੁਲਮ ਦਾ ਡੱਟ ਕੇ ਟਾਕਰਾ ਕਰਨ।

ਸੰਤ ਭਿੰਡਰਾਂਵਾਲਿਆਂ ਦਾ ਅੰਤਮ ਸਸਕਾਰ 7 ਜੂਨ ਦੀ ਸ਼ਾਮ ਨੂੰ ਕੀਤਾ ਗਿਆ। ਦਰਬਾਰ ਸਾਹਿਬ ਦੇ ਨੇੜੇ 10 ਹਜ਼ਾਰ ਲੋਕਾਂ ਦੀ ਭੀੜ ਇਕੱਤਰ ਹੋ ਗਈ ਸੀ ਪਰ ਫ਼ੌਜ ਨੇ ਉਸ ਨੂੰ ਅੱਗੇ ਵਧਣੋਂ ਰੋਕ ਦਿੱਤਾ। ਚਿਤਾ ਨੂੰ ਅੱਗ ਲਗਾਏ ਜਾਣ ਸਮੇਂ, ਮੌਕੇ ਤੇ ਤੈਨਾਤ ਕਈ ਪੁਲਸੀਆਂ ਨੂੰ ਅਥਰੂਆਂ ਨਾਲ ਸੰਤ ਜੀ ਨੂੰ ਅੰਤਮ ਵਿਦਾਇਗੀ ਦੇਂਦਿਆਂ ਵੇਖਿਆ ਗਿਆ। ਦੂਜੇ ਪਾਸੇ ਹਿੰਦੂ ਜੋ ਕਿ ਉਨ੍ਹਾਂ ਨੂੰ ਖਲਨਾਇਕ ਸਮਝਦੇ ਸਨ, ਉਨ੍ਹਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਹ ਹਸਦੇ ਤੇ ਫ਼ੌਜੀ ਜਵਾਨਾਂ ਨੂੰ ਮਠਿਆਈ ਵੰਡਦੇ ਵੇਖੇ ਗਏ। ਉਨ੍ਹਾਂ ਲਈ ਕਰਫੀਊ ਦਾ ਹੁਕਮ ਢਿੱਲਾ ਕਰ ਦਿੱਤਾ ਗਿਆ ਲਗਦਾ ਸੀ।

ਫ਼ੌਜ ਨੇ ਦਾਅਵਾ ਕੀਤਾ ਕਿ ਉਸ ਨੇ ਬੜੇ ਜ਼ਬਤ ਤੋਂ ਕੰਮ ਲਿਆ ਸੀ। ਪਰ ਅਕਾਲ ਤਖ਼ਤ ਨੂੰ ਪੁੱਜਾ ਨੁਕਸਾਨ ਗਵਾਹੀ ਦੇਂਦਾ ਸੀ ਕਿ ਜ਼ਬਤ ਨੂੰ ਕਿੱਲੀ ਤੇ ਟੰਗ ਦਿੱਤਾ ਗਿਆ ਸੀ। ਟੈਂਕਾਂ ਦੇ ਹਮਲੇ ਦਾ ਇਮਾਰਤਾਂ ਉਤੇ ਭਿਆਨਕ ਅਸਰ ਹੋਇਆ ਸੀ। ਪਵਿੱਤਰ ਤਖ਼ਤ ਦਾ ਸਾਰਾ ਅਗਲਾ ਹਿੱਸਾ ਤਬਾਹ ਹੋ ਗਿਆ ਸੀ ਤੇ ਇਕ ਵੀ ਕੌਲਾ ਨਹੀਂ ਸੀ ਬਚਿਆ। ਸੁਨਹਿਰੀ ਗੁੰਬਦ ਵੀ ਬਾਰੂਦ ਦੀ ਮਾਰ ਹੇਠ ਆ ਕੇ ਤਬਾਹ ਹੋ ਗਿਆ ਸੀ। ਸਿੱਖਾਂ ਦਾ ਅਕਾਲ ਤਖਤ ਸਾਹਿਬ ਟੁਕੜੇ ਟੁਕੜੇ ਹੋਇਆ ਪਿਆ ਸੀ। ਟੈਲੀਗਰਾਫ, ਲੰਡਨ ਦਾ ਪੱਤਰਕਾਰ ਡੇਵਿਡ ਗਰੇਵਜ਼ ਪਹਿਲਾ ਪੱਤਰਕਾਰ ਸੀ ਜਿਸ ਨੂੰ ਹਮਲੇ ਮਗਰੋਂ ਦਰਬਾਰ ਸਾਹਿਬ ਜਾਣ ਦੀ ਆਗਿਆ ਦਿੱਤੀ ਗਈ ਸੀ। ਉਸ ਨੇ ਲਿਖਆ, ਅਕਾਲ ਤਖਤ ਸਾਹਿਬ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਸ ਤੇ ਬੰਬ ਸੁੱਟੇ ਗਏ ਹੋਣ। ਇਸ ਨੂੰ ਵੇਖ ਕੇ ਲੱਗਦਾ ਹੈ ਜਿਵੇਂ ਬਰਲਿਨ ਵਿਚ ਹੁਣੇ ਸੰਸਾਰ ਯੁੱਧ ਹੋਇਆ ਹੋਵੇ। ਸਮੂਹ ਦੀ ਹਰ ਇਮਾਰਤ ਗੋਲੀਆਂ ਨਾਲ ਵਿੰਨ੍ਹੀ ਹੋਈ ਸੀ ਤੇ ਹਵਾ ਵਿਚ ਅਜੇ ਵੀ ਮੌਤ ਦੀ ਮੁਸ਼ਕ ਆ ਰਹੀ ਸੀ। ਹਰਿਮੰਦਰ ਉਤੇ ਵੀ 300 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਲੱਗੇ ਹੋਏ ਸਨ। ਕਈ ਗੋਲੀਆਂ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਨੂੰ ਜ਼ਖਮੀ ਕਰ ਗਈਆਂ ਸਨ। ਸੂਰੀਆ ਮੈਗਜ਼ੀਨ ਨਾਲ ਇਕ ਮੁਲਾਕਾਤ ਦੌਰਾਨ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੇ ਦਸਿਆ ਕਿ 23 ਜੂਨ ਨੂੰ ਜਦੋਂ ਇੰਦਰਾ ਗਾਂਧੀ ਦਰਬਾਰ ਸਾਹਿਬ ਗਈ ਤਾਂ ਉਸ ਨੂੰ ਹਰਿਮੰਦਰ ਸਾਹਿਬ ਉੱਪਰ ਗੋਲੀਆਂ ਦੇ ਨਿਸ਼ਾਨ ਵਿਖਾਏ ਗਏ ਸਨ। ਗਿਆਨੀ ਪੂਰਨ ਸਿੰਘ ਨੇ ਇੰਦਰਾ ਗਾਂਧੀ ਨੂੰ ਇਹ ਵੀ ਦਸਿਆ ਕਿ ਗੁਰੂ ਗ੍ਰੰਥ ਸਾਹਿਬ ਦੀਆਂ 700 ਬੀੜਾਂ ਸਾੜ ਦਿੱਤੀਆਂ ਗਈਆਂ ਸਨ। ਇਕ ਰਾਗੀ, ਅਮਰੀਕ ਸਿੰਘ (ਨੇਤਰਹੀਨ)ਹਰਿਮੰਦਰ ਸਾਹਿਬ ਦੇ ਅੰਦਰ ਹੀ ਮਾਰ ਦਿੱਤਾ ਗਿਆ ਸੀ। ਫਿਰ ਵੀ ਉਹ ਕਹਿੰਦੇ ਹਨ ਕਿ ਹਰਿਮੰਦਰ ਸਾਹਿਬ ਉਤੇ ਇਕ ਵੀ ਗੋਲੀ ਨਹੀਂ ਸੀ ਦਾਗੀ ਗਈ।ਦਰਬਾਰ ਸਾਹਿਬ ਸਮੂਹ ਵਿਚ ਮਾਰੇ ਗਏ ਲੋਕਾਂ ਬਾਰੇ ਘੱਟ ਤੋਂ ਘੱਟ ਅੰਦਾਜ਼ਾ ਤਿੰਨ ਹਜ਼ਾਰ ਦਾ ਹੈ। ਪਰ ਹੋਰ ਅੰਦਾਜ਼ਿਆਂ ਅਨੁਸਾਰ, ਇਹ ਗਿਣਤੀ 8000 ਸੀ ਤੇ ਸ਼ਾਇਦ ਇਸ ਤੋਂ ਵੀ ਵੱਧ। ਮਰਨ ਵਾਲਿਆਂ ਵਿਚ ਨਾ ਕੇਵਲ ਉਹ ਨੌਜਵਾਨ ਹੀ ਸਨ ਜਿਨ੍ਹਾਂ ਨੇ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ ਸਗੋਂ ਇਨ੍ਹਾਂ ਵਿਚ ਬਜ਼ੁਰਗ, ਬੱਚੇ, ਤੀਵੀਆਂ, ਨਵੇਂ ਵਿਆਹੇ ਜੋੜੇ ਅਤੇ ਬਾਹਾਂ ਵਿਚ ਨਵੇਂ ਜੰਮੇ ਬਾਲ ਚੁੱਕੀ ਜਵਾਨ ਇਸਤਰੀਆਂ ਵੀ ਸ਼ਾਮਲ ਸਨ। ਇਹ ਹੋਲਨਾਕ ਕਤਲੇਆਮ ਕਿਸੇ ਦੋਸ਼ੀ ਤੇ ਨਿਰਦੋਸ਼, ਜਵਾਨ ਅਤੇ ਬਜ਼ੁਰਗ ਦਾ ਫ਼ਰਕ ਰੱਖੇ ਬਗੈਰ ਕੀਤਾ ਗਿਆ ਸੀ।

ਬਹੁਤ ਸਾਰੇ ਸਿੱਖਾਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਪਿਛਲੇ ਪਾਸੇ ਬੰਨ੍ਹਣ ਉਪਰੰਤ ਉਨ੍ਹਾਂ ਨੂੰ ਨੇੜਿਉਂ ਗੋਲੀ ਮਾਰ ਦਿੱਤੀ ਗਈ ਸੀ। ਸੰਡੇ ਟਾਈਮਜ਼ ਦੀ ਪੱਤਰਕਾਰ ਮੇਰੀ ਐਨੇ ਵੀਵਰ ਨੇ ਲਿਖਆ, ਫ਼ੌਜ ਅਜਿਹੇ ਹੁਕਮਾਂ ਅਧੀਨ ਕੰਮ ਕਰ ਰਹੀ ਲਗਦੀ ਸੀ ਕਿ ਕੈਦੀ ਕਿਸੇ ਨੂੰ ਨਾ ਬਣਾਓ ਅਤੇ ਕਿਸੇ ਵੀ ਖਾੜਕੂ ਨੂੰ ਜ਼ਿੰਦਾ ਨਹੀਂ ਸੀ ਰਹਿਣ ਦੇਣਾ ਚਾਹੁੰਦੀ। ਇਹ ਕਤਲੇਆਮ, ਆਜ਼ਾਦ ਭਾਰਤ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਸਾਕਾ ਮੰਨਿਆ ਜਾਵੇਗਾ।


ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

# ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ

## (ਪਿੰਡ ਕੁੱਸਾ-ਮੋਗਾ)



ਬੇਨਤੀ ਹੈ ਕਿ ਪਿੰਡ ਕੁੱਸਾ (ਮੋਗਾ) ਦੀ ਸਮੂਹ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਆਪ ਸਭ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰੋਗਰਾਮ ਦੇ ਵੇਰਵੇ:

**ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ**

**05 - ਜੂਨ 2026 (ਸ਼ੁੱਕਰਵਾਰ) ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

**07 - ਜੂਨ 2026 (ਐਤਵਾਰ) ਸਵੇਰੇ 10 ਵਜੇ**

ਸਥਾਨ:


**ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ**


30640 Blueridge Dr, Abbotsford, V2T 5W3 BC

ਸੋ ਪਿੰਡ ਦੇ ਸਾਰੇ ਸੱਜਣ-ਮਿੱਤਰ, ਮਾਵਾਂ-ਭੈਣਾਂ, ਦੋਹਤੇ-ਦੋਹਤੀਆਂ ਤੇ ਕੁੜੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।
ਸੋ ਸਾਰੇ ਟਾਈਮ ਨਾਲ ਜ਼ਰੂਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

| ਲਛਮਣ ਸਿੰਘ ਧਾਲੀਵਾਲ | ਰਛਪਾਲ ਸਿੰਘ ਧਾਲੀਵਾਲ | ਗੁਰਜੀਤ ਸਿੰਘ ਧਾਲੀਵਾਲ |
|---|---|---|
| (604-306-4710) | (604-807-8448) | (778-928-7000) |







# ਜੂਨ 1984
# ਸ੍ਰੀ ਦਰਬਾਰ ਸਾਹਿਬ ਦੀ ਘੇਰਾਬੰਦੀ

ਲੇਖਕ : ਬਘੇਲ ਸਿੰਘ ਧਾਲੀਵਾਲ
ਸੰਪਰਕ : 99142-58142

ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਅਰੰਭਿਆ ਧਰਮਯੁੱਧ ਮੋਰਚਾ ਬਹੁਤ ਉਚਾਈਆਂ ਵੱਲ ਜਾ ਰਿਹਾ ਸੀ। ਅਕਾਲੀ ਵਰਕਰ ਲਗਾਤਾਰ ਵੱਡੀ ਗਿਣਤੀ ਵਿੱਚ ਹਰ ਰੋਜ ਗਿਰਫਤਾਰੀਆਂ ਦੇ ਰਹੇ ਸਨ। ਪਰ ਸ੍ਰੀ ਦਰਬਾਰ ਸਾਹਿਬ ਅੰਦਰ ਬੈਠੇ ਦੋ ਸੰਤਾਂ ਚੋ ਇੱਕ ਦਾ ਪ੍ਰਭਾਵ ਖਤਮ ਹੋਣ ਕਿਨਾਰੇ ਸੀ,ਦਫਤਰ ਵਿੱਚ ਸਿੱਖ ਸੰਗਤਾਂ ਦਾ ਆਉਣਾ ਜਾਣਾ ਤਕਰੀਬਨ ਬੰਦ ਹੋ ਜਾਣ ਵਰਗਾ ਸੀ ਤੇ ਦੂਜੇ ਦੇ ਖੇਮੇ ਚ ਸੰਗਤਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਭਾਰੀ ਵਾਧਾ ਦਰਜ ਕੀਤਾ ਜਾ ਰਿਹਾ ਸੀ।ਇੱਕ ਸੰਤ ਦੇ ਮਨ ਅੰਦਰ ਦੁਬਿਧਾ ਅਤੇ ਮੋਰਚੇ ਨੂੰ ਖਤਮ ਕਰਨ ਲਈ ਤੋੜ ਭੰਨ ਚੱਲ ਰਹੀ ਸੀ,ਜਦੋਂ ਕਿ ਦੂਜੇ ਸੰਤ ਦੇ ਚਿਹਰੇ ਤੇ ਦਿਨੋਂ ਦਿਨ ਸ਼ਹਾਦਤ ਨੂੰ ਪਾਉਣ ਦਾ ਰੂਹਾਨੀ ਨੂਰ ਝਲਕਣ ਲੱਗਾ ਸੀ।ਇੱਕ ਦੇ ਮਨ ਵਿੱਚ ਧਰਮ ਦੀ ਰਾਖੀ ਖਾਤਰ ਸਿਰ ਦੇਣ ਦੀ ਤਾਂਘ ਹੈ ਅਤੇ ਦੂਜੇ ਦੇ ਮਨ ਵਿਚ ਸਿਰ ਨੀਵਾਂ ਕਰਕੇ ਬਚ ਨਿਕਲਣ ਦੀ ਮਕਾਰੀ ਹੈ।ਇਹ ਉਸ ਸਮੇ ਦੀ ਗੱਲ ਹੈ ਜਦੋਂ ਭਾਰਤ ਸਰਕਾਰ ਦੀਆਂ ਖੁਫੀਆ ਏਜੰਸੀਆਂ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਦਾ ਮਹੌਲ ਲੱਗਭੱਗ ਤਿਆਰ ਕਰਨ ਚੁੱਕੀਆਂ ਸਨ। ਖੁਫੀਆ ਏਜੰਸੀਆਂ ਅਤੇ ਭਾਰਤ ਦੇ ਹਿੰਦੀ,ਅੰਗਰੇਜੀ ਅਖਬਾਰਾਂ ਦੀ ਮਹੀਨਿਆਂ ਬੱਧੀ ਸਖਤ ਮਿਹਨਤ ਰੰਗ ਲੈ ਹੀ ਆਈ ਸੀ।ਭਾਰਤੀ ਅਖਬਾਰਾਂ ਵੱਲੋਂ ਸਿੱਖਾਂ ਖਿਲਾਫ ਅਜਿਹਾ ਨਫਰਤੀ ਮਹੌਲ ਤਿਆਰ ਕੀਤਾ ਗਿਆ,ਜਿਸ ਦੀ ਬਦੌਲਤ ਸਾਰੇ ਭਾਰਤ ਦੇ ਲੋਕ ਸਿੱਖਾਂ ਨੂੰ ਸਬਕ ਸਿਖਾਉਣ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਕੀਤੀ ਜਾ ਰਹੀ ਦੇਰੀ ਤੇ ਨਰਾਜ਼ਗੀ ਜਤਾਉਣ ਲੱਗੇ। ਦਰਬਾ੍ਰ ਸਾਹਿਬ ਤੇ ਫੌਜਾਂ ਚਾੜ੍ਹਨ ਦਾ ਮਹੌਲ ਬਿਲਕੁਲ ਤਿਆਰ ਹੋ ਚੁੱਕਾ ਸੀ।ਤਤਕਾਲੀ ਪੱਤਰਕਾਰਾਂ ਦੀਆਂ ਨਜਰਾਂ ਵਿੱਚ ਧਰਮਯੁੱਧ ਮੋਰਚਾ ਪੰਜਾਬ ਦੀਆਂ ਹੱਕੀ ਮੰਗਾਂ ਲਈ ਨਹੀ ਬਲਕਿ ਅਲੱਗਵਾਦ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਖਤਰਾ ਹੀ ਦਰਸਾਇਆ ਜਾ ਰਿਹਾ ਸੀ। ਭਾਰਤੀ ਮੀਡੀਏ ਨੇ ਦੇਸ਼ ਦੀ ਫਿਜਾ ਅੰਦਰ ਨਫਰਤ ਦਾ ਅਜਿਹਾ ਜਹਿਰ ਘੋਲ ਦਿੱਤਾ,ਜਿਸ ਦੀ ਬਦੌਲਤ ਬਹੁ ਗਿਣਤੀ ਹਿੰਦੂ ਸਮਾਜ ਦਾ ਪੜਿਆ ਲਿਖਿਆ ਵਰਗ ਦੇਸ਼ ਦੀ ਏਕਤਾ ਅਤੇ ਅਖੰਡਤਾ ਬਚਾਉਣ ਦੇ ਭਾਵਨਾਤਮਿਕ ਨਾਹਰਿਆਂ ਤੋਂ ਪ੍ਰਭਾਵਤ ਹੋ ਕੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਹਾਮੀ ਹੋ ਚੁੱਕਾ ਸੀ।ਹਰ ਚਿਹਰੇ ਤੇ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਨੂੰ ਲੈ ਕੇ ਉਤਸੁਕਤਾ ਦਿਖਾਈ ਦੇ ਰਹੀ ਸੀ। ਸਿੱਖ ਇਤਿਹਾਸ ਅਤੇ ਸਿੱਖੀ ਦੀਆਂ ਮਹਾਂਨ ਪਰੰਪਰਾਵਾਂ ਤੋਂ ਬੇਖਬਰ ਬਹੁ ਗਿਣਤੀ ਭਾਰਤੀ ਲੋਕਾਂ ਦੀ ਨਜਰ ਵਿੱਚ ਸ੍ਰੀ ਦਰਬਾਰ ਸਾਹਿਬ ਹੁਣ ਪਵਿੱਤਰ ਧਰਮ ਅਸਥਾਨ ਨਾ ਹੋ ਕੇ ਕਤਲਾਂ,ਗੁਨਾਹਗਾਰਾਂ ਅਤੇ ਪੇਸੇਵਰ ਮੁਜਰਮਾਂ ਦੀ ਪਨਾਹਗਾਹ ਤੋ ਵੱਧ ਕੁੱਝ ਵੀ ਨਹੀ ਸੀ,ਕਿਉਂਕਿ ਲੋਕ ਮਨਾਂ ਤੇ ਭਾਰਤੀ ਮੀਡੀਏ ਦੇ ਬਹੁਤ ਲੰਮੇ ਨਫਰਤੀ ਪਰਚਾਰ ਨੇ ਅਪਣਾ ਜਾਦੂਈ ਅਸਰ ਛੱਡਿਆ ਸੀ।ਭਾਰਤੀ ਕੌਮਨਿਸਟ ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ਤੇ ਡਟ ਗਏ ਸਨ।ਸੋਵੀਅਤ ਰੂਸ ਤੋ ਭਾਰਤ ਨੂੰ ਟੋਟੇ ਟੋਟੇ ਕਰਨ ਲਈ ਅਮਰੀਕਾ ਅਤੇ ਪਾਕਿਸਤਾਨ ਦੀਆਂ ਸਾਜਿਸ਼ਾਂ ਦੀ ਸਖਤ ਨਿਖੇਧੀ ਦੇ ਬਿਆਨ ਭਾਰਤੀ ਕਾਮਰੇਡਾਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੇ ਸਨ। ਸੋਵੀਅਤ ਯੂਨੀਅਨ ਦੀ ਖੁਫੀਆ ਏਜੰਸੀ ਕੇ ਜੀ ਬੀ ਇਸ ਸਬੰਧ ਵਿੱਚ ਪਰਮੁੱਖ ਭੂਮਿਕਾ ਅਦਾ ਕਰ ਰਹੀ ਸੀ।ਸੋਵੀਅਤ ਯੂਨੀਅਨ ਨੂੰ ਆਪਣਾ ਮੱਕਾ ਸਮਝਣ ਵਾਲੇ ਭਾਰਤੀ ਕਾਮਰੇਡਾਂ ਲਈ ਰੂਸ ਦੀਆਂ ਨੀਤੀਆਂ ਤੇ ਇੰਨ ਬਿੰਨ ਪਹਿਰਾ ਦੇਣਾ ਹੀ ਅਸਲ ਕੌਮਨਿਸਟ ਹੋਣ ਦਾ ਪਰਮਾਣ ਸੀ,ਇਸ ਲਈ ਭਾਰਤੀ ਕੌਮਨਿਸਟ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਓ ਦੇ ਉਸ ਮੌਕੇ ਦੇ ਕਾਂਗਰਸ ਭਗਤੀ ਵਾਲੇ ਬਿਆਨ ਦਰਸਾਉਂਦੇ ਹਨ ਕਿ ਕਿਸਤਰਾਂ ਕੌਮਨਿਸਟਾਂ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਨਜਰ ਅੰਦਾਜ ਕਰਕੇ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ਥਾਪੜੀ ਸੀ।ਜਦੋਂਕਿ ਅਜਿਹੇ ਇੱਕਾ ਦੁੱਕਾ ਪੱਤਰਕਾਰ ਵੀ ਸਨ,ਜਿਹੜੇ ਇਸ ਮਸਲੇ ਦੇ ਸਿਆਸੀ ਹੱਲ ਦੀ ਵਕਾਲਤ ਕਰਦੇ ਸਨ,ਪਰ ਉਹਨਾਂ ਦੀਆਂ ਖਬਰਾਂ/ਆਰਟੀਕਲ ਬਹੁ ਗਿਣਤੀ ਪੱਤਰਕਾਰਾਂ ਦੀਆਂ ਅੱਗ ਲਾਊ ਲਿਖਤਾਂ ਦੀ ਗਰਦਸ਼ ਵਿੱਚ ਹੀ ਗੁੰਮ ਹੋ ਕੇ ਦਮ ਤੋੜ ਜਾਂਦੇ ਰਹੇ। ਇਸ ਤਰਾਂ ਹੀ ਉਸ ਮੌਕੇ ਦੇ ਜਨਤਾ ਪਾਰਟੀ ਦੇ ਸਿਰਕੱਢ ਆਗੂ ਸੁਬਰਾਮਨੀਅਮ ਸੁਆਮੀ ਵੀ ਸਨ,ਜਿਹੜੇ ਉਸ ਮੱਚਦੀ ਅੱਗ ਵਿੱਚ ਸੰਤ ਭਿੰਡਰਾਂ ਵਾਲਿਆਂ ਨਾਲ ਮੁਲਾਕਾਤ ਕਰਨ ਲਈ ਲਗਾਤਾਰ ਤਿੰਨ ਦਿਨ 24 ਅਪ੍ਰੈਲ ਤੋ 27 ਅਪ੍ਰੈਲ (1984 ) ਤੱਕ ਸ੍ਰੀ ਦਰਬਾਰ ਸਾਹਿਬ ਅੰਦਰ ਰਹੇ ਸਨ।ਉਹਨਾਂ ਵੱਲੋਂ ਦਿੱਲੀ ਜਾ ਕੇ ਅਖਬਾਰਾਂ ਨੂੰ ਦਿੱਤੇ ਬਿਆਨਾਂ ਵਿੱਚ ਸਰਕਾਰ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਸੀ ਕਿ ਜੇਕਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲਾ ਕੀਤਾ,ਤਾਂ ਇਹ ਸਰਕਾਰ ਦੀ ਵੱਡੀ ਭੁੱਲ ਹੋਵੇਗੀ।ਉਹਨਾਂ ਇਹ ਵੀ ਕਿਹਾ ਸੀ ਕਿ ਜੇਕਰ ਭਾਰੀ ਗੋਲਾਬਾਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਨੁਕਸਾਨ ਹੋ ਗਿਆ,ਤਾਂ ਭਾਰਤ ਦਾ ਇੱਕ ਰਹਿਣ ਦਾ ਸੁਫਨਾ ਅਤੇ ਸੰਕਲਪ ਤਹਿਸ ਨਹਿਸ ਹੋ ਜਾਵੇਗਾ। ਉਹਨਾਂ ਨੇ ਬਿਲਕੁਲ ਦਰੁਸਤ ਭਵਿੱਖਵਾਣੀ ਕਰਦਿਆਂ ਲਿਖਿਆ ਸੀ ਕਿ ਇਸ ਫੌਜੀ ਹਮਲੇ ਨਾਲ ਸਿੱਖ ਮਨਾਂ ਤੇ ਅਜਿਹੇ ਸਦੀਵੀ ਜਖਮ ਹੋ ਜਾਣਗੇ,ਜਿਹੜੇ ਕਦੇ ਭਰੇ ਨਹੀ ਜਾ ਸਕਣਗੇ ਅਤੇ ਇਸ ਤੋ ਉਪਰੰਤ ਹੋਣ ਵਾਲਾ ਖੂਨ ਖਰਾਬਾ ਵੀ ਰੁਕਣ ਵਾਲਾ ਨਹੀ ਹੋਵੇਗਾ। (13 ਮਈ 1984 the illustrated weekly of india) ਪ੍ਰੰਤੂ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਦੀ ਕਾਂਗਰਸ ਸਰਕਾਰ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪਿੱਠ ਉਪਰ ਖੜੀਆਂ ਬਹੁ ਗਿਣਤੀ ਕੱਟੜ ਤੇ ਫਿਰਕਾਪ੍ਰਸਤ ਤਾਕਤਾਂ ਨੇ ਉਹਨਾਂ ਨੂੰ ਅਜਿਹੀਆਂ ਲਿਖਤਾਂ ਵੱਲ ਧਿਆਨ ਦੇਣ ਦਾ ਮੌਕਾ ਹੀ ਨਹੀ ਦਿੱਤਾ ਅਤੇ ਨਾ ਹੀ ਉਹ ਖੁਦ ( ਪ੍ਰਧਾਨ ਮੰਤਰੀ ਇੰਦਰਾ ਗਾਂਧੀ)ਉਸ ਮੌਕੇ ਸੁਬਰਾਮਨੀਅਮ ਸੁਆਮੀ ਵਰਗੇ ਲੀਡਰਾਂ ਦੀ ਪ੍ਰਵਾਹ ਕਰਨ ਦੀ ਲੋੜ ਸਮਝਦੀ ਸੀ।ਉਹ ਵੱਖਰੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਹੁਤ ਭੈਅ ਭੀਤ ਅਤੇ ਡਰ ਗਈ ਸੀ,ਜਿਸ ਦਾ ਖੁਲਾਸਾ ਬਾਅਦ ਵਿੱਚ ਪੱਤਰਕਾਰਾਂ ਨੂੰ ਦਿੱਤੀ ਇੰਟਰਵਿਊ ਵਿੱਚ ਸ੍ਰੀ ਸੁਬਰਾਮਨੀਅਮ ਸੁਆਮੀ ਨੇ ਕੀਤਾ ਹੈ। ਹਾਲਾਤ ਉਸ ਸਮੇਂ ਵਿਚ ਪਰਵੇਸ਼ ਕਰ ਚੁੱਕੇ ਸਨ ਜਦੋਂ ਸਰੋਮਣੀ ਅਕਾਲੀ ਦਲ ਦਾ ਪਿੱਛੇ ਮੁੜਨਾ ਸੰਭਵ ਨਹੀ ਸੀ। ਸਰਕਾਰ ਵੀ ਗੱਲਬਾਤ ਕਰਕੇ ਮਸਲਾ ਨਿਬੇੜਨ ਤੋ ਪਾਸੇ ਹਟ ਚੁੱਕੀ ਸੀ। ਨੀਮ ਫੌਜੀ ਦਲਾਂ ਦਾ ਘੇਰਾ ਦਿਨੋ ਦਿਨ ਤੰਗ ਹੁੰਦਾ ਜਾ ਰਿਹਾ ਸੀ ਓਧਰ ਦਮਦਮੀ ਟਕਸਾਲ ਦੇ ਸਿੰਘਾਂ ਨੇ ਵੀ ਅਪਣੇ ਮੋਰਚੇ ਮੱਲ ਲਏ ਸਨ ਹੁਣ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰਾਂ ਨਾਲ ਸਜੇ ਦਮਦਮੀ ਟਕਸਾਲ ਦੇ ਸਿੰਘ ਦਿਖਾਈ ਨਹੀ ਸਨ ਦਿੰਦੇ। ਜਾਪਦਾ ਹੈ ਕਿ ਉਹਨਾਂ ਦੇ ਖੁਫੀਆ ਤੰਤਰ ਨੇ ਵੀ ਉਹਨਾਂ ਨੂੰ ਅਗਾਂਉਂ ਸੂਚਿਤ ਕਰ ਦਿੱਤਾ ਹੋਇਆ ਸੀ,ਕਿ ਬਹੁਤ ਥੋੜੇ ਸਮੇ ਦੇ ਅੰਦਰ ਹੀ ਫੌਜ ਦਾ ਵੱਡਾ ਹਮਲਾ ਹੋਣ ਵਾਲਾ ਹੈ,ਜਿਸ ਕਰਕੇ ਸਿੰਘਾਂ ਨੇ ਅਪਣੇ ਮੋਰਚੇ ਮੱਲ ਲਏ ਸਨ।31 ਮਈ ਦੀ ਸਾਮ ਤੱਕ ਨੀਮ ਫੌਜੀ ਬਲਾਂ ਨੇ ਵੀ ਆਪਣੇ ਮੋਰਚੇ ਮੱਲ ਲਏ ਹਨ।ਘੇਰਾਬੰਦੀ ਤੰਗ ਕਰ ਦਿੱਤੀ ਗਈ ਹੈ।ਨੀਮ ਫੌਜੀ ਦਲਾਂ ਦੇ ਜੁਆਨ ਪਾੜ ਖਾਣੀਆਂ ਨਜ਼ਰਾਂ ਨਾਲ ਅਮਦਰ ਦੇ ਮਹੌਲ ਨੂੰ ਨਿਹਾਰ ਰਹੇ ਹਨ। ਸ੍ਰੀ ਦਰਬਾਰ ਸਾਹਿਬ ਅੰਦਰ ਵੀ ਚੁੱਪ ਪਸਰ ਗਈ ਹੈ।ਹਰ ਪਾਸੇ ਸਹਿਮ ਦਾ ਮਹੌਲ ਹੈ,ਚਹਿਲ ਪਹਿਲ ਕਿਧਰੇ ਦਿਖਾਈ ਨਹੀਂ ਦਿੰਦੀ,ਪਰ ਇਸ ਖੌਫਨਾਕ ਵਰਤਾਰੇ ਤੋਂ ਅਸਲੋਂ ਬੇਫਿਕਰ,ਜੀਵਨ ਤੋਂ ਸ਼ਹਾਦਤ ਵੱਲ ਵਧ ਰਹੇ ਤੀਰ ਵਾਲੇ ਮਹਾਂਪੁਰਖ ਬਾਬੇ ਭਿੰਡਰਾਂਵਾਲੇ ਦੀ ਉੱਚੀ ਤੇ ਗਰਜਵੀਂ ਆਵਾਜ ਵਿੱਚ ਇੱਕ ਬੋਲ ਗਾਇਨ ਕੀਤਾ ਜਾ ਰਿਹਾ ਹੈ,ਜਿਸ ਦੇ ਬੋਲ ਸਨ:- "ਸਿਰ ਦਿੱਤਿਆਂ ਬਾਝ ਨਹੀ ਰਹਿਣ,ਧਰਮ ਸਿਰ ਦਿੱਤਿਆਂ ਬਾਝ ਨਹੀ ਰਹਿਣਾ"।

ਇਸ ਵਿਚ ਕੋਈ ਸ਼ਕ ਨਹੀਂ ਦਮਦਮੀ ਟਕਸਾਲ ਦੇ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੇ ਮਸਲੇ ਬੇਬਾਕੀ ਨਾਲ ਚੁੱਕਣ ਕਾਰਨ ਸਿਆਸਤ ਦੇ ਕੇਂਦਰ ਬਿੰਦੂ ਬਣ ਚੁੱਕੇ ਸਨ। ਅਕਤੂਬਰ 1983 ਵਿੱਚ ਢਿੱਲਵਾਂ ਬੱਸ ਕਾਂਡ ਦੌਰਾਨ 6 ਹਿੰਦੂ ਮਾਰੇ ਗਏ ਤੇ ਪੰਜਾਬ 'ਚ ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਉੱਤੇ ਭੰਗ ਕਰ ਦਿੱਤਾ ਗਿਆ।ਸੰਤ ਭਿੰਡਰਾਂਵਾਲਿਆ ਨੇ ਹਿੰਦੂਆਂ ਦੇ ਮਾਰੇ ਜਾਣ ਤੇ ਅਫਸੋਸ ਪ੍ਰਗਟ ਕੀਤਾ ਪਰ ਮੀਡੀਏ ਇਸ ਨੂੰ ਪ੍ਰਮੁਖਤਾ ਨਾਲ ਨਾ ਛਾਪਿਆ।ਸਗੋਂ ਉਨਾ ਦੇ ਅਕਸ ਨੂੰ ਵਿਗਾੜਨ ਲਈ ਪੂਰਾ ਤਾਣ ਲਾਇਆ। ਪੰਜਾਬ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਤੇ 1984 ਵਿੱਚ ਜੂਨ ਤੱਕ ਹਿੰਸਕ ਵਾਰਦਾਤਾਂ ਵਿੱਚ ਦਰਜਨਾਂ ਆਮ ਲੋਕ ਅਤੇ ਪੁਲਿਸ ਮੁਲਾਜ਼ਮ ਮਾਰੇ ਜਾ ਚੁੱਕੇ ਸਨ। ਉਸ ਤੋਂ ਬਾਅਦ ਜੂਨ 1984 ਦੌਰਾਨ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤਾ ਗਿਆ ਹਮਲਾ 'ਆਪਰੇਸ਼ਨ ਬਲੂ ਸਟਾਰ' ਵਜੋਂ ਜਾਣਿਆਂ ਜਾਂਦਾ ਹੈ। ਸਰਕਾਰ ਮੁਤਾਬਕ ਇਹ ਹਮਲਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਅਕਾਲ ਤਖ਼ਤ ਉੱਤੇ ਕਬਜ਼ਾ ਕਰੀ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚੋਂ ਕੱਢਣ ਲਈ ਕੀਤਾ ਗਿਆ। ਹਮਲੇ ਦੌਰਾਨ ਫੌਜ ਦੀ ਅਗਵਾਈ ਕਰ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਦਾਅਵਾ ਕਰਦੇ ਹਨ ਕਿ ਭਿੰਡਰਾਂਵਾਲੇ ਜਾਂ ਉਨ੍ਹਾਂ ਦੇ ਸਾਥੀ ਵੱਖਰੇ ਰਾਜ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਸਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੀ ਮਦਦ ਮਿਲ ਸਕਦੀ ਸੀ। ਇਸ ਲਈ ਫੌਜੀ ਐਕਸ਼ਨ ਕਰਨਾ ਜ਼ਰੂਰੀ ਸੀ। ਪਰ ਸਿੱਖ ਵਿਦਵਾਨ ਤੇ ਸੰਤ ਭਿੰਡਰਾਂਵਾਲਿਆਂ ਦੇ ਸਲਾਹਾਕਾਰ ਰਹੇ ਡਾਕਟਰ ਭਗਵਾਨ ਸਿੰਘ ਇਸ ਦਾਅਵੇ ਨੂੰ ਰੱਦ ਕਰਦੇ ਹਨ, ਉਨ੍ਹਾਂ ਮੁਤਾਬਕ ਇਹ ਯੋਜਨਾ ਪਹਿਲਾਂ ਗਿਣੀ-ਮਿਥੀ ਗਈ ਸੀ।ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕਾਰੀ ਵ੍ਹਾਈਟ ਪੇਪਰ ਮੁਤਾਬਕ ਹਮਲੇ 'ਚ 83 ਫੌਜੀ ਤੇ 493 ਆਮ ਲੋਕ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀ ਅਧਿਕਾਰੀ ਅਪਾਰ ਸਿੰਘ ਬਾਜਵਾ ਨੇ 2004 ਵਿੱਚ ਦੱਸਿਆ ਸੀ ਕਿ ਉਨ੍ਹਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ।

1980 ਦੇ ਦਹਾਕੇ ਵਿਚ ਸਿੱਖਾਂ ਦਾ ਨਾਮ ਦੁਨੀਆਂ ਭਰ ਵਿੱਚ ਚਮਕਾਉਣ ਵਾਲੇ ਨੌਜਵਾਨ ਜਿਸਦੇ ਮਾਪਿਆਂ ਨੇ ਉਸ ਨੂੰ ਸੰਤ ਜਰਨੈਲ ਸਿੰਘ ਨਾਮ ਦਿੱਤਾ ਸੀ।ਸੰਤ ਜਰਨੈਲ ਸਿੰਘ ਦੇ ਨਾਮ ਨਾਲ ਸੰਤ ਤੇ ਭਿੰਡਰਾਂਵਾਲਾ ਸ਼ਬਦ ਉਦੋਂ ਜੁੜੇ ਜਦੋਂ ਉਹ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਪ੍ਰਚਾਰ ਤੇ ਪਸਾਰ ਕਰਨ ਵਾਲੀ ਸੰਸਥਾ ਦਮਦਮੀ ਟਕਸਾਲ ਦੇ ਮੁਖੀ ਚੁਣੇ ਗਏ।ਉਨ੍ਹਾਂ ਦਾ ਰਹੱਸਮਈ ਪਰ ਆਸਾਧਾਰਨ ਤਰੀਕੇ ਨਾਲ ਉਭਰਨਾ, ਪੰਜਾਬ ਦੇ ਹੱਕਾਂ ਦੀ ਲੜਾਈ ਦੇ ਸਭ ਤੋਂ ਖ਼ਤਰਨਾਕ ਦੌਰ ਵਿੱਚ ਪਹੁੰਚਣ ਬਾਰੇ ਕਾਫ਼ੀ ਕੁਝ ਬਿਆਨ ਕਰਦਾ ਹੈ। ਇਸ ਸੰਘਰਸ਼ ਨੂੰ ਕੌਮਾਂਤਰੀ ਪੱਧਰ ਉੱਤੇ ਸਿੱਖ ਕੌਮ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਹੈ।ਇਹ ਅੰਦੋਲਨ ਭਾਰਤ ਸਰਕਾਰ ਦੀ ਤਾਕਤ ਨਾਲ ਲੜਨ ਵਿੱਚ ਭਾਵੇਂ ਨਾਕਾਮ ਦਿੱਸ ਰਿਹਾ ਹੈ ਪਰ ਸੰਤ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਅਤੇ ਸੋਚ ਅੱਜ ਵੀ ਜ਼ਿੰਦਾ ਹੈ।ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਜਿਸ ਆਗੂ ਦੀ ਤਸਵੀਰਾ ਸਭ ਤੋਂ ਵੱਧ ਵਿਕੀ ਹੈ, ਉਹ ਨੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ।ਸੰਤ ਭਿੰਡਰਾਂਵਾਲੇ ਸਿਰਫ ਸਿੱਖ ਕੌਮ ਦਾ ਸਨਮਾਨ ਚਹੁੰਦੇ ਸਨ ਅਤੇ ਭਾਰਤ ਵਿੱਚ ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਣ ਲਈ ਸੰਘਰਸ਼ ਕਰਦੇ ਸਨ।ਉਹ ਸਿੱਖਾਂ ਨੂੰ ਹੋਰਾਂ ਕੌਮਾਂ ਨਾਲੋਂ ਵੱਖਰਾ ਮੰਨਦੇ ਸਨ।ਕੋਈ ਵਿਅਕਤੀ ਕਿਸੇ ਲਈ ਹੀਰੋ ਹੋ ਸਕਦਾ ਹੈ ਤਾਂ ਦੂਜੇ ਲਈ ਅੱਤਵਾਦੀ। ਇਹ ਗੱਲ ਸਿਧਾਂਤਕ ਵਖਰੇਵੇਂ ਵਾਲੀ ਧਾਰਨਾ ਉੱਤੇ ਆਧਾਰਿਤ ਹੈ।ਜਿਸ ਵੇਲੇ ਸੰਤ ਭਿੰਡਰਾਂਵਾਲੇ ਨੇ ਦਮਦਮੀ ਟਕਸਾਲ ਦੇ ਮੁਖੀ ਦਾ ਅਹੁਦਾ ਸੰਭਾਲਿਆ ਸੀ ਉਦੋਂ ਉਨ੍ਹਾਂ ਦੀ ਉਮਰ 30 ਸਾਲ ਦੀ ਸੀ। ਕਿਸੇ ਨੇ ਇਸ ਗੱਲ ਦੀ ਕਲਪਨਾ ਵੀ ਨਹੀਂ ਕੀਤੀ ਸੀ ਕਿ ਅਗਲੇ ਕੁਝ ਮਹੀਨਿਆਂ ਵਿੱਚ ਉਹ ਪੰਜਾਬ ਦੀ ਫਿਜ਼ਾ ਨੂੰ ਬਦਲ ਦੇਣਗੇ।ਸਾਲ 1977 ਵਿੱਚ ਉਨ੍ਹਾਂ ਨੂੰ ਦਮਦਮੀ ਟਕਸਾਲ ਦਾ ਪ੍ਰਮੁੱਖ ਬਣਾਏ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸਨ। ਉਹ ਵੀ ਮੁਬਾਰਕਬਾਦ ਕਹਿਣ ਲਈ ਉੱਥੇ ਹਾਜ਼ਰ ਸਨ।1978 ਦੀ ਵਿਸਾਖੀ ਦੇ ਖ਼ੂਨੀ ਨਿਰੰਕਾਰੀ ਕਾਂਡ ਤੋਂ ਬਾਅਦ ਪੰਜਾਬ ਹਮੇਸ਼ਾ ਲਈ ਬਦਲ ਗਿਆ। ਇਹ ਕਦੇ ਵੀ ਮੁੜ ਕੇ, ਪਹਿਲਾਂ ਵਰਗਾ ਨਹੀਂ ਹੋ ਸਕਿਆ। ਇਸ ਕਾਂਡ ਦੌਰਾਨ ਮਰਨ ਵਾਲੇ ਸਿੱਖ ਕਾਰਕੁਨ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਿਤ ਸਨ।ਇਕ ਪੱਤਰਕਾਰ (ਜਗਤਾਰ ਸਿੰਘ)ਦੇ ਰੂਪ ਵਿੱਚ ਮੇਰੀ ਸੰਤ ਭਿੰਡਰਾਂਵਾਲੇ ਨਾਲ ਰਸਮੀ ਅਤੇ ਗੈਰ-ਰਸਮੀ ਗੱਲਬਾਤ ਦੌਰਾਨ ਇਸ ਤਰ੍ਹਾਂ ਜਾਪਦਾ ਸੀ ਕਿ ਉਸ ਸਮੇਂ ਸੰਤ ਭਿੰਡਰਾਂਵਾਲੇ ਨੇ ਆਪਣਾ ਮਨ ਬਣਾ ਲਿਆ ਸੀ ਕਿ ਉਹ ਪੰਥ ਲਈ ਕੁਝ ਖ਼ਾਸ ਕਰਨ ਦਾ ਮਨ ਬਣਾ ਰਹੇ ਹਨ-ਜੋ ਜ਼ਿੰਦਗੀ ਦੀ ਕੁਰਬਾਨੀ ਵੀ ਹੋ ਸਕਦੀ ਹੈ। ਇਹ ਗੁਣ ਉਨ੍ਹਾਂ ਨੂੰ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਪੂਰੀ ਤਰ੍ਹਾਂ ਵੱਖ ਕਰਦਾ ਸੀ।

ਇਹ ਸੱਚ ਹੈ ਕਿ ਉਨ੍ਹਾਂ ਨੇ ਅਕਾਲੀ ਦਲ ਵੱਲੋਂ 1973 ਵਿੱਚ ਪਾਸ ਕੀਤੇ ਆਨੰਦਪੁਰ ਸਾਹਿਬ ਦੇ ਮਤੇ ਦਾ ਸਮਰਥਨ ਕੀਤਾ ਸੀ ਪਰ ਇਹ ਪ੍ਰਸਤਾਵ ਖ਼ੁਦਮੁਖ਼ਤਿਆਰੀ ਦੀ ਗੱਲ ਕਰਦਾ ਹੈ, ਵੱਖਰੇ ਦੇਸ ਦੀ ਨਹੀਂ।ਸੰਤ ਭਿੰਡਰਾਂਵਾਲੇ ਦੀ ਚਰਚਾ ਉਸ ਸਮੇਂ ਹੋਰ ਤੇਜ਼ ਹੋ ਗਈ ਜਦੋਂ ਨਿਰੰਕਾਰੀ ਸੰਪਰਦਾਇ ਦੇ ਆਗੂ ਗੁਰਬਚਨ ਸਿੰਘ ਦੀ ਹੱਤਿਆ ਕੀਤੀ ਗਈ ਅਤੇ ਸੰਤ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਚੌਂਕ ਮਹਿਤਾ ਨੂੰ ਛੱਡ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਪਹੁੰਚ ਗਏ ।ਵੱਡੀ ਗਿਣਤੀ ਵਿੱਚ ਲੋਕ ਉਨ੍ਹਾਂ ਕੋਲ ਆਉਣ ਲੱਗ ਪਏ। ਇਸ ਤੋਂ ਬਾਅਦ ਉਹ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਨਹੀਂ ਆਏ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋ ਗਏ।ਸਿੱਖ ਭਾਈਚਾਰੇ ਦੇ ਉਹ ਲੋਕ ਜਿਹੜੇ ਉਨ੍ਹਾਂ ਦੇ ਸਮਰਥਕ ਸਨ, ਉਹ ਸਮਾਜ ਵਿਚ ਵੱਖ-ਵੱਖ ਅਹੁਦਿਆਂ ਅਤੇ ਖੇਤਰਾਂ ਵਿਚ ਸਰਗਰਮ ਸਨ। ਇਨ੍ਹਾਂ ਵਿੱਚ ਸੇਵਾਮੁਕਤ ਫੌਜੀ ਅਫਸਰ, ਨੌਕਰਸ਼ਾਹ, ਅਤੇ ਸਿੱਖਿਆ ਮਾਹਰ ਸ਼ਾਮਲ ਸਨ। ਜਿਸ ਗੱਲ ਨੇ ਉਹਨਾਂ ਨੂੰ ਕ੍ਰਿਸ਼ਮਈ ਸ਼ਖ਼ਸੀਅਤ ਵੱਜੋਂ ਉਭਾਰਿਆ, ਉਹ ਸੀ ਆਮ ਲੋਕਾਂ ਨਾਲ ਸਿੱਧਾ ਸੰਵਾਦ ਅਤੇ ਲੋਕਾਂ ਦੀ ਉਨ੍ਹਾਂ ਵਿੱਚ ਭਰੋਸੇਯੋਗਤਾ।

ਇਹ ਭਰੋਸੇਯੋਗਤਾ ਕਾਫ਼ੀ ਹੱਦ ਤੱਕ ਸ਼੍ਰੋਮਣੀ ਅਕਾਲੀ ਦਲ ਗੁਆ ਰਿਹਾ ਸੀ। ਉਨ੍ਹਾਂ ਦੀ ਸੋਚ ਸਪੱਸ਼ਟਵਾਦੀ ਸੀ ਅਤੇ ਉਹ ਦੋਗਲੇਪਣ ਉੱਤੇ ਵਿਸ਼ਵਾਸ਼ ਨਹੀਂ ਕਰਦੇ ਸਨ।ਇਸ ਸਮੇ ਉਨਾ ਨੂੰ ਸਮਝੌਤਾ ਕਰਨ ਲਈ ਕਰੋੜਾ ਰੁਪਿਆਂ ਦੀ ਆਫਰ ਵੀ ਹੋਈ ਪਰ ਉਨ੍ਹਾਂ ਕੌਮ ਨੂੰ ਤਰਜੀਹ ਦਿੱਤੀ।ਪੈਸਾ ਉਨਾ ਲਈ ਕੋਈ ਮਹੱਤਤਾ ਨਹੀਂ ਰੱਖਦਾ ਸੀ।ਉਨ੍ਹਾਂ ਨੇ ਜਿਹੜਾ ਰਾਹ ਚੁਣਿਆ ਸੀ , ਉਹ ਉਨ੍ਹਾਂ ਨੂੰ ਅੰਤ ਸ਼ਹਾਦਤ ਤੱਕ ਲੈ ਗਿਆ, ਜਿਸ ਨੂੰ ਉਹ ਕਾਫ਼ੀ ਸਮਾਂ ਪਹਿਲਾਂ ਤੋਂ ਲੱਭ ਰਹੇ ਸੀ।

# ਸਿੱਖ ਰੈਫਰੈਂਸ ਲਾਇਬਰੇਰੀ ਦਾ ਹਸ਼ਰ




ਲੇਖਕ ਰਾਜਵਿੰਦਰ ਸਿੰਘ ਰਾਹੀ
ਫੋਨ ਨੰ:9815751332

-ਜੂਨ 1984 'ਚ ਦਰਬਾਰ ਸਾਹਿਬ ਉਪਰ ਹੋਏ ਭਿਆਨਕ ਹਮਲੇ ਨੂੰ ਛੱਤੀ ਸਾਲ ਬੀਤ ਚੁੱਕੇ ਹਨ। ਸਮਾਂ ਲੰਘਣ ਨਾਲ ਇਸ ਜ਼ਖ਼ਮ ਦੀ ਪੀੜ ਦਿਨੋ ਦਿਨ ਡੂੰਘੀ ਹੋਈ ਜਾਂਦੀ ਹੈ। ਇਸ ਹਮਲੇ ਦੌਰਾਨ ਫੌਜ ਵੱਲੋਂ ਇਥੋਂ ਚੁੱਕੀ ਗਈ ਸਿੱਖ ਰੈਫਰੈਂਸ ਲਾਇਬਰੇਰੀ ਦੀ ਹਾਲਾਂ ਵੀ ਕੋਈ ਉੱਘ -ਸੁੱਘ ਨਹੀਂ ਮਿਲ ਰਹੀ। ਇਤਿਹਾਸਕ ਲਾਇਬਰੇਰੀ ਦਾ ਮਾਮਲਾ ਪੂਰੀ ਤਰਾਂ ਕੌਡੀਆਂ -ਘੱਟੇ ਰੁਲ਼ ਚੁੱਕਿਆਂ ਹੈ। ਇਸ ਦੇ ਲਈ ਆਪਣੇ ਵੀ ਜਿਮੇਵਾਰ ਹਨ, ਤੇ ਬੇਗਾਨੇ ਵੀ । ਇਹੋ ਕਿਹਾ ਜਾ ਸਕਦਾ ਹੈ ਕਿ ਲਾਇਬਰੇਰੀ ਦੀ ਵਾਪਸੀ ਲਈ ਕੋਈ ਝੱਭਵੇਂ ਤੇ ਠੋਸ ਯਤਨ ਹੀ ਨਹੀਂ ਹੋਏ। ਇਸ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਿੱਖਾਂ ਦੀਆਂ ਹੋਰ ਜਥੇਬੰਦੀਆਂ ਵੀ ਬਰਾਬਰ ਦੀਆਂ ਜਿਮੇਵਾਰ ਹਨ।

ਜਾਬਰ ਹਮਲਾਵਾਰਾਂ ਵਲੋਂ , ਕਿਸੇ ਦੇਸ਼ , ਕੌਮ ਜਾਂ ਭਾਈਚਾਰੇ ਦੇ ਗਿਆਨ ਦੇ ਸੋਮਿਆਂ ਨੂੰ ਤਬਾਹ ਕਰਨ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਤਿਹਾਸ ਅਜਿਹੇ ਭਿਆਨਕ ਕਾਰਨਾਮਿਆਂ ਨਾਲ ਭਰਿਆਂ ਪਿਆ ਹੈ ਬੁੱਧ ਧਰਮ ਦੇ ਵਿਦਵਾਨਾਂ ਵਲੋਂ ਨਾਲੰਦਾ (ਬਿਹਾਰ) ਵਿਚ ਸਥਾਪਤ ਕੀਤੀ ਗਈ ਲਾਇਬਰੇਰੀ ਬ੍ਰਾਹਮਣਾਂ ਵਲੋਂ ਸਾੜ ਦਿੱਤੀ ਗਈ ਸੀ, ਜੋ ਕਈ ਮਹੀਨੇ ਧੁਖਦੀ ਰਹੀ ਸੀ। ਮਿਸਰ ਵਿਚ ਅਲੈਗਜੈਂਡਰੀਆਂ ਦੀ ਮਸ਼ਹੂਰ ਲਾਇਬਰੇਰੀ ਨੂੰ ਜੁਲੀਅਸ ਸੀਜਰ ਦੇ ਫੌਜੀਆਂ ਨੇ ਅੱਗ ਲਗਾ ਦਿਤੀ ਸੀ। ਫੌਜੀ ਕਈ ਮਹੀਨੇ ਕਿਤਾਬਾਂ ਬਾਲ਼ ਬਾਲ਼ ਕੇ ਅੱਗ ਸੇਕਦੇ ਰਹੇ ਸਨ। ਵੀਹਵੀਂ ਸਦੀ ਵਿਚ 1915 ਦੀ ਪਹਿਲੀ ਸੰਸਾਰ ਜੰਗ ਦੌਰਾਨ ਜਰਮਨੀ ਦੇ ਹਮਲੇ ਵਿਚ ਵੀ ਬੈਲਜੀਅਮ ਦੀ ਲਾਇਬਰੇਰੀ ਸੜ ਕੇ ਸੁਆਹ ਹੋ ਗਈ ਸੀ। ਪਰ ਜਿਹੜੇ ਸਿੱਖਾਂ ਦਾ ਗਿਆਨ ਦਾ ਸੋਮਾ ਲਾਇਬਰੇਰੀ ਤਬਾਹ ਕਰ ਦਿੱਤੀ ਹੋਵੇ, ਉਹ ਖੁਦ ਇਸ ਦੋਸ਼ ਤੋਂ ਪੂਰੀ ਤਰਾਂ ਬਰੀ ਹਨ। ਖਾਲਸਾ ਰਾਜ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ,ਜਦ ਮਹਾਰਾਜਾ ਰਣਜੀਤ ਸਿੰਘ ਨੇ ਖੁਦ ਅਣਪੜ੍ਹ ਹੋਣ ਦੇ ਬਾਵਜੂਦ ਲਾਇਬਰੇਰੀਆਂ ਨੂੰ ਬਚਾਉਣ ਲਈ ਖਾਸ ਹਦਾਇਤਾਂ ਦਿੱਤੀਆਂ ਸਨ। ਇਸ ਗੱਲ ਦੀ ਪੁਸ਼ਟੀ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਕਰਦੇ ਹਨ। ਭਾਈ ਸਾਹਿਬ ਅਨੁਸਾਰ :"ਪਿਸ਼ਾਵਰ ਦੇ ਧਾਵੇ ਵੇਲੇ ਜਦੋਂ ਫ਼ੌਜ ਚੜ੍ਹੀ ਤਾਂ ਸਰਦਾਰ ਹਰੀ ਸਿੰਘ ਜੀ ਨੂੰ ਮਹਾਰਾਜਾ ਸਾਹਿਬ ਦਾ ਫ਼ਰਮਾਨ ਪਹੁੰਚਾ ਕਿ ਚਮਕਨੀ ਵਿਚ ਇੱਕ ਪੁਰਾਣਾ ਪੁਸਤਕਾਲਯ ਸੁਣੀਦਾ ਹੈ, ਜੰਗ ਵੇਲੇ ਕਿਸੇ ਗੱਲ ਦਾ ਧੁਰ ਸਿਰ ਨਹੀਂ ਰਹਿੰਦਾ, ਪਰ ਤੁਸਾਂ ਖਿਆਲ ਰੱਖਣਾ ਕਿ ਇਹ ਪੁਸਤਕਾਲਯ ਬਰਬਾਦ ਹੋਣ ਤੋਂ ਬਚਾ ਲਿਆ ਜਾਵੇਂ।"

ਲਾਇਬਰੇਰੀਆਂ ਨੂੰ ਸਾੜਨਾ, ਕਿਸੇ ਕੌਮ ਨੂੰ ਬੌਧਿਕ ਤੌਰ 'ਤੇ ਹੀਣਾ ਕਰਨਾ ਹੁੰਦਾ ਹੈ। ਚੈਕੋਸਲੋਵਾਕੀਆਂ ਦਾ ਨਾਵਲਕਾਰ ਮਿਲਾਨ ਕੁੰਦਰਾ ਇਸ ਕੁਕਰਮ ਦੀ ਵਿਆਖਿਆ ਇਸ ਤਰਾਂ ਕਰਦਾ ਹੈ:" ਇੱਕ ਕੌਮ ਨੂੰ ਨਸ਼ਟ ਕਰਨ ਵਿਚ ਪਹਿਲਾਂ ਕਦਮ ਉਸ ਦੀ ਯਾਦਦਾਸ਼ਤ ਨੂੰ ਮੇਟ ਦੇਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ , ਉਸ ਦੇ ਸੱਭਿਆਚਾਰ ਅਤੇ ਉਸ ਦੇ ਇਤਿਹਾਸ ਨੂੰ ਤਬਾਹ ਕਰ ਦੇਵੋ । ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਵੋ, ਨਵਾਂ ਸੱਭਿਆਚਾਰ ਘੜ ਲਵੋਂ , ਇਕ ਨਵਾਂ ਇਤਿਹਾਸ ਰਚ ਲਵੋ ।ਕੁੱਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਏਗੀ ਕਿ ਉਹ ਕੀ ਹੈ ਤੇ ਕੀ ਸੀ।"

ਇਹ ਅਰਥ ਵਿਆਖਿਆ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ 'ਤੇ ਇੰਨ ਬਿੰਨ ਪੂਰੀ ਢੁੱਕਦੀ ਹੈ। ਜਦ ਭਾਰਤੀ ਹਾਕਮਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਹਨਾਂ ਨੂੰ ਸਿੱਖ ਕੌਮ ਅੰਦਰ ਪੈਦਾ ਹੋਣ ਵਾਲੇ ਰੋਹੀਲੇ ਪ੍ਰਤੀਕਰਮ ਦਾ ਅੰਦਾਜਾ ਸੀ ਵੀ ਤੇ ਨਹੀਂ ਵੀ । ਰੋਹ ਭਰੇ ਫੌਰੀ ਪ੍ਰਤੀਕਰਮ ਨੂੰ ਥਾਏਂ ਨੱਪਣ ਲਈ ਤਾਂ ਉਹਨਾਂ ਨੇ ਪਹਿਲਾਂ ਹੀ ਪੂਰੇ ਪੰਜਾਬ ਨੂੰ ਸਿਕੰਜੇ ਵਾਂਗ ਜਕੜ ਰੱਖਿਆ ਸੀ। ਪਰ ਇਸ ਰੋਹੀਲੇ ਪ੍ਰਤੀਕਰਮ ਦੀ ਉਮਰ ਐਨੀ ਲੰਬੀ ਹੋ ਜਾਵੇਗੀ , ਇਸ ਦਾ ਉਹਨਾਂ ਨੂੰ ਅੰਦਾਜਾ ਨਹੀਂ ਸੀ। ਹਮਲੇ ਤੋਂ ਫੌਰੀ ਬਾਅਦ ਉਹਨਾਂ ਨੇ ਜਿੱਥੇ ਹਮਲੇ ਦੇ ਸਾਰੇ ਨਿਸ਼ਾਨ ਮਿਟਾਉਣ ਦੀ ਤੱਦੀ ਦਿਖਾਈ , ਉਥੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਲੀਡਰਸ਼ਿਪ ਵੀ ਇਹੋ ਜਿਹੀ ਚਾਹੀਦੀ ਸੀ ਜੋ, ਕੌਮ ਅੰਦਰ ਪਨਪੇ ਇਸ ਰੋਹ ਨੂੰ ਹੌਲੀ ਹੌਲੀ ਸ਼ਾਂਤ ਕਰ ਦੇਵੇ ਤੇ ਸਿੱਖ ਮਨਾਂ ਚੋਂ ਇਸ ਦੀ ਯਾਦ ਨੂੰ ਧੁੰਦਲਾ ਕਰ ਦੇਵੇ। ਸਿੱਖ ਰੈਫਰੈਂਸ ਲਾਇਬਰੇਰੀ ਵੀ ਇਹਨਾਂ ਕੁਟਲ ਚਾਲਾਂ ਦੀ ਹੀ ਭੇਟ ਚੜ੍ਹ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬੰਡੂਗਰ, ਸਕੱਤਰ ਮਨਜੀਤ ਸਿੰਘ ਕਲਕੱਤਾ, ਸੁਰਜੀਤ ਸਿੰਘ ਤੇ ਹਰਬੇਅੰਤ ਸਿੰਘ ਵਲੋਂ 1991 ਤੋਂ ਲੈ ਕੇ 2003 ਤੱਕ ਪ੍ਰਧਾਨ ਮੰਤਰੀ ਸ੍ਰੀ ਵੀ.ਪੀ ਸਿੰਘ, ਸ੍ਰੀ ਇੰਦਰ ਕੁਮਾਰ ਗੁਜਰਾਲ, ਗ੍ਰਹਿ ਮੰਤਰੀ ਸ੍ਰੀ ਐਲ. ਕੇ ਅਡਵਾਨੀ, ਮੈਂਬਰ ਪਾਰਲੀਮੈਂਟ ਸ: ਸੁਰਿੰਦਰ ਸਿੰਘ ਆਹਲੂਵਾਲਿਆ ਤੇ ਸ: ਜਗਮੀਤ ਸਿੰਘ ਬਰਾੜ ਆਦਿ ਨੂੰ ਪੱਤਰ ਤਾਂ ਲਿਖੇ ਗਏ ਹਨ ਕਿ ਰੈਫਰੈਂਸ ਲਾਇਬਰੇਰੀ ਵਾਪਸ ਕਰਵਾਈ ਜਾਵੇ ਪਰ ਚੰਗੇ ਵਕੀਲ ਕਰ ਕੇ ਕਿਸੇ ਅਦਾਲਤ ਦਾ ਸਹਾਰਾ ਨਹੀਂ ਲਿਆ ਗਿਆ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਨੇ ਤਾਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਆਪਣਾ ਵਾਈਟ ਪੇਪਰ ਵੀ 1996 ਵਿੱਚ ਜਾਰੀ ਕੀਤਾ ਸੀ, ਜੋ ਹੁਣ ਕਿਤੇ ਵੀ ਨਹੀਂ ਮਿਲਦਾ।

ਲਾਇਬਰੇਰੀ ਦੇ ਮਾਮਲੇ ਨੂੰ ਕਿਸੇ ਨੇ ਕਿੰਨੀ ਕੁ ਗੰਭੀਰਤਾਂ ਨਾਲ ਲਿਆ , ਇਸ ਦੀ ਮਿਸਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਗਿ: ਕਿਰਪਾਲ ਸਿੰਘ ਦੀ ਪੁਸਤਕ "ਅੱਖੀਂ ਡਿੱਠਾ-ਸਾਕਾ ਨੀਲਾ ਤਾਰਾ" ਵਿਚੋਂ ਵੀ ਮਿਲਦੀ ਹੈ। ਉਹਨਾਂ ਅਨੁਸਾਰ "ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਲਾਭ ਸਿੰਘ ਨੂੰ ਕਿਸੇ ਸੀ. ਆਈ. ਡੀ.ਵਾਲੇ ਨੇ ਦੱਸਿਆ ਸੀ ਕਿ ਲਾਇਬਰੇਰੀ ਦੇ ਹੱਥ ਲਿਖਤ ਗੁਟਕੇ ਤੇ ਪੋਥੀਆਂ ਦਿੱਲੀ ਵਿਚ ਰੁਲ਼ ਰਹੇ ਹਨ। ਉਸ ਨੇ , ਇਕ ਦੋ ਗੁਟਕੇ ਲਿਆਕੇ ਵੀ ਦਿੱਤੇ ਸਨ। ਪਰ ਕੋਈ ਜਿਮੇਵਾਰ ਵਿਆਕਤੀ ਇੱਧਰ ਪੜਤਾਲ ਕਰਨ ਵੱਲ ਹੀ ਨਹੀਂ ਤੁਰਿਆ।" ਇਹ ਸੁਆਲ ਤਾਂ ਜਥੇਦਾਰ ਸਾਹਿਬ 'ਤੇ ਹੀ ਬਣਦਾ ਹੈ ਕਿ ਤੁਸੀਂ ਜਥੇਦਾਰ ਹੋਣ ਦੀ ਹੈਸੀਅਤ ਵਿਚ ਜਿਮੇਵਾਰ ਬੰਦਿਆਂ ਦੀ ਡਿਊਟੀ ਕਿਉਂ ਨਹੀਂ ਲਗਾਈ ?

ਸਾਕੇ ਤੋਂ ਪੂਰੇ ਚੌਦਾ ਸਾਲ ਬਾਦ ਮਾਰਚ 2000 ਵਿਚ ਉਦੋਂ ਦੇ ਗ੍ਰਹਿ ਮੰਤਰੀ ਜਾਰਜ ਫਰਨਾਡੇਜ ਨੇ ਸ਼੍ਰੋਮਣੀ ਕਮੇਟੀ ਵਲੋਂ ਲਿਖੇ ਪੱਤਰ ਦੇ ਜੁਆਬ ਵਿਚ ਲਿਖਿਆ ਸੀ ਕਿ ਸਿੱਖ ਰੈਫਰੈਂਸ ਲਾਇਬਰੇਰੀ ਦੇ ਦਸਤਾਵੇਜ ਸੀ.ਬੀ.ਆਈ ਕੋਲ ਹਨ । ਉਸ ਵਕਤ ਪੰਜਾਬ ਵਿਚ ਸ: ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਪਰ ਸਰਕਾਰ ਨੇ ਇਸ ਸਬੰਧੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨਾਲ ਕੀ ਚਿੱਠੀ ਪੱਤਰ ਕੀਤਾ , ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਇਸੇ ਦੌਰਾਨ ਗਿਆਰਾਂ ਅਤੇ 12 ਜੂਨ 2000 ਦੇ ਰੋਜ਼ਾਨਾਂ 'ਅਜੀਤ' ਵਿਚ ਪੱਤਰਕਾਰ ਮੇਜਰ ਸਿੰਘ ਅਤੇ ਜਗਤਾਰ ਸਿੰਘ ਲਾਂਬਾ ਵਲੋਂ ਪੰਜਾਬ ਦੇ ਡੀ.ਐਸ.ਪੀ ਰਹੇ ਸਬਦਲ ਸਿੰਘ ਅਤੇ ਪੰਜਾਬ ਪੁਲਸ ਦੇ ਇਸਪੈਕਟਰ ਰਣਜੀਤ ਸਿੰਘ ਨੰਦਾ ਨਾਲ ਮੁਲਾਕਾਤਾਂ ਕਰਕੇ ਵਿਸਥਾਰਤ ਰਿਪੋਰਟਾਂ ਛਾਪੀਆਂ ਸਨ, ਜਿੰਨਾਂ ਵਿੱਚ ਦੋਵਾਂ ਅਫਸਰਾਂ ਨੇ ਰੈਫਰੈਂਸ ਲਾਇਬਰੇਰੀ ਦੀਆਂ ਹੱਥ ਲਿਖਤ ਪੋਥੀਆਂ, ਗੁਟਕੇ , ਹੁਕਮਨਾਮੇ ਤੇ ਹੋਰ ਦਸਤਾਵੇਜ ਸੀ.ਬੀ.ਆਈ ਦੇ ਕਬਜੇ ਵਿਚ ਹੋਣ ਦੀ ਪੁਸ਼ਟੀ ਕੀਤੀ ਸੀ। ਸਬਦਲ ਸਿੰਘ ਨੇ ਦੱਸਿਆ ਸੀ ਕਿ ਉਹ 5 ਜੂਨ 1984 ਨੂੰ ਸ੍ਰੀ ਅੰਮ੍ਰਿਤਸਰ ਵਿਚ ਸੀ.ਬੀ.ਆਈ ਨਾਲ ਡਿਊਟੀ 'ਤੇ ਸੀ। ਦੋ ਹਫਤਿਆਂ ਬਾਦ ਉਹ ਸੀ.ਬੀ.ਆਈ ਦੇ ਡਾਇਰੈਕਟਰ ਬਾਵਾ ਹਰਕਿਸ਼ਨ ਸਿੰਘ ਨਾਲ ਜਦ ਰਾਜਾਸਾਂਸੀ ਹਵਾਈ ਅੱਡੇ ਅੰਦਰ ਦਾਖਲ ਹੋਇਆ ਤਾਂ ਉਸ ਵਕਤ ਭਾਰਤੀ ਫੌਜ ਦੇ ਜਹਾਜ ਵਿਚੋਂ ਬਹੁਤ ਸਾਰੇ ਬੈਗ ਥੱਲੇ ਸੁੱਟੇ ਹੋਏ ਸਨ,ਜਿੰਨਾਂ ਵਿੱਚੋਂ ਹੱਥ ਲਿਖਤ ਪੋਥੀਆਂ ਤੇ ਗੁਟਕੇ ਧਰਤੀ 'ਤੇ ਖਿੰਡੇ ਪਏ ਸਨ। ਉਹਨਾਂ ਕਿਹਾ ਕਿ ਇਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਸ ਦੇ ਮਨ ਨੂੰ ਬਹੁਤ ਧੱਕਾ ਲੱਗਿਆ। ਉਹਨਾਂ ਅਨੁਸਾਰ ਪਹਿਲਾਂ ਇਹ ਸਾਰਾ ਸਮਾਨ ਫੌਜ ਦਿੱਲੀ ਲੈ ਗਈ ਸੀ ਤੇ ਫਿਰ ਸ੍ਰੀ ਅੰਮ੍ਰਿਤਸਰ ਲਿਆਂਦਾ ਗਿਆ । ਬਾਦ ਵਿਚ ਇਥੋਂ ਦੇ ਯੂਥ ਹੋਸਟਲ ਵਿਚ ਦੋ ਮਹੀਨੇ ਇਸ ਸਮਾਨ ਦੀ ਜਾਂਚ ਪੜਤਾਲ ਚੱਲਦੀ ਰਹੀ ਸੀ। ਸਬਦਲ ਸਿੰਘ ਦਾ ਕਹਿਣਾ ਸੀ ਕਿ ਛੇ ਜੂਨ ਤੋਂ ਬਾਦ ਹੀ ਫੌਜ ਤਾਂ ਕਹਿੰਦੀ ਆ ਰਹੀ ਸੀ ਕਿ ਸਿੱਖ ਰੈਫਰੈਂਸ ਲਾਇਬਰੇਰੀ ਤਾਂ ਅੱਗ ਨਾਲ ਸੜ ਗਈ ਹੈ, 9 ਜੂਨ ਨੂੰ ਸੜੀ ਹੋਈ ਲਾਇਬਰੇਰੀ ਦਾ ਚਾਰਜ ਵੀ ਦੇਵਿੰਦਰ ਸਿੰਘ ਦੁੱਗਲ ਨੂੰ ਦੇਣ ਦਾ ਯਤਨ ਕੀਤਾ ਗਿਆ ਸੀ ਪਰ ਫਿਰ ਦੋ ਹਫਤਿਆਂ ਬਾਦ ਹੀ ਹੱਥ ਲਿਖਤ ਪੁਸਤਕਾਂ ਗੁਟਕੇ ਤੇ ਹੋਰ ਦਸਤਾਵੇਜ ਕਿਥੋਂ ਆ ਗਏ ?

ਰਣਜੀਤ ਸਿੰਘ ਨੰਦਾ ਨੇ ਵੀ ਸਬਦਲ ਸਿੰਘ ਦੀਆਂ ਗੱਲਾਂ ਦੀ ਪੁਸ਼ਟੀ ਕੀਤੀ ਹੈ। ਉਹਨਾਂ ਕਿਹਾ ਕਿ ਸੀ.ਬੀ.ਆਈ ਦੀ ਜਾਂਚ ਟੀਮ ਵਿਚ ਪੰਜਾਬ ਪੁਲਸ ਦੇ ਡੀ.ਆਈ. ਜੀ ਬਜਿੰਦਰ ਕੁਮਾਰ ਵੀ ਸਾਮਲ ਸਨ । ਉਹਨਾਂ ਕਿਹਾ ਕਿ 190 ਬੈਗ ਪੋਥੀਆਂ, ਗੁਟਕਿਆਂ, ਹੁਕਮਨਾਮਿਆਂ ਤੇ ਹੋਰ ਦਸਤਾਵੇਜਾਂ ਨਾਲ ਭਰੇ ਹੋਏ ਸਨ। ਪਰ ਜਾਂਚ ਤੋਂ ਬਾਦ ਸੀ.ਬੀ.ਆਈ ਇਸ ਸਮਾਨ ਨੂੰ ਕਿਥੇ ਲੈ ਗਈ ਇਹ ਹਾਲਾਂ ਤੱਕ ਬੁਝਾਰਤ ਬਣੀ ਹੋਈ ਹੈ।

ਰੋਜ਼ਾਨਾਂ 'ਅਜੀਤ' ਵਿਚ ਇਹ ਰਿਪੋਰਟਾਂ ਛਪਣ ਤੋਂ ਬਾਅਦ ਜੁਲਾਈ 2003 ਵਿਚ ਤਰਨਤਾਰਨ ਜ਼ਿਲੇ ਦੇ ਪਿੰਡ ਪੰਡੋਰੀ ਰੋਮਾਣਾ ਦੇ ਭਾਈ ਸਤਨਾਮ ਸਿੰਘ ਵਲੋਂ ਐਡਵੋਕੇਟ ਰੰਜਨ ਲਖਨਪਾਲ ਰਾਹੀਂ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਪਾਈ ਗਈ । ਪਟੀਸਨ ਵਿਚ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦਾ ਸਕੱਤਰ ਰੱਖਿਆ ਮੰਤਰਾਲੇ ਦਾ ਸਕੱਤਰ , ਸੀ.ਬੀ.ਆਈ ਦਾ ਡਾਇਰੈਕਟਰ , ਪੰਜਾਬ ਸਰਕਾਰ ਦਾ ਮੁੱਖ ਸਕੱਤਰ ਤੇ ਸ਼੍ਰੋਮਣੀ ਕਮੇਟੀ ਨੂੰ ਪਾਰਟੀ ਬਣਾਇਆਂ ਗਿਆ । ਪਰ ਬਾਅਦ ਵਿਚ ਅਰਜੀ ਦੇ ਕੇ ਸ਼੍ਰੋਮਣੀ ਕਮੇਟੀ ਸਤਨਾਮ ਸਿੰਘ ਨਾਲ ਹੀ ਦੂਜੇ ਨੰਬਰ ਦੀ ਧਿਰ ਬਣ ਗਈ । ਨਾਲ ਹੀ ਸ਼੍ਰੋਮਣੀ ਕਮੇਟੀ ਨੇ ਹਾਈਕੋਰਟ ਵਿੱਚ ਰੈਫਰੈਂਸ ਲਾਇਬਰੇਰੀ ਦੇ ਸਮਾਨ ਦੀ ਇੱਕ ਸੂਚੀ ਪੇਸ਼ ਕਰ ਦਿੱਤੀ ਜਿਸ ਵਿੱਚ ਵੀਹ ਲੱਖ ਰੁਪਏ ਦੀਆਂ ਵੀਹ ਹਜ਼ਾਰ ਕਿਤਾਬਾਂ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ ਸਮੇਤ ਪੋਥੀਆਂ ਤੇ ਗੁਟਕੇ ਪੱਚੀ ਸੌ। ਦੁਰਲੱਭ ਪੁਸਤਕਾਂ ਦੇ ਹੱਥ ਲਿਖਤ ਖਰੜੇ ਪੰਜ ਸੌ, ਦੁਰਲੱਭ ਕਿਤਾਬਾਂ, ਦਸਤਾਵੇਜਾਂ ਤੇ ਲੇਖਾਂ ਦੇ ਟਾਈਪਡ ਖਰੜੇ ਦੋ ਸੌ, ਨਵੀਆਂ ਪੁਰਾਣੀਆਂ ਅਖਬਾਰਾਂ ਦੀਆਂ ਜਿਲਦਾਂ ਬਾਰਾਂ ਸੌ, ਦੁਰਲੱਭ ਚਿਤਰਾਂ ਦੀਆਂ ਅਠਾਰਾਂ ਐਲਬਮਾਂ ਸਾਮਲ ਸਨ।

ਸੀ.ਬੀ.ਆਈ ਨੇ ਦਸੰਬਰ 2003 ਵਿਚ ਵਕੀਲ ਰਾਜਨ ਗੁਪਤਾ ਰਾਂਹੀ ਜੁਆਬ ਦਾਅਵਾ ਦਾਇਰ ਕਰਕੇ ਮੰਨਿਆ ਸੀ ਕਿ ਸੀ.ਬੀ.ਆਈ ਨੇ ਫੌਜ ਕੋਲੋਂ 26-4-1984, 4-7-1984, 6-7-1984 ਨੂੰ ਚਾਰ ਹਜ਼ਾਰ ਦਸਤਾਵੇਜ ਪ੍ਰਾਪਤ ਕੀਤੇ ਸਨ । ਇਹ ਦਸਤਾਵੇਜ ਅੰਮ੍ਰਿਤਸਰ ਦੇ ਯੂਥ ਹੋਸਟਲ ਵਿੱਚ ਲਿਜਾਕੇ ਜਾਂਚ ਪੜਤਾਲ ਕੀਤੀ ਗਈ ਸੀ। ਇਸੇ ਦੌਰਾਨ ਗ੍ਰਹਿ ਵਿਭਾਗ ਦੇ ਅੰਡਰ ਸੈਕਟਰੀ ਵੀਰੇਂਦਰ ਕੁਮਾਰ ਵਲੋਂ ਵਕੀਲ ਪ੍ਰਵੀਨ ਚੰਦਰ ਨੇ ਜੁਆਬ ਦਾਅਵਾ ਦਾਇਰ ਕੀਤਾ, ਜਿਸ ਵਿਚ ਕਿਹਾ ਗਿਆ ਕਿ ਮਿਤੀ 5-7-1984 ਨੂੰ ਰਸੀਦ ਨੰ: RC2/84 iii/SIC/CBI/SPE/N ; DELHI ਰਾਹੀ ਸੀ.ਬੀ.ਆਈ ਨੂੰ ਚਾਰ ਵੱਡੇ ਬੈਗ ਤੇ 72 ਛੋਟੇ ਬੈਗ ਸੌਂਪੇ ਗਏ ਸਨ। ਮਿਤੀ 6 ਜੁਲਾਈ 1984 ਨੂੰ 36 ਬੈਗ , ਮਿਤੀ 7-7-1984 ਨੂੰ 16 ਵੱਡੇ ਬੈਗ ਤੇ 47 ਛੋਟੇ ਬੈਗ ਸੌਂਪੇ ਗਏ ਸਨ। ਇਸੇ ਤਰਾਂ 6 ਮਾਰਚ 1985 ਨੂੰ 12 ਬੈਗ ਸੌਂਪੇਂ ਗਏ ਸਨ। ਸੀ.ਬੀ.ਆਈ ਨੇ ਆਪਣੇ ਜੁਆਬ ਦਾਅਵੇ ਵਿਚ ਪੂਰੀ ਚਤੁਰਾਈ ਤੋਂ ਕੰਮ ਲਿਆ ਹੈ। ਉਨਾਂ ਅਨੁਸਾਰ ਏਜੰਸੀ ਨੇ ਕੋਰਟ ਦੇ ਹੁਕਮਾਂ 'ਤੇ 13-10-1989 , 20-6-1990 ਤੇ 28-12-1990 ਨੂੰ ਕੁਛ ਦਸਤਾਵੇਜ ਸ਼੍ਰੋਮਣੀ ਕਮੇਟੀ ਨੂੰ ਵਾਪਸ ਵੀ ਕਰ ਦਿੱਤੇ ਸਨ। ਉਹਨਾਂ 117 ਚੀਜਾਂ ਦੀ ਸੂਚੀ ਵੀ ਪੇਸ਼ ਕੀਤੀ ਸੀ ਪਰ ਇਹਨਾਂ ਚੀਜਾਂ ਵਿਚ ਸਿਰਫ ਸ਼੍ਰੋਮਣੀ ਕਮੇਟੀ ਦੇ ਦਫਤਰ ਦਾ ਰਿਕਾਰਡ ਜਾਂ ਹੋਰ ਕਮਰਿਆ ਦਾ ਫੁਟਕਲ ਸਮਾਨ ਸੀ। ਜਿਨਾਂ ਵਿਚ ਡਾਇਰੀਆਂ , ਪਾਸ ਬੁੱਕਾਂ , ਚੈਕ ਬੁੱਕਾਂ , ਸ਼ਨਾਖਤੀ ਕਾਰਡ ਤੇ ਰਜਿਸਟਰ ਆਦਿ ਸਨ। ਸੀ.ਬੀ.ਆਈ ਨੇ ਕਿਹਾ ਕਿ ਉਹਨਾਂ ਕੋਲ ਚਾਰ ਹਜ਼ਾਰ ਦਸਤਾਵੇਜ ਸਨ। ਜਿਨਾਂ ਵਿਚੋਂ ਕੁਛ ਜੋਧਪੁਰ ਵਿਚ ਚੱਲ ਰਹੇ ਕੇਸਾਂ ਦੇ ਚਲਾਣਾਂ ਨਾਲ ਲਗਾ ਦਿਤੇ ਸਨ ਤੇ ਕੁਛ ਭੜਕਾਊ ਸਮਝਕੇ ਸਾੜ ਦਿਤੇ ਸਨ। ਸੀ.ਬੀ.ਆਈ ਨੇ ਕਿਹਾ ਕਿ ਹੁਣ ਸਿਰਫ ਉਸ ਕੋਲ ਪੰਜ ਚੀਜਾਂ ਬਾਕੀ ਹਨ,

ਮਈ 1984 ਦਾ 'ਸੰਤ ਸਿਪਾਹੀ ਮੈਗਜ਼ੀਨ

ਵੱਖ ਵੱਖ ਚਿੱਠੀਆਂ ਦੀ ਫਾਈਲ, ਜਿਸ ਦੇ 49 ਵਰਕੇ ਹਨ

ਬਲਵਿੰਦਰ ਸਿੰਘ ਖੋਜਕੀਪੁਰ ਦੀ 1983 ਦੀ ਡਾਇਰੀ

ਸਿੱਖ ਸਟੂਡੈਂਟਸ ਫੈਡਰੇਸਨ ਦੀ 29-9-83 ਦੀ ਸਲਾਨਾ ਰਿਪੋਰਟ

ਇਕ ਅਸਲੇ ਦਾ ਲਾਇਸੰਸ No- 926/(AVG) ਅੰਮ੍ਰਿਤਸਰ ਜੋ ਚੰਨਣ ਸਿੰਘ ਦੇ ਨਾਂ ਹੈ।

ਇਹ ਇੱਕ ਬਹੁਤ ਵੱਡਾ ਮਜ਼ਾਕ ਸੀ। ਕੀ ਸੀ.ਬੀ.ਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ,ਪੋਥੀਆਂ,ਗੁਟਕੇ,ਹੁਕਮਨਾਮੇ ਤੇ ਧਰਮ ਪੁਸਤਕਾਂ ਨੂੰ ਭੜਕਾਊ ਕਹਿ ਕੇ ਸਾੜ ਸਕਦੀ ਸੀ ? ਇੱਕ ਤਰਾਂ ਨਾਲ ਸੀ.ਬੀ.ਆਈ ਸਾਰੀ ਰੈਫਰੈਂਸ ਲਾਇਬਰੇਰੀ ਤੋਂ ਹੀ ਮੁਨਕਰ ਹੋ ਗਈ ਹੈ। ਸਾਰੇ ਕੇਸ ਦੀ ਸੁਣਵਾਈ ਉਪਰੰਤ ਚੀਫ ਜਸਟਿਸ ਬਿਨੋਦ ਕੁਮਾਰ ਰਾਏ ਤੇ ਜਸਟਿਸ ਸੂਰੀਆਂ ਕਾਂਤ ਨੇ ਐਡਵੋਕੇਟ ਹਰਦੇਵ ਸਿੰਘ ਮੱਤੇਨੰਗਲ, ਐਡਵੋਕੇਟ ਰੰਜਨ ਲਖਨਪਾਲ, ਕੇਂਦਰ ਸਰਕਾਰ ਦੇ ਵਕੀਲ ਪੀ.ਸੀ. ਗੋਇਲ ਤੇ ਪੰਜਾਬ ਸਰਕਾਰ ਦੇ ਸੀਨੀਅਰ 4.1.7 ਮਿਸਜ ਚਾਰੂ ਤੁਲੀ ਦੀ ਹਾਜ਼ਰੀ ਵਿਚ 26-4-2004 ਨੂੰ ਸੁਣਾਏ ਤਿੰਨ ਪੈਨਿਆਂ ਦੇ ਫੈਸਲੇ ਵਿਚ ਸੀ.ਬੀ.ਆਈ ਦੇ ਜੁਆਬ ਨੂੰ ਇੰਨ ਬਿੰਨ ਪ੍ਰਵਾਨ ਕਰ ਲਿਆ ਤੇ ਕੇਂਦਰ ਸਰਕਾਰ ਨੂੰ ਕਹਿ ਦਿੱਤਾ ਕਿ ਜੇ ਕੋਈ ਚੀਜ ਬਾਕੀ ਹੈ ਤਾਂ ਉਹ ਵਾਪਸ ਕਰ ਦਿੱਤੀ ਜਾਵੇ।

ਪਰ ਇਸ ਫੈਸਲੇ ਤੋਂ ਬਾਦ ਸੁਆਲ ਖੜ੍ਹਾ ਹੁੰਦਾ ਹੈ ਕਿ ਭਾਈ ਸਤਨਾਮ ਸਿੰਘ ਤੇ ਸ਼੍ਰੋਮਣੀ ਕਮੇਟੀ ਵਲੋਂ ਸੁਪਰੀਮ ਕੋਰਟ ਵਿੱਚ ਅਪੀਲ ਕਿਉਂ ਨਾ ਪਾਈ ਗਈ ? ਭਾਈ ਸਤਨਾਮ ਸਿੰਘ ਦੇ ਪਿਤਾ ਮੇਜਾ ਸਿੰਘ ਸਮੇਤ ਉਸ ਦੇ ਪ੍ਰਵਾਰ ਦੇ ਛੇ ਮਰਦ ਮੈਂਬਰ ਪੁਲਸ ਨੇ ਝੂਠੇ ਮੁਕਾਬਲਿਆਂ ਵਿਚ ਮਾਰਕੇ ਖਪਾਏ ਹੋਏ ਹਨ। ਜਿਨਾਂ ਦਾ ਕੇਸ ਸੀ.ਬੀ.ਆਈ ਅਦਾਲਤ ਪਟਿਆਲਾ ਵਿੱਚ ਚੱਲ ਰਿਹਾ ਹੈ, ਤੇ ਜਿਥੇ ਪੁਲਸ ਨੇ ਸਟੇਅ ਲੈ ਰੱਖੀ ਹੈ, ਉਹ ਉੱਧਰ ਉਲਝ ਗਿਆ । ਪਰ ਸ਼੍ਰੋਮਣੀ ਕਮੇਟੀ ਨੇ ਅਗਾਂਹ ਉਜਰ ਕਿਉਂ ਨਾ ਕੀਤਾ ? ਕੀ ਇਹ ਘੇਸਲ ਜਾਣ ਬੁੱਝ ਕੇ ਮਾਰੀ ਗਈ ਸੀ ? ਇਹ ਵੱਡਾ ਸੁਆਲ ਖੜ੍ਹਾ ਹੈ। ਜਦ ਸਤੰਬਰ 2004 ਦੇ ਵਿਚ ਪ੍ਰਧਾਨ ਮੰਤਰੀ ਸ੍ਰ: ਮਨਮੋਹਨ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ ਤਾਂ ਉਸ ਵਕਤ ਸ਼੍ਰੋਮਣੀ ਕਮੇਟੀ ਨੇ ਉਹਨਾਂ ਕੋਲੋਂ ਲਾਇਬਰੇਰੀ ਲਈ ਸੀ.ਬੀ.ਆਈ ਜਾਂਚ ਦੀ ਮੰਗ ਕੀਤੀ ਸੀ। ਪਰ ਅਸਲ ਚੋਰ ਤਾਂ ਖੁਦ ਸੀ.ਬੀ.ਆਈ ਹੈ, ਚੋਰ ਕੋਲੋਂ ਹੀ ਚੋਰੀ ਦੀ ਜਾਂਚ ਦੀ ਮੰਗ ਕਰਨਾ ਕਿਧਰਲੀ ਦਾਨਸ਼ਮੰਦੀ ਸੀ ? ਉਂਝ ਸ਼੍ਰੋਮਣੀ ਕਮੇਟੀ ਨੇ ਦਿੱਲੀ ਹਾਈਕੋਰਟ ਵਿੱਚ ਭਾਰਤ ਸਰਕਾਰ 'ਤੇ ਹਜ਼ਾਰ ਕਰੋੜ ਦੇ ਮੁਆਵਜੇ ਦਾ ਕੇਸ ਕੀਤਾ ਹੋਇਆ ਹੈ ਜਿਸ ਵਿਚ ਲਾਇਬਰੇਰੀ ਵੀ ਸਾਮਲ ਹੈ । ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ, ਪੋਥੀਆਂ, ਗੁਟਕਿਆਂ, ਹੁਕਮਨਾਮਿਆਂ ਦਾ ਮੁੱਲ ਪੈਸਿਆਂ 'ਚ ਆਂਕਿਆ ਜਾ ਸਕਦਾ ਹੈ ? ਪੰਜਾਬ ਵਿਚ ਦਸ ਸਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਰਾਜ ਰਿਹਾ ਹੈ ਤੇ ਪਿਛਲੇ ਚਾਰ ਸਾਲ ਤੋਂ ਕੇਂਦਰ ਵਿਚ ਉਹਨਾਂ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੈ, ਇਸ ਦੌਰਾਨ ਲਾਇਬਰੇਰੀ ਦੀ ਤਲਾਸ਼ ਲਈ ਕੀ ਯਤਨ ਹੋਏ ਹਨ, ਇਹ ਕਿਸੇ ਨੂੰ ਨਹੀਂ ਪਤਾ।

ਪਿਛਲੇ ਸਾਲ ਕੇਂਦਰ ਸਰਕਾਰ ਨੇ ਸੀ. ਬੀ. ਆਈ ਦੇ ਹਵਾਲੇ ਨਾਲ ਇੱਕ ਸੂਚੀ ਜਾਰੀ ਕਰਕੇ ਕਿਹਾ ਸੀ ਕਿ ਉਹ ਲਾਇਬਰੇਰੀ ਦਾ ਸਾਰਾ ਸਮਾਨ ਵਾਪਸ ਕਰ ਚੁੱਕੇ ਹਨ। ਉਨਾਂ ਨੇ ਕੁੱਛ ਵਿਆਕਤੀਆਂ ਦੇ ਨਾਂਅ ਵੀ ਜਾਰੀ ਕੀਤੇ ਸਨ ਜਿਨਾਂ ਵਿੱਚ ਮੌਜੂਦਾ ਸਕੱਤਰ ਦਿਲਮੇਘ ਸਿੰਘ ਅਤੇ ਸਾਬਕਾ ਸਕੱਤਰ ਕੁਲਵੰਤ ਸਿੰਘ ਦੇ ਨਾਂਅ ਬੋਲਦੇ ਸਨ ਕਿ ਇਹਨਾਂ ਵਿਆਕਤੀਆਂ ਦੇ ਦਸਖਤ ਲੈ ਕੇ ਵਸਤੂਆਂ ਸੌਂਪੀਆਂ ਗਈਆ ਸਨ। ਮਾਮਲਾ ਭਖਣ 'ਤੇ ਸ਼੍ਰੋਮਣੀ ਕਮੇਟੀ ਨੇ ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਪੰਜ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਸੀ, ਇਸ ਵਿੱਚ ਮੁੱਖ ਸਕੱਤਰ ਰੂਪ ਸਿੰਘ , ਬੀਬੀ ਜਗੀਰ ਕੌਰ, ਦਿਲਮੇਘ ਸਿੰਘ, ਅਤੇ ਸੁਖਦੇਵ ਸਿੰਘ ਭੂਰਾ ਕੋਹਨਾ ਸਾਮਲ ਸਨ। ਪਰ ਬਡੂੰਗਰ ਦੇ ਦੱਸਣ ਮੁਤਾਬਕ ਕਮੇਟੀ ਦੀਆਂ ਹੁਣ ਤੱਕ ਦੋ ਮੀਟਿੰਗਾਂ ਹੋਈਆ ਹਨ ਪਰ ਜਾਂਚ ਅਗਾਂਹ ਨਹੀਂ ਤੁਰ ਸਕੀ। ਸਪੱਸ਼ਟ ਹੈ ਕਿ ਜਾਂਚ ਅਗਾਂਹ ਤੁਰੇਗੀ ਵੀ ਨਹੀਂ ਕਿਉਂਕਿ ਕਮੇਟੀ ਵਿੱਚ ਉਹੀ ਵਿਆਕਤੀ ਸਾਮਲ ਹਨ ਜਿਨਾਂ ਨੂੰ ਸਰਕਾਰ ਨੇ ਵਸਤੂਆਂ ਸੌਂਪੀਆਂ ਹਨ। ਲੱਗਦਾ ਹੈ ਕਿ ਕਮੇਟੀ ਸਿਰਫ ਵਕਤ ਪੂਰਾ ਕਰਕੇ ਕੌਮ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦਾ ਯਤਨ ਹੀ ਕਰੇਗੀ। ਇਹ ਵੀ ਪਤਾ ਲੱਗਾ ਹੈ ਕਿ ਸਰਕਾਰ ਨੇ ਕਲਚਰ ਸੈਂਟਰ ਚੰਡੀਗੜ੍ਹ ਮਾਰਫਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪ੍ਰਿੰ: ਸਤਵੀਰ ਸਿੰਘ ਨੂੰ 87 ਦੁਰਲੱਭ ਪੇਂਟਿੰਗਾਂ ਸੌਂਪੀਆਂ ਸਨ, ਹੁਣ ਪੇਂਟਿੰਗਾਂ ਕਿਥੇ ਹਨ ਇਹ ਵੀ ਉਘ ਸੁਘ ਨਹੀਂ ਲੱਗਦੀ ।

ਇਸ ਸਾਰੇ ਘਟਨਾ ਕਰਮ ਚੋਂ ਇਹੋ ਸਿੱਟਾ ਨਿੱਕਲਦਾ ਹੈ ਕਿ ਸੀ.ਬੀ.ਆਈ ਦੇ ਅਫਸ਼ਰ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਇਹ ਦੁਰਲੱਭ ਸਰੂਪ , ਪੋਥੀਆਂ, ਗੁਟਕੇ , ਹੁਕਮਨਾਮੇ ਆਦਿ ਬਾਹਰਲੇ ਮੁਲਕਾਂ ਦੇ ਵਪਾਰੀਆਂ ਨੂੰ ਵੇਚ ਚੁੱਕੇ ਹਨ, ਜੋ ਸਮਾਂ ਪਾਕੇ ਬਾਹਰ ਨਿਕਲਣਗੇ । ਜਿਵੇਂ ਅੰਗਰੇਜ ਲਹੌਰ ਦਰਬਾਰ ਲੁੱਟ ਕੇ ਲੈ ਗਏ ਸਨ ਤੇ ਹੁਣ ਮਹਾਰਾਣੀ ਜਿੰਦ ਕੌਰ ਦੀਆਂ ਬਾਲੀਆਂ ਦੀ ਨਿਲਾਮੀ ਲਾਕੇ ਕਰੋੜਾ ਰੁਪਏ ਵੱਟ ਰਹੇ ਹਨ,ਸ਼ਾਇਦ ਇਹ ਵਸਤੂਆਂ ਵੀ ਇਸੇ ਲਾਲਚ ਦੀ ਭੇਟ ਚੜ੍ਹ ਗਈਆ ਹਨ। ਹੁਣ ਇਥੇ ਸਿਰਫ ਅਮੀਰ ਮੀਨਾਈ ਦਾ ਸ਼ੇਅਰ ਹੀ ਢੁਕਦਾ ਹੈ :

**"ਹੁਏ ਨਾਮਵਾਰ ਬੇਨਿਸ਼ਾਂ ਕੈਸੇ ਕੈਸੇ।**
**ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ।"**

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 - 6.00 ਵਜੇ |
| ਆਸਾ ਕੀ ਵਾਰ | : 6.00 -7.45 ਵਜੇ |
| ਅਰਦਾਸ / ਹੁਕਮਨਾਮਾ | : 7.45 - 8.00 ਵਜੇ |
| ਕਥਾ / ਹੁਕਮਨਾਮਾ | : 8.00 - 8.30 ਵਜੇ |
| ਕੀਰਤਨ | : 8.30 - 9.40 ਵਜੇ |
| ਕਥਾ | : 9.40 - 10.30 ਵਜੇ |
| ਢਾਡੀ | : 10.30 - 11.30 |
| **ਸਮਾਪਤੀ** | : 8:00 ਵਜੇ |

### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30-5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30-6:40 ਵਜੇ |
| ਕਥਾ | : 6:40-7:15 ਵਜੇ |
| ਢਾਡੀ | : 7:15 -8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਦੋ ਸ੍ਰੀ ਅਖੰਡ ਪਾਠ ਸਾਹਿਬ 1) ਨਗਰ ਫੋਲੜੀਵਾਲ ਦੀ ਸੰਗਤ ਵੱਲੋਂ, 2) ਬੀਬੀ ਰਾਜਵਿੰਦਰ ਕੌਰ ਝੁੱਟੀ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 29 ਮਈ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 31 ਮਈ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- 30 ਮਈ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਕਾਕਾ ਜਸਵਿੰਦਰ ਸਿੰਘ ਮਾਂਗਟ ਦੇ ਅਨੰਦ ਕਾਰਜ ਹੋਣਗੇ।
- 30 ਮਈ ਦਿਨ ਸ਼ਨਿੱਚਰਵਾਰ ਸ਼ਾਮ 5:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਬੀਬੀ ਹਰਮਿੰਦਰ ਕੌਰ ਗਿੱਲ, 2) ਭਾਈ ਬਲਜਿੰਦਰ ਸਿੰਘ ਪ੍ਰਵਾਰ , 3) ਭਾਈ ਤਜਿੰਦਰ ਸਿੰਘ ਭੰਡਾਲ ਪ੍ਰਵਾਰ ਵੱਲੋਂ ਹੋਵੇਗੀ।
- 31 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਦੇਵ ਸਿੰਘ, 2) ਭਾਈ ਗੁਰਪ੍ਰੀਤ ਸਿੰਘ, 3) ਭਾਈ ਇੰਦਰਜੀਤ ਸਿੰਘ ਗਿੱਲ, 4) ਬੀਬੀ ਅਮਰਦੀਪ ਕੌਰ ਪ੍ਰਵਾਰ ਵੱਲੋਂ ਹੋਵੇਗੀ।
- ਅੰਤਿਮ ਸਸਕਾਰ ਭਾਈ ਮੁਖਤਿਆਰ ਸਿੰਘ ਬਰਾੜ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 31 ਮਈ ਦਿਨ ਐਤਵਾਰ 11:00 ਵਜੇ ਹੋਵੇਗਾ ਉਪਰੰਤ 12:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸਸਕਾਰ ਬੀਬੀ ਬਲਜੀਤ ਕੌਰ ਗਿੱਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 31 ਮਈ ਦਿਨ ਐਤਵਾਰ 03:00 ਵਜੇ ਹੋਵੇਗਾ ਉਪਰੰਤ 4:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 31 ਮਈ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਮਲਕੀਤ ਸਿੰਘ ਕੁਲਾਰ ਪ੍ਰਵਾਰ ਵੱਲੋਂ ਹੋਵੇਗੀ।
- 01 ਜੂਨ ਦਿਨ ਸੋਮਵਾਰ ਸਵੇਰੇ 9:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਵਿੰਦਰਜੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- 1 ਜੂਨ ਦਿਨ ਸੋਮਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਦੀਪ ਸਿੰਘ ਪ੍ਰਵਾਰ ਵੱਲੋਂ ਹੋਵੇਗੀ।

ਰਾਗੀ ਜੱਥਾ : ਭਾਈ ਦਿਲਬਾਗ ਸਿੰਘ
ਭਾਈ ਹਰਜੀਤ ਸਿੰਘ

ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼

ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਘੱਲੂਘਾਰਾ ਜੂਨ '84 ਦਾ ਦੁਖਾਂਤ ਤੇ ਸਿੱਖ ਰਾਜਨੀਤੀ ਦੀ ਪੁਨਰ ਉਸਾਰੀ ਦਾ ਮੱਸਲਾ

ਲਿਖਤ : ਪ੍ਰੋ. ਬਲਵਿੰਦਰਪਾਲ ਸਿੰਘ
ਸੰਪਰਕ : 98157-00916


ਸਿੱਖਾਂ ਦੇ ਇਤਿਹਾਸ ਵਿਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ '84 ਦਾ ਖੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦੁਖਾਂਤਕ ਇਸ ਲਈ ਸੀ, ਕਿਉਂਕਿ ਇਹ ਆਜ਼ਾਦ ਭਾਰਤ ਦੇ ਵਿਚ ਆਜ਼ਾਦੀ ਦੇ ਲਈ ਕੁਰਬਾਨੀ ਦੇਣ ਵਾਲੀ ਸਿੱਖ ਕੌਮ ਨਾਲ ਵਾਪਰਿਆ।

ਇਸ ਭਿਅੰਕਰ ਘੱਲੂਘਾਰੇ ਦਾ ਸੰਤਾਪ ਖ਼ਾਲਸਾ ਪੰਥ ਹਾਲੇ ਵੀ ਭੋਗ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਭਾਜਪਾ, ਖੱਬੇ ਪੱਖੀ ਤੇ ਹੋਰ ਬਹੁਤ ਸਾਰੀਆਂ ਰਾਸ਼ਟਰਵਾਦੀ ਪਾਰਟੀਆਂ ਸਿੱਖ ਪੰਥ ਦੇ ਵਿਰੋਧ ਵਿਚ ਖੜੀਆਂ ਰਹੀਆਂ ਹਨ। ਭਗਵੇਂਵਾਦੀ ਜਥੇਬੰਦੀਆਂ ਇਸ ਸਾਕੇ ਦੀ ਖ਼ੁਸ਼ੀ ਮਨਾਉਂਦੇ ਹੋਏ ਲੱਡੂ ਵੰਡਦੀਆਂ ਰਹੀਆਂ ਤੇ ਹੁਣ ਵੀ ਇਸ ਦਿਹਾੜੇ ਦੌਰਾਨ ਸ਼ਿਵ ਸੈਨਾ ਵਰਗੀਆਂ ਫਿਰਕੂ ਜਥੇਬੰਦੀਆਂ ਸਿੱਖਾਂ ਦੇ ਜ਼ਖ਼ਮਾਂ ਉੱਪਰ ਲੂਣ ਭੁਕਦੀਆਂ ਹਨ। ਭਾਜਪਾ ਨੇਤਾ ਐਲ ਕੇ ਅਡਵਾਨੀ ਨੇ ਆਪਣੀ ਜੀਵਨ ਕਥਾ 'ਮਾਈ ਕੰਟਰੀ ਮਾਈ ਲਾਈਫ' ਵਿਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ ਜਾਵੇ।

ਯਾਦ ਰਹੇ ਕਿ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ 'ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਪਹਾੜੀ ਇਲਾਕੇ ਵਿਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਉੱਪਰ ਫੌਜੀ ਅਪਰੇਸ਼ਨ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ ਜਿਨ੍ਹਾਂ ਨੇ ਖ਼ੁਫ਼ੀਆ ਤੌਰ 'ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਅਪਣੀ ਸਲਾਹ ਪੇਸ਼ ਕੀਤੀ ਸੀ। ਇਸ ਸੰਬੰਧੀ ਸਾਰੇ ਸਬੂਤ ਸਾਹਮਣੇ ਆ ਚੁੱਕੇ ਹਨ, ਪਰ ਉਨ੍ਹਾਂ ਦਾ ਅਜੇ ਵੀ ਅਧਿਐਨ ਕਰਨਾ ਬਾਕੀ ਹੈ। ਹੈਰਾਨੀ ਦਾ ਵਿਸ਼ਾ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇਕ ਪਾਸੇ ਪੰਜਾਬ ਸਮੱਸਿਆ ਦੇ ਹੱਲ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਮੀਟਿੰਗਾਂ ਕਰ ਰਹੀ ਸੀ ਤੇ ਦੂਸਰੇ ਪਾਸੇ ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਕਰ ਦਿੱਤਾ ਤੇ ਇਹੋ ਜਿਹੇ ਖਤਰਨਾਕ ਹਾਲਾਤ ਜਾਣ ਬੁੱਝ ਕੇ ਬਣਾਏ ਗਏ ਤਾਂ ਜੋ ਸਿੱਖ ਪੰਥ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਸਕੇ ਤੇ ਸਬਕ ਸਿਖਾਇਆ ਜਾ ਸਕੇ।

ਆਈ ਕੇ ਗੁਜਰਾਲ ਨੇ ਮੀਡੀਆ ਵਿਚ ਸਾਫ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਦਾ ਅਕਾਲੀਆਂ ਨਾਲ ਸਮਝੌਤਾ ਕਰਨ ਦਾ ਕੋਈ ਇਰਾਦਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ ਤਾਂ ਜੋ ਦੁਨੀਆਂ ਨੂੰ ਗੁਮਰਾਹ ਕੀਤਾ ਜਾ ਸਕੇ। ਸਿੱਖਾਂ ਨਾਲ ਟਕਰਾਓ ਤੇ ਦਰਬਾਰ ਸਾਹਿਬ ਉੱਪਰ ਹਮਲੇ ਦਾ ਵਿਚਾਰ ਇੰਦਰਾ ਗਾਂਧੀ ਪਹਿਲਾਂ ਹੀ ਬਣਾ ਚੁੱਕੀ ਸੀ, ਕਿਉਂਕਿ ਇੰਦਰਾ ਵਲੋਂ ਲਗਾਈ ਐਮਰਜੈਂਸੀ ਦਾ ਵਿਰੋਧ ਸਿੱਖਾਂ ਨੇ ਵੱਡੇ ਪੱਧਰ 'ਤੇ ਕੀਤਾ ਸੀ। ਇਸੇ ਕਰਕੇ ਇੰਦਰਾ ਨੂੰ ਐਮਰਜੈਂਸੀ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ।

ਇਸ ਹਾਰ ਨੂੰ ਇੰਦਰਾ ਬਰਦਾਸ਼ਤ ਨਹੀਂ ਕਰ ਸਕੀ, ਜਿਸ ਵਿਚੋਂ ਇਹ ਘੱਲੂਘਾਰਾ ਨਿਕਲਿਆ। ਇਸ ਘੱਲੂਘਾਰੇ ਦੇ ਜਨਮ ਦਾ ਇਹ ਵੀ ਕਾਰਨ ਸੀ ਕਿ ਇੰਦਰਾ ਹਿੰਦੂਤਵ ਦੀ ਰਚਨਾ ਕਰਕੇ ਤੇ ਸਿੱਖ ਕੌਮ ਨੂੰ ਅੱਤਵਾਦੀ ਐਲਾਨ ਕੇ ਫੌਜੀ ਅਪਰੇਸ਼ਨ ਕਰਕੇ ਆਪਣੀ ਸੱਤਾ ਕਾਇਮ ਰੱਖਣਾ ਚਾਹੁੰਦੀ ਸੀ। ਹਾਲਾਂਕਿ ਸੰਨ 1982 ਦੌਰਾਨ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ



ਮੋਰਚਾ ਸੀ ਜਿਸ ਵਿਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲ੍ਹਾਂ ਵਿਚ ਗਏ ਸਨ। ਪਰ ਇੰਦਰਾ ਗਾਂਧੀ ਨੇ ਇਸ ਨੂੰ ਅੱਤਵਾਦ ਨਾਲ ਜੋੜ ਕੇ ਇਹ ਫਿਰਕੂ ਖੇਡ ਖੇਡੀ। ਇਕ ਸਾਜ਼ਿਸ਼ ਤਹਿਤ ਅਧੀਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਾਲੇ 6 ਜੂਨ ਦਾ ਦਿਨ ਜਾਣ ਬੁਝ ਕੇ ਚੁਣਿਆ ਗਿਆ ਤਾਂ ਜੋ ਉੱਥੇ ਇਕੱਠੀਆਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਹਮਲੇ ਦੌਰਾਨ ਮਸ਼ੀਨ ਗੰਨਾਂ, ਹੈਲੀਕਾਪਟਰਾਂ, ਟੈਂਕਾਂ ਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅਕਾਲ ਤਖ਼ਤ ਢਹਿ ਢੇਰੀ ਕੀਤਾ ਗਿਆ। ਤਕਰੀਬਨ ਹਜ਼ਾਰਾਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਮੌਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦਸੀ ਜਾਂਦੀ ਹੈ। ਪਰ ਸੁਆਲ ਇਹ ਹੈ ਕਿ ਏਨੀ ਕੁ ਗਿਣਤੀ ਨੂੰ ਗ੍ਰਿਫ਼ਤਾਰ ਕਰਨ ਦੇ ਲਈ ਏਨਾ ਵੱਡਾ ਫੌਜੀ ਅਪਰੇਸ਼ਨ ਕਿਉਂ ਕੀਤਾ ਗਿਆ? ਸਿੱਖ ਰੈਂਫ਼ਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਲੁਟ ਲਿਆ ਗਿਆ।

ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿਚ 72 ਹੋਰ ਗੁਰਦਵਾਰਿਆਂ ਉਪਰ ਵੀ ਭਾਰਤੀ ਫ਼ੌਜ ਨੇ ਇੰਦਰਾ ਸਰਕਾਰ ਦੇ ਹੁਕਮ ਅਨੁਸਾਰ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਇਨ੍ਹਾਂ ਗੁਰਦਵਾਰਿਆਂ ਅੰਦਰ ਕੋਈ ਖਾੜਕੂ ਮੌਜੂਦ ਨਹੀਂ ਸੀ। ਪਰ ਉੱਥੇ ਵੀ ਸਿੱਖ ਸੰਗਤਾਂ ਉਪਰ ਫ਼ੌਜ ਵਲੋਂ ਤਸ਼ੱਦਦ ਢਾਹਿਆ ਗਿਆ। ਮਨੁੱਖੀ ਅਧਿਕਾਰਾਂ ਦਾ ਜੋ ਘਾਣ 84 ਤੋਂ ਬਾਅਦ ਪੰਜਾਬ ਵਿਚ ਹੋਇਆ, ਝੂਠੇ ਪੁਲੀਸ ਮੁਕਾਬਲੇ ਹੋਏ, ਲਾਵਾਰਸ ਲਾਸ਼ਾਂ ਦਾ ਕੇਸ ਮਨੁੱਖੀ ਅਧਿਕਾਰਾਂ ਦੇ ਨੇਤਾ ਜਸਵੰਤ ਸਿੰਘ ਖਾਲੜਾ ਨੇ ਸਾਹਮਣੇ ਲਿਆਂਦਾ ਉਸ ਦੀ ਮਿਸਾਲ ਸਾਰੇ ਭਾਰਤ ਵਿਚ ਨਹੀਂ ਮਿਲਦੀ। ਆਖਿਰ ਖਾਲੜਾ ਨੂੰ ਵੀ ਲਾਵਾਰਸ ਲਾਸ਼ ਬਣਾ ਦਿੱਤਾ ਗਿਆ। ਇਹ ਭਾਰਤੀ ਜਮਹੂਰੀਅਤ ਦਾ ਕਤਲ ਸੀ। ਅੱਜ ਤੱਕ ਸਿੱਖ ਕੌਮ ਇਸ ਘੱਲੂਘਾਰੇ ਕਾਰਨ ਬੇਗਾਨਗੀ ਦਾ ਅਹਿਸਾਸ ਕਰ ਰਹੀ ਹੈ।

ਵਰਣਨਯੋਗ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਇਸ ਘਟਨਾ ਦਾ ਯਥਾਰਥਕ ਪੱਖ ਆਪਣੀ ਲਿਖਤਾਂ ਵਿਚ ਕਦੇ ਵੀ ਪੇਸ਼ ਨਹੀਂ ਕੀਤਾ ਤੇ ਉਹ ਸਰਕਾਰੀ ਇਨਾਮਾਂ ਪਦਮ ਸ੍ਰੀ, ਪਦਮ ਵਿਭੂਸ਼ਨ ਵਰਗੇ ਪੁਰਸਕਾਰਾਂ ਦੀ ਝਾਕ ਵਿਚ ਆਪਣੀਆਂ ਜਮੀਰਾਂ ਵੇਚਦੇ ਰਹੇ। ਗ਼ੈਰਾਂ ਤੋਂ ਇਲਾਵਾ ਸਾਡੇ ਆਪਣੇ ਪੰਥਕ ਆਗੂਆਂ ਨੇ ਵੀ ਇਸ ਘੱਲੂਘਾਰੇ ਦੌਰਾਨ ਪੰਥ ਨਾਲ ਧੋਖਾ ਕੀਤਾ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਥ ਦੀ ਸੋਚ ਤੋਂ ਪਰੇ ਜਾ ਕੇ ਲੰਗੜਾ ਲੂਲਾ ਰਾਜੀਵ-ਲੌਂਗੋਵਾਲ ਸਮਝੌਤਾ ਕੀਤਾ। ਬਾਦਲ ਪਰਿਵਾਰ ਹੁਣ ਤੱਕ ਗੁਰੂ ਨਾਨਕ ਪੰਥ ਦੀ ਸੋਚ ਦੇ ਉਲਟ ਭੁਗਤਦੇ ਰਹੇ ਤੇ ਸੱਤਾ ਪ੍ਰਾਪਤੀ ਦੇ ਲਈ ਕੇਂਦਰ ਸਰਕਾਰ ਖਾਸ ਕਰਕੇ ਭਾਜਪਾ ਦੇ ਅਧੀਨ ਰਾਜਨੀਤੀ ਕਰਦੇ ਰਹੇ ਹਨ। ਨਿਰੰਕਾਰੀ ਕਾਂਡ, ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ, ਸੌਦਾ ਸਾਧ, ਦਰਿਆਈ ਪਾਣੀ, ਕਸ਼ਮੀਰ ਦੇ ਮਸਲੇ ਇਸ ਗੱਲ ਦੇ ਗਵਾਹ ਹਨ ਕਿ ਬਾਦਲ ਪਰਿਵਾਰ ਦੀ ਨਿਸ਼ਠਾ ਪੰਥ ਪ੍ਰਤੀ ਕਦਾਚਿਤ ਨਹੀਂ ਸੀ।

ਸ਼੍ਰੋਮਣੀ ਅਕਾਲੀ ਦਲ ਦਾ ਵਾਰ ਵਾਰ ਚੋਣਾਂ ਹਾਰਨਾ ਸਿਆਸੀ ਤੌਰ 'ਤੇ ਭੋਗ ਪੈਣਾ ਅਤੇ ਰਾਜਾਂ ਦੀ ਖੁਦਮੁਖਤਿਆਰੀ ਢਾਂਚੇ ਤੋਂ ਪਰੇ ਹੱਟਣਾ ਸਿੱਖ ਪੰਥ ਲਈ ਇਕ ਹੋਰ ਵੱਡਾ ਦੁਖਾਂਤ ਹੈ। ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਨਾ ਉਭਰਨ ਦੇਣਾ ਬਾਦਲ ਦਲ ਦੀ ਸਿਧਾਂਤਹੀਣੀ ਸਿਆਸਤ ਦਾ ਹਿੱਸਾ ਸੀ ਤੇ ਹੈ। ਅਜੇ ਸਿੱਖ ਇਤਿਹਾਸਕਾਰਾਂ ਤੇ ਲੇਖਕਾਂ ਨੇ ਇਸ ਬਾਰੇ ਬਹੁਤ ਕੁਝ ਲਿਖਣਾ ਹੈ ਤੇ ਬਹੁਤ ਤੱਥ ਸਾਹਮਣੇ ਆਉਣੇ ਬਾਕੀ ਹਨ। ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ ਵਿਖੇ ਗੋਲੀਆਂ ਦਾ ਨਿਸ਼ਾਨ ਮਿਟਾ ਦੇਣ ਦਾ ਅਰਥ ਇਹੀ ਸੀ ਕਿ ਸਿੱਖ ਇਹ ਸਾਕਾ ਭੁੱਲ ਜਾਣ। ਇਹੀ ਸਿਖ ਵਿਰੋਧੀ ਸਿਸਟਮ ਚਾਹੁੰਦਾ ਸੀ ਜੋ ਸਿਖ ਘਲੂਘਾਰਿਆ ਦਾ ਜ਼ਿੰਮੇਵਾਰ ਹੈ। ਪਰ ਸਿੱਖ ਸਿਧਾਂਤ, ਸਿੱਖ ਪਰੰਪਰਾ, ਸਿੱਖ ਫਿਲਾਸਫੀ ਤੇ ਸਿੱਖ ਇਤਿਹਾਸ ਲਗਾਤਾਰ ਸਿੱਖ ਜਗਤ ਦੀ ਅਗਵਾਈ ਕਰ ਰਹੇ ਹਨ, ਜਿਸ ਤਹਿਤ ਏਨਾ ਵੱਡਾ ਦੁਖਾਂਤ ਭੁੱਲ ਜਾਣਾ ਅਸੰਭਵ ਹੈ। ਏਨੀ ਗੱਲ ਜ਼ਰੂਰ ਹੈ ਕਿ ਸਿੱਖ ਆਪਣੀ ਸੰਗਤ ਰੂਪੀ ਜਮਹੂਰੀ ਜਮਾਤ ਨਹੀਂ ਸਿਰਜ ਸਕੇ ਤੇ ਨਾ ਹੀ ਇਸ ਤੋਂ ਬਾਅਦ ਗੁਰਮਤਿ ਪੱਖੀ ਰਾਜਨੀਤੀ ਵਲ ਵੱਧ ਸਕੇ ਹਨ, ਜਿਸ ਦੇ ਇਸ਼ਾਰੇ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦੇ ਰੂਪ ਵਿਚ ਕੀਤੇ ਹਨ। ਜਾਤੀਵਾਦ, ਕਰਮਕਾਂਡ, ਸਿੱਖ ਸਿਧਾਂਤਾਂ ਦਾ ਬ੍ਰਾਹਮਣੀਕਰਨ ਤੇ ਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਹਲੇਮੀ ਰਾਜ ਦੇ ਸੰਕਲਪ ਵਿਚ ਵੱਡੀ ਰੁਕਾਵਟ ਹਨ। ਮੁਗਲ ਹਕੂਮਤ ਤੋਂ ਲੈ ਕੇ ਧਾੜਵੀ ਨਾਦਰ ਸ਼ਾਹ, ਅਬਦਾਲੀ ਅੰਗਰੇਜ਼ ਦਰਬਾਰ ਸਾਹਿਬ ਦੇ ਮਹੱਤਵ ਨੂੰ ਹਮੇਸ਼ਾ ਜਾਣਦੇ ਰਹੇ ਹਨ।

ਇਸੇ ਕਰਕੇ ਦਰਬਾਰ ਸਾਹਿਬ 'ਤੇ ਹਮਲੇ ਹੁੰਦੇ ਰਹੇ ਤੇ ਕਬਜ਼ੇ ਵੀ ਹੁੰਦੇ ਰਹੇ। ਅੰਗਰੇਜ਼ ਰਾਜ ਦੌਰਾਨ ਸਿੱਖੀ ਤੋਂ ਬੇਮੁੱਖ ਹੋਏ ਮਹੰਤਾਂ, ਪੁਜਾਰੀਆਂ ਦਾ ਦਰਬਾਰ ਸਾਹਿਬ ਤੇ ਗੁਰਧਾਮਾਂ ਉੱਪਰ ਕਬਜ਼ਾ ਕਰਵਾ ਦਿੱਤਾ ਗਿਆ ਤਾਂ ਜੋ ਆਜ਼ਾਦੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਗੁਰਧਾਮਾਂ ਰਾਹੀਂ ਨਾ ਹੋ ਸਕੇ। ਇਹੀ ਘਾੜਤਾਂ ਹੁਣ ਘੜੀਆਂ ਜਾ ਰਹੀਆਂ ਹਨ ਅਤੇ ਸੱਤਾ ਦੀ ਲਾਲਚੀ ਸਿੱਖ ਲੀਡਰਸ਼ਿਪ ਇਸ ਬਾਰੇ ਹਮੇਸ਼ਾ ਕਬਰਾਂ ਵਰਗੀ ਚੁਪ ਧਾਰੀ ਬੈਠੀ ਹੈ। ਅੰਗਰੇਜ਼ ਕਾਲ ਦੌਰਾਨ ਸਿੰਘ ਸਭਾ ਲਹਿਰ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਗੁਰੂ ਨਾਨਕ ਪੰਥ ਨੂੰ ਰਾਜਨੀਤਕ ਤੇ ਧਾਰਮਿਕ ਪੱਖ ਤੋਂ ਮਜ਼ਬੂਤ ਕੀਤਾ ਸੀ, ਪਰ ਅੱਜ ਸਿੱਖ ਦਿਸ਼ਾਹੀਣ ਹਨ, ਕਿਉਂਕਿ ਸਿਧਾਂਤਕ ਅਗਵਾਈ ਕਰਨ ਵਾਲੀ ਨਾ ਉਨ੍ਹਾਂ ਕੋਲ ਬੁੱਧੀਜੀਵੀ ਜਮਾਤ ਤੇ ਨਾ ਸਿਆਸੀ ਜਮਾਤ ਹੈ। 40 ਸਾਲ ਬੀਤ ਜਾਣ 'ਤੇ ਵੀ ਸਿੱਖਾਂ ਦੇ ਮਨਾਂ ਵਿਚ ਦਰਬਾਰ ਸਾਹਿਬ ਤੇ ਹੋਏ ਫ਼ੌਜੀ ਹਮਲੇ ਵਿਰੁਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ।

ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿਚ ਜਦੋਂ ਸਿਖਾਂ ਦਾ ਰਾਜਨੀਤਕ ਸੰਗਠਨ ਨਹੀਂ ਹੈ ਤੇ ਨਾ ਹੀ ਰਾਜਨੀਤੀ ਹੈ।ਜਿਹਨਾਂ ਕੌਮਾਂ ਕੋਲ ਰਾਜਨੀਤੀ ਨਹੀਂ ਹੁੰਦੀ ਉਹ ਕਦੇ ਵੀ ਆਪਣਾ ਵਾਜੂਦ ਕਾਇਮ ਨਹੀਂ ਰਖ ਸਕਦੀਆਂ। ਇਸ ਮੌਕੇ ਸਿਖ ਪੰਥ ਨੂੰ ਨਵੇਂ ਪੰਥਕ ਤੇ ਖੇਤਰੀ ਰਾਜਨੀਤੀ ਦੇ ਮੁਹਾਂਦਰੇ ਬਾਰੇ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਉਸਾਰੀ ਕਰਨੀ ਚਾਹੀਦੀ ਹੈ। ਸਿਖ ਪੰਥ ਨੂੰ ਪੰਜਾਬ ਦੀ ਅਗਵਾਈ ਕਰਦਿਆਂ ਵਿਸ਼ਵ ਵਿਚ ਰੋਲ ਨਿਭਾਉਣਾ ਚਾਹੀਦਾ ਹੈ ਤੇ ਗੁਰੂ ਗਰੰਥ ਸਾਹਿਬ ਆਧਾਰਿਤ ਫਲਸਫੇ ਤੇ ਰਾਜਨੀਤੀ ਨੂੰ ਪ੍ਰਗਟ ਕਰਕੇ ਅਭਿਆਸ ਕਰਨਾ ਚਾਹੀਦਾ ਹੈ।

ਖ਼ਾਲਸਾ ਪੰਥ ਕੋਲ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਸਿੱਖ ਫਿਲਾਸਫ਼ੀ ਤੋਂ ਸੇਧ ਪ੍ਰਾਪਤ ਕਰਦੀ ਆਪਣੀ ਵਿਸ਼ਵ ਪੱਧਰੀ ਸੋਚ ਹੋਣੀ ਚਾਹੀਦੀ ਹੈ। ਕੌਮੀ ਲੋੜਾਂ ਅਨੁਕੂਲ ਪੰਜਾਬ ਤੋਂ ਭਾਰਤ ਅਤੇ ਦੂਰ-ਦੁਰਾਡੇ ਦੇਸ਼ਾਂ ਵਿਚ ਸਿੱਖ ਧਰਮ ਦਾ ਸੁਨੇਹਾ ਦੇਣ ਵਾਲੇ ਗੁਰਦੁਆਰਿਆਂ, ਧਰਮ-ਕੇਂਦਰਾਂ ਅਤੇ ਧਾਰਮਿਕ ਸੰਸਥਾਵਾਂ ਕੋਲ ਸਪੱਸ਼ਟ ਸਾਂਝਾ ਕੌਮੀ ਏਜੰਡਾ ਅਤੇ ਸਦੀਵੀਂ ਪ੍ਰਚਾਰ ਨੀਤੀ ਹੋਣੀ ਜ਼ਰੂਰੀ ਹੈ। ਇਨ੍ਹਾਂ ਹੀ ਲੀਹਾਂ ਉੱਤੇ ਸਿੱਖ ਪੰਥ ਦਾ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਦਾ ਗੁਰਮਤਿ ਮਾਡਲ ਅਨੁਸਾਰ ਨੀਤੀਤੰਤਰ ਉਸਾਰਨਾ ਜ਼ਰੂਰੀ ਹੈ। ਗੁਰਦੁਆਰੇ ਸਿੱਖੀ ਦੇ ਸਕੂਲ ਵਜੋਂ ਸਥਾਪਤ ਹੋਣੇ ਚਾਹੀਦੇ ਹਨ। ਜਿੰਨਾ ਚਿਰ ਤੱਕ ਅਸੀਂ ਸਿੱਖ ਸਭਿਆਚਾਰ ਉਸਾਰਨ ਵਲ ਧਿਆਨ ਨਹੀਂ ਦੇਵਾਂਗੇ ਤੇ ਹਲੇਮੀ ਰਾਜ ਤਹਿਤ ਆਪਣੀ ਪ੍ਰਭੂ ਸੱਤਾ ਨਹੀਂ ਉਸਾਰਾਂਗੇ, ਓਨਾ ਚਿਰ ਤੱਕ ਸਿੱਖ ਘੱਲੂਘਾਰੇ ਦੇ ਦੁਖਾਂਤ ਸਾਡੇ ਜਖ਼ਮ ਬਣਦੇ ਰਹਿਣਗੇ। ਹੋ ਸਕਦਾ ਹੈ ਕਿ ਹੌਲੀ ਹੌਲੀ ਅਸੀਂ ਕਮਜ਼ੋਰ ਹੁੰਦੇ ਇਨ੍ਹਾਂ ਨੂੰ ਭੁੱਲ ਵੀ ਜਾਈਏ, ਪਰ ਜਦੋਂ ਅਸੀਂ ਆਪਣੇ ਗਿਆਨ ਸਿਲੇਬਸਾਂ ਨਾਲ ਲੈਸ ਹੋਵਾਂਗੇ ਤਾਂ ਹੀ ਸਾਡਾ ਭਵਿੱਖ ਉਜਵਲ ਹੋ ਸਕੇਗਾ।

ਗੁਰੂ ਗ੍ਰੰਥ ਸਾਹਿਬ ਵਿਚਲਾ ਹਲੇਮੀ ਰਾਜ ਇਹੋ ਹੀ ਉਹ ਮਾਡਲ ਹੈ ਜਿਸ ਦੀ ਪੂੰਜੀਵਾਦ, ਸਮਾਜਵਾਦ, ਸਾਮਵਾਦ, ਇਸਲਾਮਿਕ ਸ਼ਰੀਅਤ ਅਤੇ ਹਿੰਦੂਤਵ ਤੋਂ ਬਦਲਵੀਂ ਪ੍ਰਭੂ ਸੱਤਾ ਪ੍ਰਬੰਧ ਦੀ ਅੱਜ ਵਿਸ਼ਵ ਮਾਨਵ ਸੱਭਿਅਤਾ ਨੂੰ ਲੋੜ ਹੈ। ਇਸ ਸੰਬੰਧ ਵਿਚ ਡੂੰਘੀ ਵਿਆਖਿਆ ਕਰਨ ਦੇ ਨਾਲ ਸੰਗਤੀ ਪੱਧਰ 'ਤੇ ਅਭਿਆਸ ਜਾਰੀ ਰੱਖਣ ਦੀ ਲੋੜ ਹੈ।

# ਸੇਵਾ ਤੇ ਸੂਰਮਗਤੀ ਦਾ ਸਿਖ਼ਰ ਭਗਤ ਪੂਰਨ ਸਿੰਘ


ਲਿਖਤ : ਡਾ. ਚਰਨਜੀਤ ਕੌਰ
ਸੰਪਰਕ : 98784-47758

ਯੁਗ ਪੁਰਸ਼ ਭਗਤ ਪੂਰਨ ਸਿੰਘ ਉਹ ਹਸਤਾਖ਼ਰ ਹੋਇਆ ਹੈ ਜੋ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਕੌਣ ਹੈ ਜੋ ਇਸ ਸਾਦਗੀ ਦੇ ਪ੍ਰਤੀਕ, ਸੇਵਾ ਦੀ ਮੂਰਤ, ਮਹਾਨ ਪਰਉਪਕਾਰੀ ਸੰਤ ਦੇ ਨਾਂਅ ਅਤੇ ਇਸ ਵੱਲੋਂ ਕੀਤੇ ਕਾਰਜਾਂ ਤੋਂ ਜਾਣੂ ਨਹੀਂ ਹੈ? ਭਗਤ ਪੂਰਨ ਸਿੰਘ ਸਹੀ ਅਰਥਾਂ ਵਿੱਚ ਭਗਤ ਸਨ ਜੋ ਅਖੀਰਲੇ ਸਮੇਂ ਤਕ ਪੂਰਨ ਹੋ ਨਿੱਬੜੇ। ਉਨ੍ਹਾਂ ਦਾ ਘਰ ਸਮੁੱਚਾ ਵਿਸ਼ਵ ਸੀ। ਉਨ੍ਹਾਂ ਦਾ ਆਦਰਸ਼ ਸੀ ਮਨੁੱਖਤਾ ਦੀ ਸੇਵਾ। ਪਿੰਗਲਵਾੜੇ ਦੇ ਰੋਗੀ ਉਨ੍ਹਾਂ ਦੀ ਸੰਤਾਨ ਸਨ ਅਤੇ ਉਹ ਆਪਣੀ ਸੰਤਾਨ ਦੀ ਦੇਖਭਾਲ ਲਈ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਸਨ।

ਭਗਤ ਪੂਰਨ ਸਿੰਘ, ਜਿਨ੍ਹਾਂ ਦਾ ਜਨਮ 4 ਜੂਨ 1904 ਨੂੰ ਛਿੱਬੂ ਮੱਲ ਅਤੇ ਮਹਿਤਾਬ ਕੌਰ ਦੇ ਘਰ ਪਿੰਡ ਰਾਜੇਵਾਲ ਰੋਹਣੋ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸ਼ਾਹੂਕਾਰ ਸਨ ਅਤੇ ਮਾਤਾ ਧਾਰਮਿਕ ਬਿਰਤੀ ਦੇ ਮਾਲਿਕ ਸਨ। ਮੁੱਢਲੀ ਵਿੱਦਿਆ ਉਨ੍ਹਾਂ ਨੇ ਪਿੰਡ ਦੇ ਸਰਕਾਰੀ ਸੀਨੀਅਰ ਸਕੂਲ ਖੰਨਾ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਅਤੇ ਅਚਾਨਕ ਘਰ ਵਿੱਚ ਗ਼ਰੀਬੀ ਆ ਜਾਣ ਕਾਰਨ ਪੜ੍ਹਾਈ ਵਿਚਾਲੇ ਹੀ ਛੱਡ ਕੇ ਆਪਣੀ ਮਾਂ ਦੇ ਕੋਲ ਲਾਹੌਰ ਜਾਣਾ ਪਿਆ। ਉੱਥੇ ਉਨ੍ਹਾਂ ਦੇ ਮਾਤਾ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜਣ ਦਾ ਕੰਮ ਕਰਦੇ ਸਨ।

ਭਗਤ ਪੂਰਨ ਸਿੰਘ ਦੇ ਜੀਵਨ ਵਿੱਚ ਕੁਝ ਘਟਨਾਵਾਂ ਅਜਿਹੀਆਂ ਘਟੀਆਂ, ਜਿਨ੍ਹਾਂ ਕਾਰਨ ਉਹ ਭਗਤ ਵੀ ਬਣੇ, ਪੂਰਨ ਵੀ ਹੋਏ ਅਤੇ ਸਿੰਘ ਵੀ ਸਜੇ। ਲਾਲਾ ਛਿੱਬੂ ਮੱਲ ਦਾ ਘਰ ਗੁਰਬਤ ਵਿੱਚ ਲਹਿ ਜਾਣਾ ਰਾਮਜੀ ਦਾਸ ਦਾ ਭਗਤ ਪੂਰਨ ਸਿੰਘ ਬਣਨ ਵਿੱਚ ਅਹਿਮ ਸਥਾਨ ਰੱਖਦਾ ਹੈ। ਅਜਿਹਾ ਨਾ ਹੋਣ ਦੀ ਹਾਲਤ ਵਿੱਚ ਰਾਮਜੀ ਦਾਸ ਕੋਈ ਵਪਾਰੀ ਜਾਂ ਹਟਵਾਣੀਆਂ ਬਣ ਕੇ ਲਾਲਾ ਰਾਮਜੀ ਦਾਸ ਤਾਂ ਭਾਵੇਂ ਬਣ ਜਾਂਦੇ ਪਰ ਉਹ ਭਗਤ ਪੂਰਨ ਸਿੰਘ ਨਹੀਂ ਸੀ ਬਣਨ ਲੱਗੇ।

ਭਗਤ ਪੂਰਨ ਸਿੰਘ ਦੇ ਜੀਵਨ ਵਿੱਚ ਕ੍ਰਿਸ਼ਮਾ ਉਸ ਵੇਲੇ ਵਾਪਰਿਆ ਜਦੋਂ ਉਹ ਨੌਕਰੀ ਦੀ ਤਲਾਸ਼ ਵਿੱਚ ਗੁਰੂ ਅਰਜਨ ਦੇਵ ਦੀ ਯਾਦਗਾਰ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿੱਚ ਸ਼ਰਨ ਲਈ ਗਏ। ਇੱਥੇ ਬਾਅਦ ਵਿੱਚ ਉਨ੍ਹਾਂ ਨੇ 24 ਸਾਲ ਸੇਵਾ ਕੀਤੀ। ਇੱਥੇ ਹੀ 1934ਈ. ਨੂੰ ਗੁਰਦੁਆਰੇ ਦੇ ਬੂਹੇ ਅੱਗਿਓਂ ਇੱਕ ਗੂੰਗਾ ਅਤੇ ਲੂਲ੍ਹਾ ਬੱਚਾ ਮਿਲਿਆ, ਜਿਸ ਨੇ ਉਨ੍ਹਾਂ 'ਚ ਮੁਹੱਬਤ ਦੀ ਰਹਿਮ



ਰੂਪੀ ਚਿਣਗ ਪੈਦਾ ਕੀਤੀ। ਭਗਤ ਪੂਰਨ ਸਿੰਘ ਨੇ ਇਸ ਬੱਚੇ ਦੀ ਸੰਭਾਲ ਕੀਤੀ ਅਤੇ ਇਸ ਬੱਚੇ ਦਾ ਨਾਂ ਮਗਰੋਂ 'ਪਿਆਰਾ ਸਿੰਘ' ਰੱਖਿਆ। ਉਨ੍ਹਾਂ ਨੇ 14 ਸਾਲ ਉਸ ਨੂੰ ਮੋਢਿਆਂ ਉੱਤੇ ਚੁੱਕ ਕੇ ਘੁੰਮਾਇਆ ਅਤੇ ਵੱਡਾ ਕੀਤਾ। ਚਿਕਿਤਸਿਕ ਸਮਾਜਿਕ ਸੰਸਥਾ 'ਪਿੰਗਲਵਾੜਾ' ਦੀ ਬੁਨਿਆਦ ਵੀ ਸ਼ਾਇਦ ਓਦੋਂ ਹੀ ਰੱਖੀ ਗਈ ਜਦੋਂ ਭਗਤ ਪੂਰਨ ਨੇ ਪਿਆਰਾ ਸਿੰਘ ਨੂੰ ਆਪਣੀ ਦੇਖ-ਰੇਖ ਵਿੱਚ ਲਿਆਂਦਾ ਸੀ। ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਸ ਘਟਨਾ ਮਗਰੋਂ ਇੱਕ ਬਹੁਤ ਵੱਡੀ ਸੰਸਥਾ ਜਨਮ ਲੈ ਸਕਦੀ ਹੈ।

ਦੇਸ਼ ਦੀ ਵੰਡ ਹੋਈ ਅਤੇ ਭਗਤ ਪੂਰਨ ਸਿੰਘ ਨੇ ਉਹ ਕਤਲੋ-ਗਾਰਤ ਆਪਣੀ ਅੱਖੀਂ ਵੇਖੀ ਜੋ 1947 ਵਿੱਚ ਹੋਈ। ਸਭ ਪਾਸਿਓਂ ਉਨ੍ਹਾਂ ਨੂੰ ਲਹੂ-ਲੁਹਾਣ ਹੋਏ ਬੱਚੇ ਅਤੇ ਇਸਤਰੀਆਂ ਨਜ਼ਰ ਆ ਰਹੇ ਸਨ। ਭਗਤ ਪੂਰਨ ਸ਼ਰਨਾਰਥੀਆਂ ਦੇ ਨਾਲ ਅੰਮ੍ਰਿਤਸਰ ਆ ਗਏ। ਉਨ੍ਹਾਂ ਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਕਿ ਜ਼ਖ਼ਮੀ, ਲੂਲ੍ਹੇ-ਲੰਗੜੇ, ਬੇਸਹਾਰਾ ਤੇ ਰੋਗੀ ਸ਼ਰਨਾਰਥੀਆਂ ਦਾ ਹਾਲ ਪੁੱਛਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਨੇ ਪਹਿਲਾਂ ਖਾਲਸਾ ਕਾਲਜ ਦੇ ਸਾਹਮਣੇ ਤੰਬੂ ਗੱਡ ਕੇ ਅਪਾਹਜਾਂ ਤੇ ਬੇ-ਸਹਾਰਾ ਲੋਕਾਂ ਨੂੰ ਸੰਭਾਲਿਆ ਅਤੇ ਆਖ਼ਿਰ ਜੀ.ਟੀ. ਰੋਡ 'ਤੇ ਤਹਿਸੀਲ ਨੇੜੇ ਇਮਾਰਤ ਬਣਾ ਕੇ 'ਪਿੰਗਲਵਾੜਾ' ਸਥਾਪਿਤ ਕੀਤਾ।

ਉਹ ਸਵੇਰੇ ਦਰਬਾਰ ਸਾਹਿਬ ਵਿੱਚ ਪਿਆਰਾ ਸਿੰਘ ਨੂੰ ਰੇਹੜੀ ਵਿੱਚ ਲਿਟਾ ਕੇ ਆਪਣੇ ਨਾਲ ਲੈ ਕੇ ਆਉਂਦੇ ਤੇ ਸਾਰਾ ਦਿਨ ਸੰਗਤ ਨੂੰ ਆਬਾਦੀ ਦੇ ਵਾਧੇ, ਪਾਣੀ-ਹਵਾ ਦੇ ਦੂਸ਼ਿਤ ਹੋ ਜਾਣ, ਜੰਗਲਾਂ ਦੇ ਕੱਟੇ ਜਾਣ, ਅੰਨ ਸੰਕਟ, ਦਰਿਆਵਾਂ ਦੇ ਗੰਦੇ ਪਾਣੀ, ਗ਼ਰੀਬੀ, ਅਨਪੜ੍ਹਤਾ, ਸੜਕ-ਰੇਲ ਹਾਦਸੇ, ਬੇਰੁਜ਼ਗਾਰੀ, ਧਾਰਮਿਕ ਤੇ ਸਮਾਜਿਕ ਆਦਿ ਕਈ ਸਮੱਸਿਆਵਾਂ ਬਾਰੇ ਇਸ਼ਤਿਹਾਰ ਤੇ ਕਿਤਾਬਚੇ ਵੰਡਦੇ ਅਤੇ ਵਿਚਾਰਾਂ ਕਰਦੇ। ਰਾਤ ਨੂੰ ਪਿਆਰਾ ਸਿੰਘ ਨਾਲ ਵਾਪਿਸ ਪਿੰਗਲਵਾੜੇ ਚਲੇ ਜਾਂਦੇ।

ਭਗਤ ਪੂਰਨ ਸਿੰਘ ਨੇ ਸਾਰੀ ਜ਼ਿੰਦਗੀ ਬ੍ਰਹਮਚਾਰੀ ਰਹਿ ਕੇ ਦੀਨ, ਦੁਖੀਆਂ, ਰੋਗੀਆਂ ਅਤੇ ਅਪਾਹਿਜਾਂ ਦੀ ਸੇਵਾ ਵਿੱਚ ਆਪਣਾ ਜੀਵਨ ਅਰਪਣ ਕੀਤਾ। ਉਨ੍ਹਾਂ ਦਾ ਆਦਰਸ਼ ਸੀ ਕਿ ਹਰੇਕ ਬੰਦਾ ਹੱਥੀਂ ਕੰਮ ਕਰੇ, ਘਰੇਲੂ ਦਸਤਕਾਰੀਆਂ ਅਪਣਾਏ, ਦਰਖ਼ਤ ਲਾਏ, ਅਪਾਹਜ ਲੋੜਵੰਦਾਂ ਦੀ ਸਹਾਇਤਾ ਕਰੇ। ਉਨ੍ਹਾਂ ਨੂੰ ਅਨੇਕਾਂ ਸੰਸਥਾਵਾਂ ਅਤੇ ਭਾਰਤ ਸਰਕਾਰ ਵੱਲੋਂ ਮਾਨ-ਸਨਮਾਨ ਪ੍ਰਾਪਤ ਹੋਇਆ। 1981 ਈ. ਵਿੱਚ 'ਪਦਮਸ੍ਰੀ' ਐਵਾਰਡ, 1990 ਈ. ਵਿੱਚ ਹਾਰਮਨੀ ਐਵਾਰਡ, 1991 ਈ. ਵਿੱਚ ਰੋਗ ਰਤਨ ਐਵਾਰਡ ਅਤੇ 1991 ਵਿੱਚ ਭਾਈ ਘਨ੍ਹੱਈਆ ਐਵਾਰਡ ਮਿਲੇ। ਭਗਤ ਪੂਰਨ ਸਿੰਘ ਦੇ ਦਿਲ ਨੂੰ ਸਾਕਾ ਨੀਲਾ ਤਾਰਾ ਦੀ ਦੁਖਦਾਇਕ ਘਟਨਾ ਤੋਂ ਏਨਾ ਸਦਮਾ ਪਹੁੰਚਿਆ ਕਿ ਇਨ੍ਹਾਂ ਨੇ ਰੋਸ ਵਜੋਂ ਪਦਮ ਵਿਭੂਸ਼ਨ ਐਵਾਰਡ ਵਾਪਿਸ ਕਰ ਦਿੱਤਾ।

ਭਗਤ ਪੂਰਨ ਸਿੰਘ ਨੇ ਆਪਣਾ ਅਖੀਰਲਾ ਸਮਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅੱਗੇ ਬੈਠ ਕੇ ਸੰਗਤ ਨੂੰ ਮਾਨਵ ਸੇਵਾ, ਪਰਉਪਕਾਰ ਅਤੇ ਵਾਤਾਵਰਨ ਸੰਭਾਲ ਵੀ ਪ੍ਰੇਰਦਿਆਂ ਬਤੀਤ ਕੀਤਾ। ਅਖੀਰ ਦੈਵੀ ਪੁਰਸ਼ ਭਗਤ ਪੂਰਨ ਸਿੰਘ 5 ਅਗਸਤ, 1992 ਨੂੰ ਸਦੀਵੀ ਵਿਛੋੜਾ ਦੇ ਗਏ।

# ਇਤਿਹਾਸਕ ਸਮਝੌਤੇ ਪੂਨਾ ਪੈਕਟ ਦੀ ਕੀ ਅਹਿਮੀਅਤ ਹੈ

ਐਸ ਐਲ ਵਿਰਦੀ, ਮੋਬਾਈਲ : 98145-17499

ਮਹਾਤਮਾ ਗਾਂਧੀ ਤੇ ਕਾਂਗਰਸ ਪਾਰਟੀ ਵਲੋਂ ਬਾਈਕਾਟ ਕਰਨ ਦੇ ਬਾਵਜੂਦ ਡਾ: ਬੀ.ਆਰ. ਅੰਬੇਡਕਰ ਅਤੇ 18 ਦਲਿਤ ਜਥੇਬੰਦੀਆਂ ਨੇ ਸਾਈਮਨ ਕਮਿਸ਼ਨ ਦਾ ਸਵਾਗਤ ਕੀਤਾ। ਉਨ੍ਹਾਂ ਕਮਿਸ਼ਨ ਨੂੰ ਆਪਣੇ ਹੱਕਾਂ ਪ੍ਰਤੀ ਮੈਮੋਰੰਡਮ ਦਿੱਤੇ। ਡਾ: ਅੰਬੇਡਕਰ ਨੇ ਬਹਿਸਕ੍ਰਿਤ ਹਿਤਕਾਰਨੀ ਸਭਾ ਵਲੋਂ ਸਮਾਜਿਕ ਜਬਰ, ਜਾਤ-ਪਾਤ ਆਧਾਰਿਤ ਵਧੀਕੀਆਂ ਅਤੇ ਮਨੂੰਵਾਦੀ ਗੁਲਾਮੀ ਦੇ ਖ਼ਾਤਮੇ ਲਈ ਸਾਈਮਨ ਕਮਿਸ਼ਨ ਨੂੰ ਇਕ ਯਾਦ ਪੱਤਰ ਦਿੱਤਾ ਅਤੇ ਕਮਿਸ਼ਨ ਨਾਲ ਵਿਚਾਰ-ਵਟਾਂਦਰਾ ਕੀਤਾ। ਅੰਗਰੇਜ਼ ਸਰਕਾਰ ਨੇ ਭਾਰਤੀਆਂ ਦੇ ਵੱਖ-ਵੱਖ ਵਿਚਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਐਲਾਨ ਕੀਤਾ ਕਿ ਸਾਈਮਨ ਕਮਿਸ਼ਨ ਦਾ ਕੰਮ ਪੂਰਾ ਹੋਣ ਤੋਂ ਬਾਅਦ ਭਾਰਤੀਆਂ ਨੂੰ ਨਵਾਂ ਸੰਵਿਧਾਨ ਬਣਾਉਣ ਤੋਂ ਪਹਿਲਾਂ ਉਸ 'ਤੇ ਬਹਿਸ ਕਰਨ ਦਾ ਮੌਕਾ ਦਿੱਤਾ ਜਾਵੇਗਾ। ਸਾਈਮਨ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਕਰਨ ਲਈ ਲੰਡਨ ਵਿਖੇ 1930, 1931, 1932 ਵਿਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ। ਬਰਤਾਨਵੀ ਸਮਰਾਟ ਜਾਰਜ ਪੰਜਵੇਂ ਨੇ 12 ਨਵੰਬਰ 1930 ਨੂੰ ਪਹਿਲੀ ਗੋਲਮੇਜ਼ ਕਾਨਫਰੰਸ ਦਾ ਲੰਡਨ ਵਿਖੇ ਉਦਘਾਟਨ ਕੀਤਾ। ਗੋਲਮੇਜ਼ ਕਾਨਫਰੰਸ ਵਿਚ ਡਾ: ਅੰਬੇਡਕਰ ਨੇ ਭਾਰਤ ਲਈ ਸੰਪੂਰਨ ਆਜ਼ਾਦੀ ਦੀ ਮੰਗ ਕਰਦਿਆਂ ਕਿਹਾ, 'ਮੈਂ ਉਨ੍ਹਾਂ ਲੋਕਾਂ (ਦਲਿਤਾਂ) ਵਲੋਂ ਬੋਲ ਰਿਹਾ ਹਾਂ, ਜੋ ਭਾਰਤ ਦੀ ਵਸੋਂ ਦਾ ਪੰਜਵਾਂ ਹਿੱਸਾ ਹਨ, ਜੋ ਇੰਗਲੈਂਡ ਜਾਂ ਫਰਾਂਸ ਦੀ ਵਸੋਂ ਨਾਲੋਂ ਵੱਧ ਹੈ। ਇਨ੍ਹਾਂ ਲੋਕਾਂ ਦੀ ਹਾਲਤ ਗੁਲਾਮਾਂ ਨਾਲੋਂ ਵੀ ਮਾੜੀ ਹੈ। ਬਰਤਾਨਵੀ ਸ਼ਾਸਨ ਤੋਂ ਪਹਿਲਾਂ ਛੂਆ-ਛੂਤ ਕਰਕੇ ਸਾਡੀ ਹਾਲਤ ਘ੍ਰਿਣਾ ਪੂਰਨ ਸੀ। ਕੀ ਬਰਤਾਨਵੀ ਸਰਕਾਰ ਨੇ ਇਸ ਨੂੰ ਦੂਰ ਕਰਨ ਲਈ ਕੁਝ ਕੀਤਾ ਹੈ? ਬਰਤਾਨੀਆ ਤੋਂ ਪਹਿਲਾਂ ਅਸੀਂ ਖੂਹਾਂ ਤੋਂ ਪਾਣੀ ਨਹੀਂ ਸੀ ਭਰ ਸਕਦੇ, ਕੀ ਬਰਤਾਨੀਆ ਸਰਕਾਰ ਨੇ ਸਾਨੂੰ ਪਾਣੀ ਭਰਨ ਦਾ ਹੱਕ ਲੈ ਕੇ ਦਿੱਤਾ ਹੈ? ਬਰਤਾਨੀਆ ਤੋਂ ਪਹਿਲਾਂ ਅਸੀਂ ਮੰਦਰਾਂ ਵਿਚ ਪ੍ਰਵੇਸ਼ ਨਹੀਂ ਸਨ ਕਰ ਸਕਦੇ, ਕੀ ਅਸੀਂ ਹੁਣ ਦਾਖ਼ਲ ਹੋ ਸਕਦੇ ਹਾਂ?'

ਉਨ੍ਹਾਂ ਕਿਹਾ, 'ਮੈਂ ਆਜ਼ਾਦੀ ਦਾ ਵਿਰੋਧੀ ਨਹੀਂ, ਪਰ ਆਜ਼ਾਦੀ ਲੰਗੜੀ ਨਹੀਂ, ਸੰਪੂਰਨ ਹੋਣੀ ਚਾਹੀਦੀ ਹੈ। ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਤਾਕਤ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੋਵੇ, ਜੋ ਇਕ ਮਾਤਰ ਦੇਸ਼ ਤੇ ਸਮਾਜ ਨੂੰ ਹੀ ਸਭ ਤੋਂ ਵੱਧ ਪਿਆਰ ਕਰਦੇ ਹੋਣ। ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਸ਼ਕਤੀ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੋਵੇ, ਜਿਹੜੇ ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਪਰਿਵਰਤਨ ਕਰਨ ਅਤੇ ਇਨਸਾਫ਼ ਕਰਨ ਲੱਗੇ ਘਬਰਾਉਣਗੇ ਨਹੀਂ।' ਲੰਡਨ 'ਚ ਹੋਈਆਂ ਤਿੰਨ ਗੋਲਮੇਜ਼ ਕਾਨਫਰੰਸਾਂ ਦੀ ਸਮਾਪਤੀ ਉਪਰੰਤ ਬਰਤਾਨਵੀ ਪ੍ਰਧਾਨ ਮੰਤਰੀ ਮੈਕਡਾਨਲਡ ਨੇ 17 ਅਗਸਤ 1932 ਨੂੰ ਫਿਰਕੂ ਫ਼ੈਸਲੇ (ਕਮਿਊਨਲ ਐਵਾਰਡ) ਦਾ ਐਲਾਨ ਕਰ ਦਿੱਤਾ, ਜਿਸ ਵਿਚ ਪ੍ਰਧਾਨ ਮੰਤਰੀ ਮੈਕਡਾਨਲਡ ਨੇ ਹਿੰਦੂ, ਮੁਸਲਮਾਨਾਂ, ਸਿੱਖਾਂ, ਯੂਰਪੀਆਂ, ਐਂਗਲੋ ਭਾਰਤੀਆਂ ਅਤੇ ਅਛੂਤ (ਦਲਿਤਾਂ) ਨੂੰ ਵੀ ਰਾਜ ਭਾਗ ਵਿਚ ਵੱਖ-ਵੱਖ ਚੋਣ ਪ੍ਰਣਾਲੀ ਦੇ ਅਧਿਕਾਰ ਦੇ ਦਿੱਤੇ।

ਭਾਰਤ ਦੇ ਇਤਿਹਾਸ ਵਿਚ ਕਮਿਊਨਲ ਐਵਾਰਡ ਰਾਹੀਂ ਪਹਿਲੀ ਵਾਰ ਦਲਿਤਾਂ ਨੂੰ ਰਾਜ-ਭਾਗ ਵਿਚ ਕਾਨੂੰਨੀ ਤੌਰ 'ਤੇ ਵੱਖਰੇ ਚੋਣ ਖੇਤਰਾਂ ਰਾਹੀਂ ਆਪਣੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਮਿਲਿਆ। ਪਰ ਮਹਾਤਮਾ ਗਾਂਧੀ ਨੇ ਅਛੂਤਾਂ (ਦਲਿਤਾਂ) ਦੇ ਵੱਖਰੇ ਅਧਿਕਾਰਾਂ ਦਾ ਵਿਰੋਧ ਕੀਤਾ। ਮਹਾਤਮਾ ਗਾਂਧੀ ਨੇ ਯਰਵਦਾ ਜੇਲ੍ਹ ਵਿਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਅਛੂਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਗਏ ਤਾਂ ਮੈਂ ਆਪਣੇ ਪ੍ਰਾਣਾਂ ਦੀ ਬਾਜ਼ੀ ਲਗਾ ਦਿਆਂਗਾ। ਏਨਾ ਹੀ ਨਹੀਂ, ਗਾਂਧੀ ਨੇ ਦਲਿਤਾਂ ਦੇ ਵੱਖਰੇ ਅਧਿਕਾਰਾਂ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਡਾ: ਅੰਬੇਡਕਰ ਇਸ ਸਮੇਂ ਬੜੀ ਮੁਸੀਬਤ 'ਚ ਫਸ ਗਏ ਕਿ ਜੇ ਉਹ ਗਾਂਧੀ ਨੂੰ ਮਰਨ ਦਿੰਦੇ ਹਨ ਤਾਂ ਦੇਸ਼ ਦੇ 7 ਕਰੋੜ ਦਲਿਤ ਵੀ ਗਾਂਧੀ ਦੀ ਮੌਤ ਦੇ ਫਲਸਰੂਪ ਅਖੌਤੀ ਉੱਚ ਜਾਤੀ ਵਾਲਿਆਂ ਵਲੋਂ ਕੀਤੇ ਜਾਣ ਵਾਲੇ ਕਤਲੇਆਮ ਤੋਂ ਨਹੀਂ ਬਚ ਸਕਦੇ।

ਅੰਤ! ਉੱਚ ਜਾਤੀ ਦੇ ਮੁੱਖ ਆਗੂਆਂ ਵਲੋਂ ਡਾ: ਅੰਬੇਡਕਰ ਨੂੰ ਵਿਸ਼ਵਾਸ ਦਿਵਾਉਣ 'ਤੇ ਕਿ, 'ਹਿੰਦੂਇਜ਼ਮ ਨੂੰ ਆਪਣੇ-ਆਪ ਨੂੰ ਸੁਧਾਰਨ ਦਾ ਅੰਤਿਮ ਮੌਕਾ ਦਿਓ, ਅਸੀਂ 10 ਸਾਲਾਂ ਵਿਚ ਦੇਸ਼ ਵਿਚੋਂ ਜਾਤ-ਪਾਤ ਤੇ ਛੂਆ-ਛਾਤ ਦਾ ਨਾਮੋ-ਨਿਸ਼ਾਨ ਮਿਟਾ ਦਿਆਂਗੇ।' ਗਾਂਧੀ ਦੀ ਜਾਨ ਬਚਾਉਣ ਲਈ ਬੜੇ ਦੁਖੀ ਮਨ ਨਾਲ ਡਾ: ਅੰਬੇਡਕਰ ਨੇ ਦਲਿਤਾਂ ਦੇ ਅਲੱਗ ਚੋਣ ਅਧਿਕਾਰਾਂ ਦੀ ਮੰਗ ਛੱਡ ਦਿੱਤੀ। ਸਿੱਟੇ ਵਜੋਂ ਗਾਂਧੀ ਤੇ ਡਾ: ਅੰਬੇਡਕਰ (ਜੋ ਦੋ ਕੌਮਾਂ ਦੀ ਨੁਮਾਇੰਦਗੀ ਕਰਦੇ ਸਨ) ਵਿਚਕਾਰ 24 ਸਤੰਬਰ, 1932 ਨੂੰ 'ਪੂਨਾ ਪੈਕਟ' ਨਾਂਅ ਦਾ ਸਮਝੌਤਾ ਹੋਇਆ, ਜਿਸ ਤਹਿਤ ਅਛੂਤ ਦਲਿਤ (ਅਨੁਸੂਚਿਤ ਜਾਤੀਆਂ, ਕਬੀਲਿਆਂ) ਨੂੰ ਪਹਿਲੀ ਵਾਰ ਰਾਖਵਾਂਕਰਨ ਦੀ ਸਹੂਲਤ ਦਿੱਤੀ ਗਈ। ਇਸ ਲਈ ਰਾਖਵਾਂਕਰਨ ਦਲਿਤ ਵਰਗਾਂ ਲਈ ਕੋਈ ਭੀਖ ਜਾਂ ਦਇਆ ਨਹੀਂ, ਬਲਕਿ ਦਲਿਤਾਂ ਦਾ ਇਸ ਦੇ ਬਦਲੇ ਵਿਚ ਦਲਿਤਾਂ ਦੀ ਆਪਣੇ ਵੱਖਰੇ ਚੋਣ ਤੇ ਦੋਹਰੀ ਵੋਟ ਦਾ ਅਧਿਕਾਰ ਛੱਡਣਾ ਇਕ ਮਹਾਨ ਕੁਰਬਾਨੀ ਹੈ। ਕਮਿਊਨਲ ਐਵਾਰਡ ਰਾਹੀਂ ਮਿਲੇ ਵੱਖਰੇ ਅਧਿਕਾਰਾਂ ਨੂੰ ਮਜਬੂਰਨ ਛੱਡ ਕੇ ਰਾਖਵਾਂਕਰਨ ਲੈਣ ਪਿੱਛੇ ਵੀ ਡਾ: ਅੰਬੇਡਕਰ ਦੀ ਬਹੁਤ ਡੂੰਘੀ ਸੋਚ ਸੀ, ਕਿਉਂਕਿ ਉਹ ਇਹ ਮਹਿਸੂਸ ਕਰਦੇ ਸਨ ਕਿ ਇਨਸਾਨ ਨੂੰ ਜ਼ਿੰਦਾ ਰਹਿਣ ਲਈ ਚਾਰ ਸਾਧਨਾਂ ਨੌਕਰੀਪੇਸ਼ਾ, ਜ਼ਮੀਨ, ਉਦਯੋਗ ਤੇ ਵਪਾਰ ਵਿਚੋਂ ਇਕ ਦਾ ਹੋਣਾ ਜ਼ਰੂਰੀ ਹੈ। ਪ੍ਰੰਤੂ ਮੇਰੇ ਲੋਕਾਂ ਕੋਲ ਤਾਂ ਇਨ੍ਹਾਂ ਵਿਚੋਂ ਇਕ ਵੀ ਸਾਧਨ ਨਹੀਂ ਹੈ। ਇਸ ਲਈ ਨਾ ਚਾਹੁੰਦੇ ਹੋਏ ਵੀ ਮਜਬੂਰੀ ਵੱਸ ਉਨ੍ਹਾਂ ਨੂੰ ਪੂਨਾ ਪੈਕਟ ਦਾ ਕੌੜਾ ਘੁੱਟ ਭਰਨਾ ਪਿਆ ਅਤੇ ਰਾਖਵਾਂਕਰਨ ਨੂੰ ਸਵੀਕਾਰ ਕਰਨਾ ਪਿਆ। ਸਦੀਆਂ ਦੇ ਪਛਾੜੇ, ਲਤਾੜੇ, ਅਛੂਤ, ਗੁਲਾਮ ਰਾਖਵੀਆਂ ਸੀਟਾਂ 'ਤੇ ਮੰਤਰੀ, ਸੰਸਦ ਮੈਂਬਰ, ਵਿਧਾਇਕ ਪੰਚ-ਸਰਪੰਚ ਅਤੇ ਮੁਲਾਜ਼ਮ-ਅਫ਼ਸਰ ਬਣਨ ਲੱਗੇ। ਦੁੱਖ ਤਾਂ ਇਸ ਗੱਲ ਦਾ ਹੈ ਕਿ ਰਾਖਵੀਆਂ ਸੀਟਾਂ 'ਤੇ ਜਿੱਤੇ ਇਹ ਮੰਤਰੀ, ਸੰਸਦ ਮੈਂਬਰ, ਵਿਧਾਇਕ ਸੰਸਦ ਤੇ ਵਿਧਾਨ ਸਭਾਵਾਂ ਵਿਚ ਇਸ ਕਰਕੇ ਬੋਲਦੇ ਹੀ ਨਹੀਂ ਕਿ ਜੇ ਬੋਲੇ ਤਾਂ ਅਗਲੀ ਵਾਰ ਟਿਕਟ ਤੇ ਮੰਤਰੀ ਦਾ ਅਹੁਦਾ ਕੱਟਿਆ ਜਾਵੇਗਾ। ਹੁਣ ਡਾ: ਅੰਬੇਡਕਰ ਦੇ ਜਨਮ ਦਿਨ ਮਨਾਉਣ ਨੂੰ ਹਾਕਮ ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ 'ਦਲਿਤਾਂ ਲਈ ਅਫ਼ੀਮ' ਦੇ ਤੌਰ 'ਤੇ ਵਰਤਣਾ ਸ਼ੁਰੂ ਕੀਤਾ ਹੋਇਆ ਹੈ ਤਾਂ ਜੋ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਉਨ੍ਹਾਂ ਦੇ ਬੇਹੋਸ਼ ਵੋਟਰ ਬਣੇ ਰਹਿਣ, ਕਿਉਂਕਿ ਉਨ੍ਹਾਂ ਨੂੰ ਡਾ: ਅੰਬੇਡਕਰ ਦੇ ਸਮਾਜਵਾਦ ਨਾਲ ਕੋਈ ਸਰੋਕਾਰ ਨਹੀਂ, ਸਿਰਫ਼ ਵੋਟਾਂ ਨਾਲ ਹੈ। ਬਸ! ਇਹੋ ਦਲਿਤਾਂ ਦੀ ਤ੍ਰਾਸਦੀ ਦਾ ਕਾਰਨ ਬਣਿਆ ਹੋਇਆ ਹੈ।

ਸਰਬਜੀਤ ਸਿੰਘ ਜਰਮਨੀ

ਜਦ ਜਦ ਵੀ ਦੇਸ਼ ਕੌਮ ਤੇ ਭੀੜ ਪਈ, ਲੜਾਈਆਂ ਲੜਨ ਨੂੰ, ਸ਼ਹੀਦੀਆਂ ਪਾਉਣ ਨੂੰ ਪੰਜਾਬੀਆਂ ਨੂੰ ਹੀ ਮੂਹਰਾ ਬਣਾਇਆ ਗਿਆ। ਜਾਂ ਅਸੀਂ ਸਿੱਧੇ ਸਿੱਧੇ ਸ਼ਬਦਾਂ ਵਿੱਚ ਇਕੱਲੀ ਸਿੱਖ ਕੌਮ ਦੀਆਂ 90% ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਗੱਲ ਕਰਦੇ ਹਾਂ ਜਦੋ ਅੰਗਰੇਜ਼ਾਂ ਨੇ 121 ਭਾਰਤੀਆਂ ਨੂੰ ਸਜ਼ਾ ਸੁਣਾਈ ਤਾਂ ਉਹਨਾਂ ਵਿੱਚ ਇੱਕਲੇ ਸਿੱਖਾਂ ਦੀ ਗਿਣਤੀ 93 ਸੀ, ਅੰਗਰੇਜ਼ਾਂ ਵੱਲੋਂ ਭਾਰਤੀਆਂ ਨੂੰ ਮਿਲੀ ਕਾਲੇ ਪਾਣੀ ਦੀ ਸਜ਼ਾ ਵਿੱਚ ਕੇਵਲ ਸਿੱਖਾਂ ਦੀ ਗਿਣਤੀ 2147 ਸੀ ਜਦ ਕਿ ਕੁੱਲ ਭਾਰਤੀਆਂ ਦੀ ਗਿਣਤੀ 2647 ਸੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲਿਆਂ ਵਾਲੇ ਬਾਗ ਵਿੱਚ ਜੋ ਜਨਰਲ ਡਾਇਰ ਨੇ ਵਿਸਾਖੀ ਵਾਲੇ ਦਿਨ ਖੂਨੀ ਕਾਂਢ ਕੀਤਾ ਗਿਆ ਸੀ ਉਸ ਵਿੱਚ 1300 ਭਾਰਤੀ ਸ਼ਹੀਦ ਹੋਏ ਜਿਹਨਾ ਵਿੱਚ 799 ਇਕੱਲੇ ਸਿੱਖ ਸਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਵਿੱਚ ਮਾਨਸਕਿ ਹਿੰਮਤ ਤੇ ਇੱਕ ਅਲੌਕਿਕ ਤਾਕਤ ਹੈ ਜੋ ਸਾਡੇ ਗੁਰੂ ਸਹਿਬਾਨਾਂ ਨੇ ਸਾਨੂੰ ਅਨਮੋਲ ਦਾਤ ਵਜੋਂ ਦੇ ਕੇ ਨਿਵਾਜਿਆ ਹੈ। ਇਤਿਹਾਸ ਗਵਾਹ ਹੈ ਤੇ ਆਪਣੇ ਮੂੰਹੋ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬੀਆਂ ਨੇ ਜਿੱਥੇ ਵੀ ਇੱਕ ਜੁੱਟ ਹੋ ਕੇ ਧਾਵਾ ਬੋਲਿਆ ਹੈ ਹਰ ਵਾਰ ਜਿੱਤ ਪੰਜਾਬੀਆਂ ਦੇ ਹਿੱਸੇ ਆਈ ਹੈ। ਪੰਜਾਬੀਆਂ ਵਿੱਚ ਐਨੀ ਤਾਕਤ ਹੈ ਕਿ ਜੇਕਰ ਇਹ ਇੱਕ ਜੁੱਟ ਹੋ ਕੇ ਹਨੇਰੇ ਵਿੱਚ ਵੀ ਪੈਰ ਧਰਨ ਤਾਂ ਕਾਇਨਾਤ ਰੁਸ਼ਨਾ ਜਾਂਦੀ ਹੈ। ਜੇ ਪੰਜਾਬੀ ਰਲ ਕੇ ਕਿਸੇ ਗੱਲ ਨੂੰ ਮਨਵਾਉਣ ਦੀ ਜਿੰਦ ਫੜ ਲੈਣ ਤਾਂ ਉਹ ਗੱਲ ਮੰਨੀ ਵੀ ਜਾਂਦੀ ਹੈ, ਇਸ ਦੀ ਤਾਜ਼ਾ ਉਦਾਹਰਣ ਹੈ ਭਾਰਤੀ ਸਰਕਾਰ ਦੇ ਕਾਲੇ ਕਨੂੰਨਾਂ ਦੀ ਵਾਪਸੀ।

ਹਿਟਲਰ ਨੇ ਸਾਰੀ ਦੁਨੀਆ ਡਰਾ ਰੱਖੀ ਸੀ ਪਰ ਖੁਸ਼ੀ ਹੈ ਕਿ ਉਹ ਸਿੱਖਾਂ ਤੋਂ ਭੈਅ ਖਾ ਗਿਆ ਸੀ, ਸਿੱਖਾਂ ਦੀ ਹਿੰਮਤ ਨੇ ਉਸ ਦੀ ਜ਼ਮੀਰ ਨੂੰ ਹਲੂਣਾ ਦਿੱਤਾ ਸੀ, ਹਿਟਲਰ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਕੋਈ ਹੈ ਜੋ ਤੇਰਾ ਟਾਕਰਾ ਕਰ ਸਕਦਾ ਹੈ। ਜਦ ਜਦ ਵੀ ਦੁਨੀਆ ਵਿੱਚ ਕਿੱਧਰੇ ਵੀ ਭੀੜ ਪਈ ਪੰਜਾਬੀਆਂ ਨੇ ਮੂਹਰੇ ਹੋ ਕੇ ਮਨ, ਤਨ ਤੇ ਧਨ ਨਾਲ ਸੇਵਾ ਕੀਤੀ। ਕਦੇ ਸਮਾਂ ਸੀ ਕਿ ਪੰਜਾਬ ਦਾ ਰਾਜ ਕਾਬਲ ਕੰਧਾਰ ਤੱਕ ਸੀ। ਮਹਾਰਾਜਾ ਰਣਜੀਤ ਸਿੰਘ ਜੀ ਵਰਗੇ ਸੂਰਮੇ ਜਦ ਘਰੋਂ ਨਿਕਲਦੇ ਸਨ ਤਾਂ ਪੰਜਾਬੀ ਸਤਿਕਾਰ ਵਿੱਚ ਸਿਰ ਝੁਕਾਉਂਦੇ ਸਨ ਤੇ ਦੁਸ਼ਮਣ ਥਰ ਥਰ ਕੰਬਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਕਾਬਲ ਕੰਧਾਰ ਤੱਕ ਰਾਜ ਕੀਤਾ ਜੋ ਸਮੁੱਚਾ ਪੰਜਾਬ ਕਹਾਉਂਦਾ ਸੀ। ਅੱਜ ਇਹ ਪੰਜਾਬ ਚੜ੍ਹਦਾ ਪੰਜਾਬ ਜੋ ਕਿ ਭਾਰਤ ਵਿੱਚ ਹੈ, ਲਹਿੰਦਾ ਪੰਜਾਬ ਜੋ ਕਿ 1947 ਤੋਂ ਪਾਕਿਸਤਾਨ ਵਿੱਚ ਹੈ। ਸਮਾਂ ਸੀ ਕਿ ਕਦੇ ਪੰਜਾਬ ਇੱਕ ਬਹੁਤ ਵੱਡਾ ਮਹਾਨ ਸੂਬਾ ਸੀ, ਗੁਲਾਬ ਦਾ ਬੂਟਾ ਸੀ ਜੋ ਹੁਣ ਕੇਵਲ ਇੱਕ ਪੱਤਾ ਹੀ ਰਹਿ ਗਿਆ ਹੈ।

ਪੰਜਾਬ ਤਾਂ ਹਮੇਸ਼ਾ ਤੋਂ ਹੀ ਅਮਨ ਸ਼ਾਂਤੀ ਚਾਹੁੰਦਾ ਰਿਹਾ ਹੈ ਪਰ ਆਪਣਾ ਹੱਕ ਜ਼ਰੂਰ ਮੰਗਦਾ ਹੈ। ਸਾਨੂੰ ਗੱਲ ਗੱਲ ਤੇ ਵੱਖਵਾਦੀ ਕਹਿਣ ਵਾਲਿਓ ਨੂੰ ਇੱਕ ਵਾਕਿਆ ਜ਼ਰੂਰ ਸਾਂਝਾ ਕਰਾਂਗੀ।ਇਕ ਅੰਗਰੇਜ਼ੀ ਲੇਖਕ ਨੇ ਕਿਤਾਬ ਲਿਖੀ ਹੈ A visionary ਜਿਸਦੇ 238 ਵੇ ਪੇਜ ਉੱਤੇ ਉਹ ਲਿੱਖਦਾ ਹੈ ਕਿ 1962 ਦੀ ਚੀਨ ਨਾਲ ਲੱਗੀ ਲੜਾਈ ਕਰਕੇ ਸਾਡੇ ਦੇਸ਼ ਦੀ ਗਰੀਬੀ ਨੂੰ ਮੁੱਖ ਰੱਖ ਕੇ ਇਕ National defence fund ਕਾਇਮ ਕੀਤਾ ਗਿਆ ਸੀ ਅਤੇ ਲੋਕਾਂ ਨੂੰ ਸੋਨੇ ਜਾਂ ਪੈਸੇ ਨਾਲ ਮਦਦ ਕਰਨ ਲਈ ਅਪੀਲ ਕੀਤੀ ਗਈ ਸੀ। ਤੁਸੀਂ ਸੁਣਕੇ ਹੈਰਾਨ ਹੋਵੋਗੇ ਕਿ ਕੁਲ ਅੱਠ ਕਰੋੜ ਰੁਪਇਆ ਇਕੱਠਾ ਹੋਇਆ ਜਿਸ ਵਿੱਚ ਇਕੱਲੇ ਪੰਜਾਬ ਦਾ ਹਿੱਸਾ ਤਿੰਨ ਕਰੋੜ ਪਜੰਤਰ ਲੱਖ ਰੁਪਏ ਸੀ ਇਸ ਦੇ ਨਾਲ ਹੀ 252 ਕਿੱਲੋ ਸੋਨਾ ਇਕੱਠਾ ਹੋਇਆ ਜਿਸ ਵਿੱਚ ਇਕੱਲੇ ਪੰਜਾਬ ਤੋਂ 246 ਕਿੱਲੋ ਸੋਨਾ ਇਕੱਠਾ ਹੋਇਆ ਸੀ।

ਅੱਜ ਬਹੁਤੇ ਪੰਜਾਬੀ ਆਪਣੀ ਗਰਿਸਥੀ ਸਾਂਭਣ ਦੇ ਕਾਬਲ ਹੀ ਨਹੀ ਰਹੇ, ਅੱਜ ਬਹੁਤੇ ਪੰਜਾਬੀ ਸਰੀਰਕ ਤੌਰ ਤੇ ਚੰਗੀ ਖੁਰਾਕ ਖਾ ਕੇ ਪਚਾਉਣ ਦੇ ਕਾਬਲ ਹੀ ਨਹੀਂ ਰਹੇ, ਅੱਜ ਬਹੁਤੀਆਂ ਪੰਜਾਬਣਾ ਤੋਂ ਆਪਣੇ ਹੀ ਘਰ ਪਰਿਵਾਰ ਦੇ ਜੀਅ ਨੂੰ ਖਾਣਾ ਬਣਾ ਕੇ ਖੁਆਉਣ ਤੱਕ ਦੀ ਤੰਦਰੁਸਤੀ ਨਹੀ ਰਹੀ। ਉਹ ਹਰੀ ਸਿੰਘ ਨਲੂਆ ਜੀ ਵਰਗੇ ਸਰਦਾਰਾਂ ਨੂੰ ਜਨਮ ਕਿਵੇਂ ਦੇਣਗੀਆ ਜਿੰਨਾ ਦੀ ਕੁੱਖ ਆਮ ਬੱਚਾ ਜੰਮਣ ਤੱਕ ਦੀ ਤਾਕਤ ਗਵਾ ਚੁੱਕਾ ਹੈ। ਪੰਜਾਬ ਵਿੱਚ ਬਹੁਤੀ ਤਦਾਰ ਵਿੱਚ ਔਰਤਾਂ ਕੁੜੀਆ ਨਾ ਜੰਮਣ ਦੀ ਆੜ ਵਿੱਚ, ਜਾਂ ਮੁੰਡਾ ਜੰਮਣ ਦੀ ਆੜ ਵਿੱਚ ਦਵਾਈਆਂ ਦਾ ਸਹਾਰਾ ਲੈ ਕੇ ਹਿਜੜੇ ਜੰਮ ਰਹੀਆ ਹਨ। ਇਹ ਹਿੰਜੜੇ ਜੰਮਣ ਦਾ ਵਰਤਾਰਾ ਕੋਈ ਆਮ ਨਹੀਂ ਸਗੋਂ ਪੰਜਾਬ ਦਾ ਡੀ ਐਨ ਏ ਬਦਲਣ ਲਈ ਬਹੁਤ ਵੱਡੀ ਸਾਜ਼ਿਸ਼ ਹੇਠ ਬਹੁਤਿਆਂ ਦੀ ਮਿਲੀ ਭੁਗਤ ਨਾਲ ਚੱਲ ਰਿਹਾ ਹੈ।

ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਨਾਲ ਹੋਏ ਮਤਰੇਈ ਮਾਂ ਵਾਲੇ ਵਰਤਾਰੇ ਤੋਂ ਵੀ ਅਸੀ ਸਾਰੇ ਭਲੀ ਭਾਂਤ ਜਾਣੂ ਹਾ। ਬਹੁਤੇ ਮਸਲਿਆਂ ਤੇ ਨਜ਼ਰ ਮਾਰਨ ਦੀ ਲੋੜ ਹੀ ਨਹੀਂ ਮੈਂ ਗੱਲ ਆਪਣੇ ਜਨਮ ਸਿੱਧ ਅਧਿਕਾਰ ਦੀ ਹੀ ਕਰ ਲਵਾ, ਉਸ ਅਧਿਕਾਰ ਦੀ ਕਰ ਲਵਾ ਜੋ ਮੇਰੀ ਮਾਂ ਨੇ ਮੈਨੂੰ ਕੁੱਖ ਵਿੱਚ ਆਉਣ ਤੋਂ ਵੀ ਪਹਿਲਾਂ ਹੀ ਦੇ ਦਿੱਤਾ ਸੀ, ਉਸ ਅਧਿਕਾਰ ਦੀ ਕਰ ਲਵਾ ਜੋ ਅੱਜ ਦੁਨੀਆ ਦੇ ਹਰ ਕਿਸੇ ਦੇਸ਼ ਚ ਮਾਣ ਸਤਿਕਾਰ ਦਾ ਧਾਰਨੀ ਬਣਦਾ ਜਾ ਰਿਹਾ ਹੈ।

ਉਹ ਹੈ ਮੇਰੀ ਮਾਂ ਬੋਲੀ ਪੰਜਾਬੀ ਬੋਲਣ ਦਾ ਅਧਿਕਾਰ।

ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਸ਼ੁਰੂ ਹੋਈ, ਗੁਰੂ ਅੰਗਦ ਦੇਵ ਜੀ ਨੇ ਬਿਆਲੀ ਸਾਲ ਦੀ ਮਿਹਨਤ ਸਦਕੇ ਸਾਨੂੰ ਪੈਂਤੀ ਦਿੱਤੀ। ਅੱਜ ਪੰਜਾਬ ਵਿੱਚ ਪੰਜਾਬੀ ਬੋਲਣਾ ਗੁਨਾਹ ਹੋ ਰਿਹਾ ਹੈ। ਪੰਜਾਬ ਵਿੱਚ ਬਹੁਤੇ ਸਕੂਲਾ ਵਿੱਚ ਬੱਚਿਆਂ ਨੂੰ ਦਾਖਲਾ ਇਸ ਅਧਾਰ ਤੇ ਦਿੱਤਾ ਜਾਂਦਾ ਕਿ ਜੇਕਰ ਉਹ ਘਰ ਤੇ ਸਕੂਲ ਵਿੱਚ ਬਿਲਕੁਲ ਵੀ ਪੰਜਾਬੀ ਨਹੀਂ ਬੋਲਣਗੇ। ਜੇ ਇਸ ਪਿੱਛੇ ਸਰਕਾਰ ਦਾ ਜਾਂ ਸਾਜ਼ਿਸ਼




ਕਰਤਾ ਦਾ, ਜਾਂ ਸਿਆਸਤਦਾਨਾਂ ਦਾ ਜਾਂ ਬੁੱਧੀਜੀਵੀਆਂ ਦਾ ਜੋ ਦੇਖਣ ਸੁਣਨ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਹਨ ਪਰ ਅੰਦਰੋ ਗਤੀ ਪੰਜਾਬੀ ਮਾਂ ਬੋਲੀ ਨੂੰ ਘੁਣ ਵਾਂਗ ਜੜੋਂ ਖਤਮ ਕਰਨ ਦਾ ਪ੍ਰਣ ਧਾਰਣ ਕਰੀ ਬੈਠੇ ਹਨ, ਜੇਕਰ ਇਹ ਸਾਰੇ ਕਸੂਰ ਵਾਰ ਹਨ ਤਾਂ ਉਹਨਾਂ ਜਵਾਕਾਂ ਨੂੰ ਜੰਮਣ ਤੇ ਪਾਲਣ ਵਾਲੇ ਮਾਪੇ ਉਹਨਾਂ ਤੋਂ ਕਿਧਰੇ ਵੱਧ ਕਸੂਰਵਾਰ ਹਨ ਜੋ ਬੱਚੇ ਦਾ ਭਵਿੱਖ ਬਣਾਉਣ ਲਈ ਉਸ ਦੀਆਂ ਜੜ੍ਹਾਂ ਵਿੱਚ ਦਾਤੀ ਨਹੀਂ ਸਗੋਂ ਤਿੱਖੀ ਆਰੀ ਫੇਰ ਰਹੇ ਹਨ। ਮਾਂ ਬਾਪ ਆਪਣੇ ਬੱਚੇ ਨਾਲ ਪੰਜਾਬੀ ਬੋਲਣ ਤੋਂ ਸ਼ਰਮ ਮਹਿਸੂਸ ਕਰ ਰਹੇ ਹਨ। ਵਿਤਕਰਾ ਕਰਨ ਵਾਲੇ ਇਹ ਜ਼ਰੂਰ ਜਾਣ ਲੈਣ ਕਿ ਖੇਤਰਫਲ ਵਿੱਚ ਭਾਵੇਂ ਅਸੀ ਘੱਟ ਹੁੰਦੇ ਗਏ ਹਾਂ ਪਰ ਦੁਨੀਆਂ ਦਾ ਐਸਾ ਕੋਈ ਪਿੰਡ ਨਹੀਂ, ਜਾਂ ਐਸਾ ਕੋਈ ਸ਼ਹਿਰ ਜਾਂ ਗਲੀ ਨਹੀਂ ਜਿੱਥੇ ਪੰਜਾਬੀ ਨਾ ਹੋਣ, ਇਹ ਉਹ ਪੰਜਾਬੀ ਹਨ ਜਿਹਨਾਂ ਦੀਆਂ ਰਗਾਂ ਵਿੱਚ ਪੰਜਾਬ ਦਾ ਖੂਨ ਦੌੜਦਾ ਹੈ।

ਮੈਂ ਪੰਜਾਬ ਸਰਕਾਰ ਦੇ ਹਰ ਮੰਤਰੀ ਸੰਤਰੀ ਨੂੰ ਇੱਕ ਸੁਨੇਹਾ ਜ਼ਰੂਰ ਲਾਉਣਾ ਚਾਹੁੰਦੀ ਹਾਂ, ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਮੁਫ਼ਤ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬੰਦ ਕਰੋ, ਕੀ ਤੁਸੀਂ ਨਹੀਂ ਜਾਣਦੇ ਵੋਟਾਂ ਲੈਣ ਖਾਤਰ ਕਿੰਨੇ ਸਰਕਾਰੀ ਮੁਲਾਜ਼ਮ ਜਿਹਨਾ ਵਿੱਚ ਪਿੰਡ ਪੰਚਾਇਤਾਂ ਮੋਹਰੀ ਹਨ, ਝੂਠੇ ਕਾਗਜ਼ ਭਰ ਕੇ ਚੰਗੇ ਭਲੇ ਘਰਾਂ ਵਿੱਚ ਗਰੀਬਾ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਲਵਾ ਚੁੱਕੇ ਹਨ, ਮੈਂ ਸਬੂਤ ਦੇ ਅਧਾਰ ਤੇ ਆਪਣਾ ਪੱਖ ਰੱਖ ਰਹੀ ਹਾਂ, ਕਿੰਨੇ ਲੋਕ ਜੋ ਸਰਕਾਰੀ ਨੋਕਰੀ ਕਰਨ ਦੇ ਨਾਲ ਨਾਲ, ਘਰ ਵਿੱਚ ਇੱਕ ਤੋਂ ਵੱਧ ਕਮਾਊ ਮਰਦ ਹੋਣ ਦੇ ਬਾਵਜੂਦ ਵੀ ਬੁਢਾਪਾ ਪੈਨਸ਼ਨ ਲੈ ਰਹੇ ਹਨ, ਪੈਸਾ ਵੰਡਣਾ ਹੈ ਤਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆ ਨੂੰ ਵੰਡੋ, ਤਾਂ ਜੋ ਪੜ੍ਹ ਲਿਖ ਕੇ ਮਿਹਨਤ ਕਰਨ, ਅੱਜ ਥਾਂ ਥਾਂ ਤੇ ਮੁਫ਼ਤ ਦੀ ਕਣਕ ਦੇ ਕੇ ਤੁਸੀਂ ਲੋਕਾਂ ਨੂੰ ਨਕਾਰਾ ਕਰ ਦਿੱਤਾ ਹੈ, ਘਰ ਦੇ ਦੋ ਜੀਅ ਨੋਕਰੀ ਕਰਨ ਤੇ ਕਣਕ ਸਰਕਾਰ ਦੇ ਰਹੀ ਹੋਵੇ ? ਕੀ ਇਹ ਪੰਜਾਬ ਨੂੰ ਬਰਬਾਦ ਕਰਨ ਦੀ ਸਾਜ਼ਿਸ਼ ਨਹੀਂ ? ਕਿੰਨੇ ਲੋਕ ਹਨ ਜੋ ਬਿਨਾ ਦੋ ਰੋਟੀਆਂ ਖਾਧੀਆਂ ਦਿਨ ਕੱਟਦੇ ਹਨ, ਸਹੂਲਤ ਦੇਣੀ ਹੈ ਤਾਂ ਉਹਨਾਂ ਲੋੜਵੰਦਾ ਨੂੰ ਦਿਓ ਨਾ ਕੀ ਭ੍ਰਿਸ਼ਟ ਅਮੀਰ ਲੋਕਾਂ ਨੂੰ। ਪੰਜਾਬ ਵਿੱਚ ਵੱਡੀ ਪੱਧਰ ਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਜੋ ਨਸ਼ੇ ਆਪ ਹੀ ਖੁਲਮ ਖੁੱਲੇ ਵਿਕ ਰਹੇ ਹਨ, ਹੈ ਕੋਈ ਜੋ ਉਹਨਾਂ ਨੂੰ ਰੋਕ ਸਕੇ? ਹੈ ਕੋਈ ਜੋ ਪੰਜਾਬ ਦਾ ਸੱਚਾ ਸਪੁੱਤਰ ਬਣ ਕੇ ਪੰਜਾਬ ਦੀ ਜਵਾਨੀ ਨੂੰ ਨਸ਼ੇ ਵਿੱਚ ਮਰਨ ਤੋਂ ਬਚਾਅ ਸਕੇ ? ਸਿਆਣਿਆਂ ਨੇ ਕਿਹਾ ਜਿੱਥੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ? ਉੱਥੇ ਖੇਤ ਨੀ ਬਚਦਾ, ਪੰਜਾਬ ਵਿੱਚ ਨਸ਼ਾ ਤਸਕਰ ਹੀ ਪੰਜਾਬ ਨੂੰ ਚਲਾਉਣ ਵਾਲਾ ਨਕਾਬ ਪਹਿਨ ਕੇ ਨਸ਼ਾ ਵੇਚ ਰਹੇ ਹਨ ਤਾਂ ਪੰਜਾਬ ਨਸ਼ਾ ਮੁਕਤ ਕਿਵੇਂ ਹੋਵੇਗਾ ?

ਅਧਾਰ ਕਾਰਡ ਤੇ ਬੱਸਾਂ ਵਿੱਚ ਮੁਫ਼ਤ ਸਫ਼ਰ ਬੰਦ ਹੋਣਾ ਚਾਹੀਦਾ ਹੈ, ਤਾਂ ਜੋ ਅਧਾਰ ਕਾਰਡ ਵਰਤ ਕੇ ਮੁਫ਼ਤ ਸਫ਼ਰ ਕਰਨ ਵਾਲੇ ਲੋਕ ਆਪਣੇ ਘਰਾਂ ਵਿੱਚ ਰਹਿ ਕੇ ਆਪਣੇ ਘਰਾਂ ਦੇ ਕੰਮ ਧੰਦੇ ਕਰ ਸਕਣ। ਮੈਂ ਬਿਲਕੁਲ ਵੀ ਮੁਫ਼ਤ ਸਫ਼ਰ ਕਰਨ ਦੇ ਹੱਕ ਵਿੱਚ ਨਹੀਂ ਹਾਂ।

ਗੱਲ ਕਰਦੇ ਹਾਂ ਅੱਜ ਦੇ ਪੰਜਾਬ ਦੇ ਜੀਵਨ ਜਾਚ ਦੀ, ਪੰਜਾਬ ਦਾ ਪਾਣੀ ਮੁੱਕ ਰਿਹਾ ਹੈ, ਜ਼ਮੀਨ ਹੇਠਲਾ ਪਾਣੀ ਦਿਨ ਬਰ ਦਿਨ ਘੱਟਦਾ ਜਾ ਰਿਹਾ ਹੈ, ਮੁਫ਼ਤ ਦੀ ਬਿਜਲੀ ਮਿਲਣ ਕਰਕੇ ਜਿੱਥੇ ਲੋਕ ਬਿਜਲੀ ਦੀਆਂ ਧੱਜੀਆਂ ਉਡਾਉਣ ਤੇ ਲੱਗੇ ਹੋਏ ਹਨ ਉੱਥੇ ਨਾਲ ਹੀ ਪਾਣੀ ਦੀ ਟੈਂਕੀ ਭਰਨ ਲਈ ਮੋਟਰ ਚਲਾ ਕੇ ਘੰਟਿਆ ਬੱਧੀ ਭੁੱਲ ਜਾਂਦੇ ਹਨ, ਕਈ ਕਈ ਹਜ਼ਾਰ ਲੀਟਰ ਪੀਣ ਵਾਲਾ ਪਾਣੀ ਬਰਬਾਦ ਕਰ ਦਿੰਦੇ ਹਨ, ਜੇ ਬਿਜਲੀ ਦਾ ਬਿੱਲ ਦੇਣਾ ਹੋਵੇ ਤਾਂ ਘਰ ਦਾ ਇੱਕ ਜੀਅ ਪਾਣੀ ਵਾਲੀ ਟੈਂਕੀ ਦੇ ਮੂਹਰੇ ਖੜਾ ਹੁੰਦਾ ਤਾਂ ਕਿ ਭਰਨ ਤੋਂ ਪਹਿਲਾਂ ਬਿਜਲੀ ਦਾ ਬਟਨ ਬੰਦ ਕੀਤਾ ਜਾ ਸਕੇ, ਅਪੰਗ ਹੋ ਗਿਆ ਪੰਜਾਬ ਬਚਾਉਣਾ ਹੈ ਤਾਂ ਪੰਜਾਬ ਦੀ ਮਿੱਟੀ ਬਚਾਓ ਜੋ ਥਾਂ ਥਾਂ ਤੇ ਕੈਂਸਰ ਪੀੜਤ ਹੋ ਰਹੀ ਹੈ, ਬਚਾਉਣਾ ਹੈ ਤਾਂ ਪੰਜਾਬ ਦਾ ਪਾਣੀ ਬਚਾਓ, ਵਾਤਾਵਰਣ ਬਚਾਉਣ ਦੀ ਹਰ ਸੰਭਵ ਕੋਸਿਸ ਹਰ ਇੱਕ ਵੱਲੋਂ ਹੋਣੀ ਚਾਹੀਦੀ ਹੈ, ਭਾਵੇਂ ਉਹ ਆਮ ਇਨਸਾਨ ਹੋਵੇ ਭਾਵੇਂ ਪੰਜਾਬ ਸਰਕਾਰ। ਪੰਜਾਬ ਨੂੰ ਹਰ ਤਰਾਂ ਬਚਾਉਣ ਦੀ ਕੋਸ਼ਿਸ਼ ਹਰ ਪੰਜਾਬ ਵਸਦੇ ਭਾਈਚਾਰੇ ਨੂੰ ਕਰਨੀ ਚਾਹੀਦੀ ਹੈ ਤੇ ਸਰਕਾਰ ਨੂੰ ਮੁਫਤਖੋਰੀ ਬੰਦ ਕਰਕੇ ਲੋਕਾਂ ਨੂੰ ਕੰਮ ਧੰਦੇ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਹੁਸਿਆਰ ਪੁਰ ਇਲਾਕੇ ਤੋਂ ਸ੍ਰੀ ਵਿਜੇ ਬੰਬੇਲੀ ਜੀ ਜ਼ਮੀਨ ਹੇਠਾਂ ਪਾਣੀ ਦੇ ਘਟਦੇ ਪੱਧਰ ਬਾਰੇ ਲੋਕਾਂ ਨੂੰ ਦਿਨ ਰਾਤ ਸੁਚੇਤ ਕਰ ਰਹੇ ਹਨ, ਇਸ ਤਰਾਂ ਦੇ ਕਾਰਜਸ਼ੀਲ ਵਿਅਕਤੀਆਂ ਨੂੰ ਸਰਕਾਰ ਵੱਲੋਂ ਪੰਜਾਬ ਬਚਾਉਣ ਲਈ ਹਰ ਸਹੂਲਤ ਦੇਣੀ ਚਾਹੀਦੀ ਹੈ ਤੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਹੋਰ ਲੋਕ ਵੀ ਪੰਜਾਬ ਲਈ ਕੁਝ ਕਰਨ ਦਾ ਸੋਚਣ। ਜੇ ਪੰਜਾਬ ਦਾ ਪਾਣੀ ਨਹੀਂ ਬਚਾਇਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋ ਪੰਜਾਬ ਵਾਸੀ ਪੀਣ ਨੂੰ ਪਾਣੀ ਨਾ ਮਿਲਣ ਕਾਰਣ ਮਰਿਆਂ ਕਰਨਗੇ। ਆਏ ਦਿਨ ਪੰਜਾਬ ਵਿੱਚੋਂ ਪਰਵਾਸੀ ਕੱਢਣ ਲਈ ਪੰਜਾਬੀ ਲੜਾਈਆਂ ਝਗੜੇ ਕਰ ਰਹੇ ਹਨ, ਪੰਜਾਬ ਚ ਰਹਿਣ ਵਾਲੇ ਹਰ ਮਰਦ ਤੇ ਔਰਤ ਨੂੰ ਮੇਰੀ ਬੇਨਤੀ ਹੈ ਕਿ ਤੁਸੀਂ ਇਹਨਾਂ ਨੂੰ ਕੱਢਣ ਲਈ ਕੁਝ ਵੀ ਨਾ ਕਰੋ ਇਹ ਆਪਣੇ ਆਪ ਪੰਜਾਬ ਛੱਡ ਕੇ ਚਲੇ ਜਾਣਗੇ ਬਸ ਤੁਸੀਂ ਆਪਣੇ ਲੋੜੀਂਦੇ ਕੰਮ ਧੰਦੇ ਕਰਨੇ ਸ਼ੁਰੂ ਕਰ ਦਿਓ। ਜਿਸ ਦਿਨ ਪੰਜਾਬ ਦੀਆਂ ਸੁਆਣੀਆਂ ਆਪਣੇ ਘਰਾਂ ਦੇ ਕੰਮ ਧੰਦੇ ਤੇ ਮਰਦ ਬਾਹਰ ਦੇ ਲੋੜੀਂਦੇ ਕੰਮ ਧੰਦੇ ਸਾਂਭ ਲੈਣਗੇ ਪੰਜਾਬ ਮੁੜ ਤੋਂ ਖੁਸ਼ਹਾਲ ਹੋ ਜਾਵੇਗਾ, ਜ਼ਰੂਰ ਹੋਵੇਗਾ। ਸਾਜ਼ਿਸ਼ ਕਰਨ ਵਾਲਾ ਬਾਹਰ ਦਾ ਕੋਈ ਹੋਵੇ ਤਾਂ ਐਨਾ ਦੁੱਖ ਨੀ ਹੁੰਦਾ ਪਰ ਹੁਣ ਪੰਜਾਬ ਨਾਲ ਹੁੰਦਾ ਵਿਤਕਰਾ ਪੰਜਾਬ ਦੇ ਦਾਣੇ ਖਾਣ ਵਾਲੇ, ਪੰਜਾਬ ਦਾ ਪਾਣੀ ਪੀਣ ਵਾਲੇ ਹੀ ਕਰ ਰਹੇ ਹਨ ਜਿਸ ਦਾ ਖ਼ਾਤਮਾ ਬਹੁਤ ਮੁਸ਼ਕਿਲ ਹੈ। ਹੋਰ ਤਾਂ ਹੋਰ ਪੰਜਾਬੀਆਂ ਦੀ ਨਸਲ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਹੋ ਰਹੀ ਹੈ। ਲੋੜ ਹੈ ਸਾਨੂੰ ਜਾਗਣ ਦੀ ਤੇ ਨਕਾਬਪੋਸ਼ਾਂ ਨੂੰ ਪਹਿਚਾਨਣ ਦੀ। ਪੰਜਾਬ ਵਿੱਚ ਸਿਆਸਤ ਤੇ ਧਰਮ ਦੇ ਨਾਮ ਤੇ ਐਨਾ ਕੁ ਗੰਦ ਪੈ ਚੁੱਕਾ ਕਿ ਪੰਜਾਬ ਸਿਓ ਨੂੰ ਆਪਣੇ ਆਪ ਤੋਂ ਮੁਸ਼ਕ ਆਉਣ ਲੱਗ ਪਿਆ, ਪੰਜਾਬ ਸਿਓ ਵਿਲਕ ਰਿਹਾ ਕਿ ਆਉ ਕੋਈ ਇਹਨਾਂ ਕੀੜਿਆਂ ਨੂੰ ਮੇਰੇ ਮਗਰੋਂ ਲਾ ਦਿਓ, ਮੈਂ ਜੰਗ ਲੱਗੇ ਲੋਹੇ ਦੀ ਚਿੜੀ ਬਣ ਗਿਆ, ਉਹ ਮੈਨੂੰ ਮੁੜ ਸੋਨੇ ਦੀ ਚਿੜੀ ਬਣਾ ਦਿਓ।

ਇਹ ਉਹ ਪੰਜਾਬ ਹੈ ਜਿੱਥੇ ਬਾਬੇ ਨਾਨਕ ਹਲ ਵਾਹ ਕੇ ਸਾਨੂੰ ਮਿਹਨਤ ਕਰਨ ਦਾ ਬੱਲ ਸਿਖਾਇਆ ਸੀ, ਅੱਜ ਅਸੀਂ ਕੰਮ ਕਰਨ ਲੱਗੇ ਸੰਗ ਕਿਓ ਮਹਿਸੂਸ ਕਰਦੇ ਹਾਂ, ਕੀ ਸਾਡਾ ਰੁਤਬਾ ਸਾਡੇ ਬਾਬੇ ਨਾਲੋ ਉੱਚਾ ਹੋ ਗਿਆ ਹੈ ? ਇਹ ਉਹ ਪੰਜਾਬ ਹੈ ਜਿੱਥੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਾਡੀ ਖਾਤਰ ਆਪਣਾ ਪਰਿਵਾਰ ਵਾਰਿਆ ਹੈ, ਸਾਡਾ ਜ਼ਮੀਰ ਸਾਨੂੰ ਉਹਨਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਭੁੱਲ ਜਾਣ ਦੀ ਇਜਾਜ਼ਤ ਕਿਵੇਂ ਦਿੰਦਾ ਹੈ?

ਪੰਜਾਬੀਓ ਆਉ ਨੀਂਦ ਚੋਂ ਉੱਠੀਏ, ਅੱਖਾਂ ਖੋਲੀਏ, ਹੁੰਦੇ ਵਿਤਕਰੇ ਵਿਰੁੱਧ,
ਆਪ ਜਾਗੀਏ, ਹੋਰਾ ਨੂੰ ਜਗਾਈਏ, ਪੰਜਾਬੀਓ ਆਉ ਰਲ ਮਿਲ ਕੇ ਆਪਾ,
ਪੰਜਾਬ ਬਚਾਈਏ, ਪੰਜਾਬ ਬਚਾਈਏ॥
ਪੰਜਾਬ ਨੂੰ ਹਨੇਰੇ ਤੋਂ ਬਚਾਈਏ, ਮਿਹਨਤ ਕਰਕੇ ਹਰਿਆ ਭਰਿਆ ਬਣਾਈਏ,
ਸੋਹਣੇ ਰੰਗਾਂ ਨਾਲ ਸਜਾਈਏ, ਮਰਨ ਤੋਂ ਪਹਿਲਾਂ ਪੰਜਾਬ ਦਾ
ਕੁਝ ਕਰਜ਼ ਚੁਕਾਈਏ, ਪੰਜਾਬੀਓ ਆਉ ਰਲ ਮਿਲ ਕੇ ਆਪਾ,
ਪੰਜਾਬ ਬਚਾਈਏ, ਪੰਜਾਬ ਬਚਾਈਏ॥
ਪੰਜਾਬ ਨੇ ਸਾਨੂੰ ਖਾਣਾ ਦਿੱਤਾ, ਬਾਣਾ ਦਿੱਤਾ, ਦਿੱਤੀ ਹਰ ਸੁੱਖ ਸਹੂਲਤ,
ਹਰ ਸੁੱਖ ਸਹੂਲਤ ਆਪਾ, ਆਉਣ ਵਾਲੀ ਪੀੜ੍ਹੀ ਲਈ ਵੀ ਛੱਡ ਕੇ ਜਾਈਏ,
ਪੰਜਾਬੀਓ ਆਉ ਰਲ ਮਿਲ ਕੇ ਆਪਾ,ਪੰਜਾਬ ਬਚਾਈਏ, ਪੰਜਾਬ ਬਚਾਈਏ॥
ਵਿਹਲੜ ਪੁਣਾਂ ਛੱਡ ਕੇ, ਕੰਮ ਧੰਦੇ ਨੂੰ ਹੱਥ ਪਾਈਏ,
ਮੁਫ਼ਤ ਖੋਰੀ ਛੱਡ ਕੇ, ਕੁਦਰਤ ਦੀ ਹਰ ਦਾਤ ਦਾ,
ਕੁਝ ਮੁੱਲ ਤਾਂ ਪਾਈਏ, ਪੰਜਾਬੀਓ ਆਉ ਰਲ ਮਿਲ ਕੇ ਆਪਾ,
ਪੰਜਾਬ ਬਚਾਈਏ, ਪੰਜਾਬ ਬਚਾਈਏ॥
ਆਪਣੀ ਮਿਹਨਤ ਆਪਣੇ ਆਪ ਤੇ ਲਾਈਏ, ਰੀਲਾਂ ਬਣਾ ਕੇ ਘੁੰਮਣ ਵਾਲਿਆਂ ਦੇ,



# ਕੀ ਸਮਾਂ ਪੈਸੇ ਨਾਲੋਂ ਵੀ ਵੱਧ ਕੀਮਤੀ ਹੈ?

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

ਆਧੁਨਿਕ ਯੁੱਗ ਵਿੱਚ ਮਨੁੱਖ ਨੇ ਵਿਗਿਆਨ, ਤਕਨੀਕ ਅਤੇ ਆਰਥਿਕ ਵਿਕਾਸ ਦੇ ਖੇਤਰ ਵਿੱਚ ਅਦਭੁੱਤ ਤਰੱਕੀ ਕੀਤੀ ਹੈ। ਅੱਜ ਇਨਸਾਨ ਚੰਦ ਤੱਕ ਅੱਪੜ ਚੁੱਕਿਆ ਹੈ, ਦੁਨੀਆ ਇੱਕ ਛੋਟੇ ਪਿੰਡ ਵਾਂਗ ਬਣ ਗਈ ਹੈ ਅਤੇ ਜਾਣਕਾਰੀ ਸਿਰਫ਼ ਇੱਕ ਕਲਿੱਕ ਦੀ ਦੂਰੀ 'ਤੇ ਹੈ। ਪਰ ਇਸ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਇੱਕ ਅਜਿਹੀ ਦੌਲਤ ਹੈ ਜਿਸ ਦੀ ਕਮੀ ਹਰ ਕੋਈ ਮਹਿਸੂਸ ਕਰ ਰਿਹਾ ਹੈ—ਉਹ ਹੈ ਸਮਾਂ।

ਸਮਾਂ ਉਹ ਅਨਮੋਲ ਪੂੰਜੀ ਹੈ ਜੋ ਹਰ ਵਿਅਕਤੀ ਨੂੰ ਬਰਾਬਰ ਮਿਲਦੀ ਹੈ। ਨਾ ਕੋਈ ਅਮੀਰ ਇਸ ਨੂੰ ਖਰੀਦ ਸਕਦਾ ਹੈ ਅਤੇ ਨਾ ਕੋਈ ਗਰੀਬ ਇਸ ਤੋਂ ਵਾਂਝਾ ਰਹਿੰਦਾ ਹੈ। ਹਰ ਮਨੁੱਖ ਕੋਲ ਦਿਨ ਦੇ ਚੌਵੀ ਘੰਟੇ ਹੁੰਦੇ ਹਨ। ਫ਼ਰਕ ਸਿਰਫ਼ ਇਹ ਹੁੰਦਾ ਹੈ ਕਿ ਕੋਈ ਇਸ ਦਾ ਸਹੀ ਉਪਯੋਗ ਕਰਕੇ ਸਫਲਤਾ ਦੀਆਂ ਬੁਲੰਦੀਆਂ ਛੂਹ ਲੈਂਦਾ ਹੈ ਅਤੇ ਕੋਈ ਇਸ ਨੂੰ ਵਿਅਰਥ ਗੁਆ ਕੇ ਪਛਤਾਵੇ ਤੋਂ ਇਲਾਵਾ ਕੁਝ ਵੀ ਹਾਸਲ ਨਹੀਂ ਕਰਦਾ। ਸਮਾਜ ਵਿੱਚ ਆਮ ਧਾਰਨਾ ਹੈ ਕਿ ਪੈਸਾ ਸਭ ਕੁਝ ਹੈ। ਪਰ ਜੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਮਾਂ ਪੈਸੇ ਨਾਲੋਂ ਕਈ ਗੁਣਾ ਵੱਧ ਕੀਮਤੀ ਹੈ। ਪੈਸਾ ਗੁਆ ਕੇ ਦੁਬਾਰਾ ਕਮਾਇਆ ਜਾ ਸਕਦਾ ਹੈ, ਪਰ ਗੁਜ਼ਰਿਆ ਹੋਇਆ ਸਮਾਂ ਕਿਸੇ ਵੀ ਕੀਮਤ 'ਤੇ ਵਾਪਸ ਨਹੀਂ ਆ ਸਕਦਾ। ਇੱਕ ਕਰੋੜਪਤੀ ਆਪਣੀ ਬਰਬਾਦ ਹੋਈ ਦੌਲਤ ਮੁੜ ਹਾਸਲ ਕਰ ਸਕਦਾ ਹੈ, ਪਰ ਉਹ ਆਪਣੀ ਜ਼ਿੰਦਗੀ ਦਾ ਇੱਕ ਵੀ ਬੀਤਿਆ ਹੋਇਆ ਮਿੰਟ ਨਹੀਂ ਖਰੀਦ ਸਕਦਾ।

ਅਸਲ ਵਿੱਚ ਪੈਸਾ ਵੀ ਸਮੇਂ ਦੇ ਸਹੀ ਉਪਯੋਗ ਦਾ ਨਤੀਜਾ ਹੁੰਦਾ ਹੈ। ਜੋ ਵਿਅਕਤੀ ਆਪਣੇ ਸਮੇਂ ਦਾ ਸਦਉਪਯੋਗ ਕਰਦਾ ਹੈ, ਉਹੀ ਗਿਆਨ, ਸਫਲਤਾ ਅਤੇ ਆਰਥਿਕ ਖ਼ੁਸ਼ਹਾਲੀ ਪ੍ਰਾਪਤ ਕਰਦਾ ਹੈ। ਇਸ ਲਈ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੈਸਾ ਸਮੇਂ ਤੋਂ ਪੈਦਾ ਹੁੰਦਾ ਹੈ, ਸਮਾਂ ਪੈਸੇ ਤੋਂ ਨਹੀਂ।

ਅੱਜ ਦਾ ਯੁੱਗ ਡਿਜ਼ੀਟਲ ਯੁੱਗ ਹੈ। ਮੋਬਾਈਲ ਫੋਨ, ਸੋਸ਼ਲ ਮੀਡੀਆ, ਆਨਲਾਈਨ ਮਨੋਰੰਜਨ ਅਤੇ ਬੇਲੋੜੀਆਂ ਡਿਜ਼ੀਟਲ ਗਤੀਵਿਧੀਆਂ ਨੇ ਮਨੁੱਖ ਦੇ ਕੀਮਤੀ ਸਮੇਂ ਨੂੰ ਆਪਣੀ ਗਿਰਫ਼ਤ ਵਿੱਚ ਲੈ ਲਿਆ ਹੈ। ਖ਼ਾਸ ਕਰਕੇ ਨੌਜਵਾਨ ਵਰਗ ਆਪਣਾ ਵੱਡਾ ਸਮਾਂ ਸੋਸ਼ਲ ਮੀਡੀਆ 'ਤੇ ਬਿਤਾ ਰਿਹਾ ਹੈ। ਕਈ ਵਾਰ ਘੰਟਿਆਂ ਦੀ ਇਹ ਖ਼ਪਤ ਸਿਰਫ਼ ਮਨੋਰੰਜਨ ਤੱਕ ਸੀਮਿਤ ਰਹਿ ਜਾਂਦੀ ਹੈ ਅਤੇ ਨਤੀਜੇ ਵਜੋਂ ਪੜ੍ਹਾਈ, ਸਿਹਤ, ਪਰਿਵਾਰਕ ਜੀਵਨ ਅਤੇ ਵਿਅਕਤੀਗਤ ਵਿਕਾਸ ਪ੍ਰਭਾਵਿਤ ਹੁੰਦੇ ਹਨ।

ਸਮੇਂ ਦੀ ਗਲਤ ਵਰਤੋਂ ਕਾਰਨ ਤਣਾਅ, ਕੰਮ ਦਾ ਬੋਝ, ਅਸਫਲਤਾ ਦਾ ਡਰ ਅਤੇ ਜੀਵਨ ਪ੍ਰਤੀ ਨਿਰਾਸ਼ਾ ਵਰਗੀਆਂ ਸਮੱਸਿਆਵਾਂ ਲਗਾਤਾਰ ਵੱਧ ਰਹੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਚਿੰਤਾ ਅਤੇ ਉਦਾਸੀ ਦੇ ਮਾਮਲਿਆਂ ਵਿੱਚ ਦੁਨੀਆ ਭਰ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਦੇ ਕਈ ਕਾਰਨ ਹਨ, ਪਰ ਸਮੇਂ ਦੀ ਗਲਤ ਯੋਜਨਾਬੰਦੀ ਵੀ ਇੱਕ ਮਹੱਤਵਪੂਰਨ ਕਾਰਨ ਮੰਨੀ ਜਾਂਦੀ ਹੈ। ਜਦੋਂ ਵਿਅਕਤੀ ਆਪਣੇ ਕੰਮਾਂ ਨੂੰ ਸਮੇਂ ਸਿਰ ਪੂਰਾ ਨਹੀਂ ਕਰ ਪਾਉਂਦਾ ਤਾਂ ਉਸ 'ਤੇ ਦਬਾਅ ਵੱਧ ਜਾਂਦਾ ਹੈ। ਅਧੂਰੇ ਕੰਮ, ਨੇੜੇ ਆਉਂਦੀਆਂ ਮਿਆਦਾਂ ਅਤੇ ਭਵਿੱਖ ਦੀ ਚਿੰਤਾ ਮਨੁੱਖ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦਿੰਦੇ ਹਨ। ਇਸ ਦੇ ਉਲਟ, ਜੇਕਰ ਕੋਈ ਵਿਅਕਤੀ ਆਪਣੇ ਦਿਨ ਦੀ ਯੋਜਨਾ ਪਹਿਲਾਂ ਹੀ ਬਣਾ ਲਵੇ, ਤਰਜੀਹਾਂ ਨਿਰਧਾਰਤ ਕਰੇ ਅਤੇ ਆਪਣੇ ਕੰਮ ਸਮੇਂ ਸਿਰ ਪੂਰੇ ਕਰੇ ਤਾਂ ਉਸ ਦਾ ਆਤਮ-ਵਿਸ਼ਵਾਸ ਵੱਧਦਾ ਹੈ ਅਤੇ ਮਾਨਸਿਕ ਤਣਾਅ ਘੱਟਦਾ ਹੈ।

ਸਮਾਂ ਪ੍ਰਬੰਧਨ ਮਨੁੱਖ ਨੂੰ ਜੀਵਨ ਉੱਤੇ ਨਿਯੰਤਰਣ ਦਾ ਅਹਿਸਾਸ ਕਰਵਾਉਂਦਾ ਹੈ। ਇਹ ਨਿਯਮਿਤ ਨੀਂਦ, ਕਸਰਤ, ਪਰਿਵਾਰ ਲਈ ਸਮਾਂ ਅਤੇ ਮਨੋਰੰਜਨ ਲਈ ਵੀ ਮੌਕੇ ਪ੍ਰਦਾਨ ਕਰਦਾ ਹੈ, ਜੋ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹਨ।

ਡਰ, ਚਿੰਤਾ ਅਤੇ ਬੇਚੈਨੀ ਇੱਕ ਜਟਿਲ ਮਾਨਸਿਕ ਅਵਸਥਾ ਹੈ ਜਿਸ ਦੇ ਕਈ ਜੈਵਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਹੋ ਸਕਦੇ ਹਨ। ਫਿਰ ਵੀ, ਸਮਾਂ ਪ੍ਰਬੰਧਨ ਇਸ ਦੇ ਖ਼ਤਰੇ ਨੂੰ ਘੱਟਾਉਣ ਵਿੱਚ ਸਹਾਇਕ ਸਾਬਤ ਹੋ ਸਕਦਾ ਹੈ।

ਜਦੋਂ ਵਿਅਕਤੀ ਆਪਣੇ ਦਿਨ ਨੂੰ ਸੁਚੱਜੇ ਢੰਗ ਨਾਲ ਵਿਵਸਥਿਤ ਕਰਦਾ ਹੈ, ਆਪਣੇ ਟੀਚੇ ਨਿਰਧਾਰਤ ਕਰਦਾ ਹੈ ਅਤੇ ਛੋਟੀਆਂ-ਛੋਟੀਆਂ ਸਫਲਤਾਵਾਂ ਹਾਸਲ ਕਰਦਾ ਹੈ ਤਾਂ ਉਸ ਵਿੱਚ ਸੰਤੁਸ਼ਟੀ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਹੁੰਦਾ ਹੈ। ਇਹ ਭਾਵਨਾਵਾਂ ਨਿਰਾਸ਼ਾ ਅਤੇ ਉਦਾਸੀ ਦੇ ਪ੍ਰਭਾਵ ਨੂੰ ਘੱਟਾਉਣ ਵਿੱਚ ਮਦਦਗਾਰ ਹੁੰਦੀਆਂ ਹਨ।

ਅੱਜ ਦੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਗਣਿਤ, ਵਿਗਿਆਨ, ਭਾਸ਼ਾਵਾਂ ਅਤੇ ਤਕਨੀਕੀ ਗਿਆਨ ਤਾਂ ਪ੍ਰਦਾਨ ਕਰਦੀ ਹੈ, ਪਰ ਜੀਵਨ ਜਿਉਣ ਦੀਆਂ ਕਈ ਬੁਨਿਆਦੀ ਕਲਾਵਾਂ ਅਜੇ ਵੀ ਪਾਠਕ੍ਰਮ ਦਾ ਹਿੱਸਾ ਨਹੀਂ ਬਣ ਸਕੀਆਂ।

ਸਮਾਂ ਪ੍ਰਬੰਧਨ ਇੱਕ ਅਜਿਹਾ ਜੀਵਨ-ਕੌਸ਼ਲ ਹੈ ਜਿਸ ਦੀ ਲੋੜ ਹਰ ਵਿਅਕਤੀ ਨੂੰ ਪੈਂਦੀ ਹੈ। ਜੇਕਰ ਵਿਦਿਆਰਥੀ ਛੋਟੀ ਉਮਰ ਤੋਂ ਹੀ ਸਮੇਂ ਦੀ ਮਹੱਤਤਾ ਅਤੇ ਉਸ ਦੇ ਸਹੀ ਉਪਯੋਗ ਬਾਰੇ ਸਿੱਖਣ ਲੱਗ ਜਾਣ ਤਾਂ ਉਹ ਨਾ ਸਿਰਫ਼ ਵਧੀਆ ਵਿਦਿਆਰਥੀ ਬਣਨਗੇ, ਸਗੋਂ ਜ਼ਿੰਮੇਵਾਰ ਨਾਗਰਿਕ ਵੀ ਬਣ ਸਕਣਗੇ।

ਸਕੂਲਾਂ ਵਿੱਚ ਸਮਾਂ ਪ੍ਰਬੰਧਨ ਨੂੰ ਇੱਕ ਵਿਸ਼ੇ ਜਾਂ ਜੀਵਨ-ਕੌਸ਼ਲ ਵਜੋਂ ਸ਼ਾਮਲ ਕਰਨ ਨਾਲ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਜ਼ਿੰਮੇਵਾਰੀ, ਯੋਜਨਾਬੰਦੀ ਅਤੇ ਲੀਡਰਸ਼ਿਪ ਦੇ ਗੁਣ ਵਿਕਸਤ ਹੋ ਸਕਦੇ ਹਨ। ਇਸ ਨਾਲ ਉਹ ਅਕਾਦਮਿਕ ਦਬਾਅ ਦਾ ਸੁਚੱਜੇ ਢੰਗ ਨਾਲ ਸਾਹਮਣਾ ਕਰ ਸਕਣਗੇ ਅਤੇ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਨਗੇ।

ਸਮਾਂ ਮਨੁੱਖੀ ਜੀਵਨ ਦੀ ਸਭ ਤੋਂ ਕੀਮਤੀ ਪੂੰਜੀ ਹੈ। ਪੈਸਾ, ਅਹੁਦਾ ਅਤੇ ਸ਼ੋਹਰਤ ਦੁਬਾਰਾ ਪ੍ਰਾਪਤ ਕੀਤੇ ਜਾ ਸਕਦੇ ਹਨ, ਪਰ ਗੁਜ਼ਰਿਆ ਹੋਇਆ ਸਮਾਂ ਕਦੇ ਵਾਪਸ ਨਹੀਂ ਆਉਂਦਾ। ਇਸ ਲਈ ਸਮੇਂ ਦੀ ਕਦਰ ਕਰਨਾ ਅਤੇ ਉਸ ਦਾ ਸਹੀ ਪ੍ਰਬੰਧਨ ਕਰਨਾ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ।

ਅੱਜ ਜਦੋਂ ਦੁਨੀਆ ਤਣਾਅ, ਚਿੰਤਾ ਅਤੇ ਮਾਨਸਿਕ ਸਿਹਤ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਸਮਾਂ ਪ੍ਰਬੰਧਨ ਸਿਰਫ਼ ਸਫਲਤਾ ਦਾ ਸਾਧਨ ਨਹੀਂ, ਸਗੋਂ ਇੱਕ ਸਿਹਤਮੰਦ ਅਤੇ ਸੰਤੁਲਿਤ ਜੀਵਨ ਦੀ ਬੁਨਿਆਦੀ ਲੋੜ ਬਣ ਚੁੱਕਾ ਹੈ।

ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਹੀ ਜੀਵਨ ਦੀ ਅਸਲ ਕਦਰ ਸਮਝਦੇ ਹਨ। ਇਸ ਲਈ ਇਹ ਕਹਿਣਾ ਬਿਲਕੁਲ ਉਚਿਤ ਹੈ ਕਿ ਪੈਸਾ ਜ਼ਿੰਦਗੀ ਨੂੰ ਸੁੱਖੀ ਬਣਾ ਸਕਦਾ ਹੈ, ਪਰ ਸਮੇਂ ਦਾ ਸਹੀ ਉਪਯੋਗ ਹੀ ਜ਼ਿੰਦਗੀ ਨੂੰ ਸਾਰਥਕ ਬਣਾਉਂਦਾ ਹੈ।



# ਜ਼ਿੰਦਗੀ ਇਮਤਿਹਾਨ ਲੈਂਦੀ ਹੈ

ਪ੍ਰਭਜੋਤ ਕੌਰ ਢਿੱਲੋਂ, 98150 - 30221

ਜ਼ਿੰਦਗੀ ਕਦੇ ਵੀ ਅਤੇ ਕਿਸੇ ਦੀ ਵੀ ਇੱਕ ਸਾਰ ਨਹੀਂ ਚਲਦੀ। ਇਸ ਵਿੱਚ ਉਤਰਾਅ ਚੜ੍ਹਾ ਆਉਣੇ, ਦੁੱਖ ਦਰਦ ਆਉਣੇ ਸੁਭਾਵਿਕ ਹਨ। ਜ਼ਿੰਦਗੀ ਸਮੇਂ ਸਮੇਂ 'ਤੇ ਇਮਤਿਹਾਨ ਲੈਂਦੀ ਹੈ। ਕਦੇ ਅਸਫਲਤਾ ਦੇ ਦਿੰਦੀ ਹੈ, ਕਦੇ ਆਪਣਿਆਂ ਵੱਲੋਂ ਦਰਦ ਦਿੱਤਾ ਜਾਂਦਾ ਹੈ ਅਤੇ ਕਦੇ ਕੋਈ ਛੱਡ ਜਾਂਦਾ ਹੈ। ਕੋਈ ਵੀ ਸਥਿਤੀ ਸਬਕ ਦਿੱਤੇ ਬਗੈਰ ਨਹੀਂ ਜਾਂਦੀ। ਜ਼ਿੰਦਗੀ ਸਾਈਕਲ ਵਾਂਗ ਹੈ। ਜਦੋਂ ਤਕ ਪੈਡਲ ਮਾਰਦੇ ਰਹੋਗੇ, ਉਦੋਂ ਤਕ ਡਿਗੋਗੇ ਨਹੀਂ।

ਕਿਸੇ ਇਮਤਿਹਾਨ ਵਿੱਚ ਜਾਂ ਖੇਡ ਵਿੱਚ ਅਸਫਲ ਹੋਣ ਨਾਲ ਸਾਰਾ ਕੁਝ ਖਤਮ ਨਹੀਂ ਹੋ ਜਾਂਦਾ। ਜੇਕਰ ਬਹੁਤ ਲੋਕ ਸਫਲ ਹੋਏ ਹਨ ਤਾਂ ਤੁਹਾਡੇ ਤੋਂ ਘੱਟ ਨੰਬਰਾਂ ਵਾਲੇ ਵੀ ਹੋਣਗੇ। ਅਸਲ ਵਿੱਚ ਕੁਦਰਤ ਨੇ ਹਰ ਕਿਸੇ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ। ਮੈਂ ਕਿਸੇ ਦੀ ਵੀਡੀਓ ਦੇਖ ਰਹੀ ਸੀ। ਕੋਈ ਬੱਚਾ ਕਿਸੇ ਇਮਤਿਹਾਨ ਵਿੱਚੋਂ ਫੇਲ ਹੋ ਗਿਆ। ਉਸਦੇ ਪਿਤਾ ਨੇ ਬੱਚੇ ਨੂੰ ਕੁਝ ਵੀ ਨਹੀਂ ਕਿਹਾ। ਸਗੋਂ ਸਾਰੇ ਦੋਸਤਾਂ ਨੂੰ ਸੱਦਿਆ ਤੇ ਪਾਰਟੀ ਕੀਤੀ।

ਹਰ ਅਸਫਲਤਾ, ਸਫਲਤਾ ਦੀ ਪਹਿਲੀ ਪੌੜੀ ਹੁੰਦੀ ਹੈ। ਬੱਚਾ ਚੱਲਣਾ ਸਿੱਖਦਾ ਹੈ ਤਾਂ ਵਾਰ ਵਾਰ ਡਿਗਦਾ ਹੈ। ਪਰ ਉਹ ਚੱਲਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਅਤੇ ਅਖੀਰ ਚੱਲਣਾ ਸਿੱਖ ਜਾਂਦਾ ਹੈ।

ਬਹੁਤ ਵਾਰ ਲੋਕਾਂ ਨੂੰ ਦੂਸਰੇ ਦੀ ਸਫਲਤਾ ਪਿੱਛੇ ਉਸਦੀ ਕੀਤੀ ਮਿਹਨਤ ਅਤੇ ਅਸਫਲਤਾਵਾਂ ਦਾ ਅੰਦਾਜ਼ਾ ਹੀ ਨਹੀਂ ਹੁੰਦਾ। ਹਕੀਕਤ ਇਹ ਹੈ ਕਿ ਜਿਸਨੇ ਜਨਮ ਲਿਆ ਹੈ, ਉਸਨੂੰ ਜ਼ਿੰਦਗੀ ਦੇ ਹਰ ਤਰ੍ਹਾਂ ਦੇ ਉਤਰਾਅ ਚੜ੍ਹਾ ਵੇਖਣੇ ਹੀ ਪੈਂਦੇ ਹਨ। ਗੁਰੂ, ਪੀਰ, ਪੈਗੰਬਰ, ਸਾਰਿਆਂ ਨੂੰ ਦੁਨੀਆ ਨੇ ਰੱਜਕੇ ਭੈੜਾ ਬੋਲਿਆ। ਉਨ੍ਹਾਂ ਨੂੰ ਵੀ ਸਮਾਜ ਵਿੱਚ ਰਹਿੰਦਿਆਂ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਕੁਦਰਤ ਹਰ ਕਿਸੇ ਦੇ ਕਰਮਾਂ (ਕਾਰਗੁਜ਼ਾਰੀ) ਦਾ ਹਿਸਾਬ ਕਿਤਾਬ ਕਰਦੀ ਹੈ। ਜੇਕਰ ਜ਼ਿੰਦਗੀ ਵਿੱਚ ਸੁਖ ਹੀ ਹੋਣ ਤਾਂ ਸਾਡੇ ਆਸਪਾਸ ਵਾਲੇ ਲੋਕਾਂ ਦੀ ਪਰਖ ਅਸੀਂ ਨਹੀਂ ਕਰ ਸਕਦੇ। ਬੁਰਾ ਵਕਤ ਆਉਂਦਾ ਹੈ ਤਾਂ ਜਿੱਥੇ ਕੁਦਰਤ ਸਾਡਾ ਇਮਤਿਹਾਨ ਲੈਂਦੀ ਹੈ, ਉੱਥੇ ਸਾਡੇ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਵੀ ਇਮਤਿਹਾਨ ਹੀ ਹੁੰਦਾ ਹੈ। ਜਦੋਂ ਵੀ ਔਖਾ ਵਕਤ ਆਵੇ ਤਾਂ ਉਸਨੂੰ ਇਸ ਤਰ੍ਹਾਂ ਲਵੋ ਕਿ ਮੇਰੇ ਲਈ ਕੁਦਰਤ ਨੇ ਕੁਝ ਹੋਰ ਚੰਗਾ ਕਰਨਾ ਹੈ ਜਾਂ ਸੋਚਿਆ ਹੈ। ਜਦੋਂ ਅਸੀਂ ਢੇਰੀ ਢਾਹੁਣ ਲੱਗ ਪੈਂਦੇ ਹਾਂ ਤਾਂ ਔਖਾ ਸਮਾਂ ਹੋਰ ਔਖਾ ਲੱਗਣ ਲੱਗ ਜਾਂਦਾ ਹੈ। ਚਲਦੇ ਰਹਿਣਾ ਹੀ ਜ਼ਿੰਦਗੀ ਹੈ।

ਬਹੁਤ ਵਾਰ ਜ਼ਿੰਦਗੀ ਅਜਿਹੇ ਮੋੜ 'ਤੇ ਲਿਜਾ ਖੜ੍ਹਾ ਕਰਦੀ ਹੈ ਕਿ ਕੁਝ ਸਮੇਂ ਲਈ ਕੁਝ ਵੀ ਨਹੀਂ ਸੁੱਝਦਾ। ਪਰ ਹੌਲੀ ਹੌਲੀ ਰਸਤੇ ਨਿਕਲਣ ਲੱਗ ਪੈਂਦੇ ਹਨ। ਸਿਆਣੇ ਕਹਿੰਦੇ ਹਨ, ਜੇਕਰ ਇੱਕ ਰਸਤਾ ਬੰਦ ਹੁੰਦਾ ਹੈ ਤਾਂ ਹੋਰ ਰਸਤੇ ਆਪਣੇ-ਆਪ ਖੁੱਲ੍ਹ ਜਾਂਦੇ ਹਨ। ਘਬਰਾਹਟ ਵਿੱਚ ਜਾਂ ਦੁਖੀ ਹੋਕੇ ਮਸਲੇ ਨੂੰ ਅਸੀਂ ਹੋਰ ਉਲਝਾ ਲੈਂਦੇ ਹਾਂ। ਬਹੁਤ ਵਾਰ ਚੁੱਪ ਰਹਿਣਾ ਵਧੇਰੇ ਬਿਹਤਰ ਹੁੰਦਾ ਹੈ। ਮੂਰਖਾਂ ਨਾਲ ਮੱਥਾ ਲਾਉਣ ਤੋਂ ਬਿਹਤਰ ਹੈ, ਪਾਸਾ ਵੱਟ ਲਵੋ।

ਬਹੁਤ ਵਾਰ ਕਿਸੇ ਦੀ ਸਫਲਤਾ ਜਾਂ ਲੋਕਾਂ ਵਿੱਚ ਵਧੇਰੇ ਹਰਮਨ ਪਿਆਰਾ ਹੋਣਾ ਵੀ ਦੂਸਰਿਆਂ ਨੂੰ ਬਰਦਾਸ਼ਤ ਨਹੀਂ ਹੁੰਦਾ। ਇਹ ਵਧੇਰੇ ਕਰਕੇ ਸਾਡੇ ਆਪਣੇ ਨਜ਼ਦੀਕੀ ਹੁੰਦੇ ਹਨ। ਜਦੋਂ ਆਪਣੇ ਵਾਰ ਵਾਰ ਤੁਹਾਨੂੰ ਹੇਠਾਂ ਸੁੱਟਣ ਜਾਂ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜ਼ਿੰਦਗੀ ਦਾ ਇਮਤਿਹਾਨ ਹੀ ਹੁੰਦਾ ਹੈ ਕਿ ਅਸੀਂ ਉਸਤੋਂ ਕਿਸ ਤਰ੍ਹਾਂ ਦਾ ਸਬਕ ਲੈਂਦੇ ਹਾਂ ਜਾਂ ਕਿਵੇਂ ਦੀ ਪ੍ਰਤੀਕਿਰਿਆ ਦਿੰਦੇ ਹਾਂ। ਦੂਸਰੇ ਪਾਸੇ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਕਿੰਨਾ ਕੁ ਸਾਡਾ ਹੈ ਅਤੇ ਅੱਗੇ ਤੋਂ ਕਿਵੇਂ ਰਹਿਣਾ ਹੈ।

ਜ਼ਿੰਦਗੀ ਵਿੱਚ ਕਦੇ ਵੀ ਕਿਸੇ ਦਾ ਸਮਾਂ ਇੱਕੋ ਜਿਹਾ ਨਹੀਂ ਰਹਿੰਦਾ। ਪੈਸਾ ਅਤੇ ਵਕਤ ਹਮੇਸ਼ਾ ਚਲਦੇ ਰਹਿੰਦੇ ਹਨ। ਜਦੋਂ ਕੁਦਰਤ ਨੇ ਹੰਕਾਰ ਦੇ ਵੱਸ ਪਾ ਦਿੱਤਾ ਤਾਂ ਸਮਝ ਜਾਉ, ਜ਼ਿੰਦਗੀ ਵਿੱਚ ਹਿਲਜੁਲ ਹੋਣ ਵਾਲੀ ਹੈ। ਜੇਕਰ ਬੁਰਾ ਵਕਤ ਹੈ ਤਾਂ ਹਿੰਮਤ ਰੱਖਣੀ ਬਹੁਤ ਜ਼ਰੂਰੀ ਹੈ ਅਤੇ ਜੇਕਰ ਚੰਗਾ ਵਕਤ ਹੈ ਤਾਂ ਹੰਕਾਰ ਤੋਂ ਬਚਣਾ ਚਾਹੀਦਾ ਹੈ। ਜਦੋਂ ਸਾਨੂੰ ਸਾਡੇ ਆਪਣੇ ਦਰਦ ਦਿੰਦੇ ਹਨ ਅਸਲ ਵਿੱਚ ਕੁਦਰਤ ਸਾਨੂੰ ਪਿਆਰ ਦੇ ਜਾਲ ਵਿੱਚੋਂ ਬਾਹਰ ਕੱਢ ਰਹੀ ਹੁੰਦੀ ਹੈ। ਜ਼ਿੰਦਗੀ ਵਿੱਚ ਜੋ ਵੀ ਹੁੰਦਾ ਹੈ, ਉਸ ਤੋਂ ਸਾਨੂੰ ਕੋਈ ਨਾ ਕੋਈ ਸਬਕ ਜ਼ਰੂਰ ਮਿਲਦਾ ਹੈ। ਜੋ ਕੁਝ ਵੀ ਵਾਪਰਦਾ ਹੈ, ਉਸਤੋਂ ਬਾਅਦ ਨਤੀਜਾ ਹਮੇਸ਼ਾ ਸਾਹਮਣੇ ਆਉਂਦਾ ਹੈ। ਜ਼ਿੰਦਗੀ ਵਾਰ ਵਾਰ ਇਮਤਿਹਾਨ ਲੈਂਦੀ ਹੈ ਅਤੇ ਸਾਡੇ ਲਈ ਪਹਿਲਾਂ ਤੋਂ ਕੁਝ ਨਾ ਕੁਝ ਬਿਹਤਰ ਕਰਦੀ ਹੈ। ਇਹ ਕੌੜਾ ਸੱਚ ਹੈ ਕਿ ਔਖਾ ਵਕਤ ਕੱਟਣਾ ਬਹੁਤ ਔਖਾ ਹੁੰਦਾ ਹੈ ਪਰ ਹਿੰਮਤ, ਹੌਸਲੇ ਅਤੇ ਹਠ ਅੱਗੇ ਕੁਝ ਵੀ ਅਸੰਭਵ ਨਹੀਂ ਹੁੰਦਾ।





ਲਿਖਤ
ਮੈਡਮ ਰਜਨੀ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ

# ਤਿੰਨ ਮਗਰਮੱਛ


ਬਾਲ ਕਹਾਣੀ



ਕਾਫ਼ੀ ਪੁਰਾਣੀ ਗੱਲ ਹੈ। ਇੱਕ ਪਿੰਡ ਦੇ ਬਾਹਰ ਇੱਕ ਨਦੀ ਸੀ। ਨਦੀ ਦੇ ਨਜ਼ਦੀਕ ਇੱਕ ਜੰਗਲ ਸੀ। ਉਸ ਜੰਗਲ ਦੇ ਜੀਵ - ਜੰਤੂ ਉਸ ਨਦੀ 'ਤੇ ਪਾਣੀ ਪੀਣ ਅਕਸਰ ਆਉਂਦੇ ਸਨ। ਨਦੀ ਵਿੱਚ ਤਿੰਨ ਮਗਰਮੱਛ ਮੇਘੂ , ਭੋਲੂ ਤੇ ਬਾਂਸੀ ਰਹਿੰਦੇ ਸਨ। ਤਿੰਨੋਂ ਮਗਰਮੱਛ ਆਪਸ ਵਿੱਚ ਪਿਆਰ ਨਾਲ ਰਹਿੰਦੇ ਸਨ। ਉਹ ਨਦੀ 'ਤੇ ਪਾਣੀ ਪੀਣ ਆਉਣ ਵਾਲੇ ਕਿਸੇ ਵੀ ਜੰਗਲੀ ਜਾਨਵਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਸੀ। ਸਮਾਂ ਬੀਤਦਾ ਗਿਆ। ਇੱਕ ਦਿਨ ਦੂਰੋਂ ਇੱਕ ਹੋਰ ਮਗਰਮੱਛ ਉਸ ਨਦੀ ਵਿੱਚ ਰਹਿਣ ਲਈ ਆ ਗਿਆ। ਇਸ ਮਗਰਮੱਛ ਦਾ ਨਾਂ ਮੋਤੀ ਸੀ। ਮੋਤੀ ਬਹੁਤ ਚਲਾਕ ਸੀ। ਜੰਗਲ ਦੇ ਜਾਨਵਰ ਜਦੋਂ ਨਦੀ 'ਤੇ ਪਾਣੀ ਪੀਣ ਲਈ ਆਉਂਦੇ ਤਾਂ ਮੋਤੀ ਉਨ੍ਹਾਂ 'ਤੇ ਹਮਲਾ ਕਰ ਦਿੰਦਾ ਸੀ। ਉਹ ਜਾਨਵਰਾਂ ਨੂੰ ਮਾਰ ਕੇ ਖਾ ਲੈਂਦਾ। ਜੰਗਲ ਦੇ ਜੀਵ - ਜੰਤੂਆਂ ਨੂੰ ਵੀ ਮੋਤੀ ਮਗਰਮੱਛ ਤੋਂ ਡਰ ਲੱਗਦਾ ਰਹਿੰਦਾ। ਉਹ ਹੁਣ ਪਹਿਲਾਂ ਵਾਂਗ ਆਰਾਮ ਨਾਲ ਨਦੀ ਦਾ ਪਾਣੀ ਨਹੀਂ ਪੀ ਸਕਦੇ ਸਨ। ਪਤਾ ਨਹੀਂ ਹੁੰਦਾ ਕਿੱਧਰੋਂ ਮੋਤੀ ਮਗਰਮੱਛ ਅਚਾਨਕ ਉਨ੍ਹਾਂ 'ਤੇ ਹਮਲਾ ਕਰ ਦੇਵੇ ਤੇ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ। ਮੇਘੂ , ਭੋਲੂ ਤੇ ਬਾਂਸੀ ਮਗਰਮੱਛਾਂ ਨੂੰ ਵੀ ਮੋਤੀ ਮਗਰਮੱਛ ਦਾ ਅਜਿਹਾ ਵਿਹਾਰ ਪਸੰਦ ਨਹੀਂ ਸੀ। ਉਹ ਖ਼ੂਨ - ਖ਼ਰਾਬੇ ਤੋਂ ਅਕਸਰ ਦੂਰ ਰਹਿੰਦੇ। ਉਨ੍ਹਾਂ ਨੇ ਕਈ ਵਾਰ ਮੋਤੀ ਨੂੰ ਅਜਿਹਾ ਨਾ ਕਰਨ ਬਾਰੇ ਸਮਝਾਇਆ। ਪਰ ਮੋਤੀ ਆਪਣੀਆਂ ਗ਼ਲਤ ਆਦਤਾਂ ਤੋਂ ਬਾਜ਼ ਨਹੀਂ ਸੀ ਆਉਂਦਾ। ਇੱਕ ਦਿਨ ਉਸ ਨਦੀ ਦੇ ਕਿਨਾਰੇ ਇੱਕ ਚਰਵਾਹਾ ਆਪਣੀਆਂ ਬੱਕਰੀਆਂ ਨੂੰ ਚਰਾ ਰਿਹਾ ਸੀ। ਥੋੜ੍ਹੀ ਦੇਰ ਬਾਅਦ ਬੱਕਰੀਆਂ ਪਾਣੀ ਪੀਣ ਲਈ ਇੱਕ ਨਦੀ ਕੋਲ ਗਈਆ। ਅਚਾਨਕ ਹੀ ਮੋਤੀ ਮਗਰਮੱਛ ਨੇ ਬੱਕਰੀਆਂ 'ਤੇ ਹਮਲਾ ਕਰ ਦਿੱਤਾ। ਉਸਦੇ ਹਮਲੇ ਨਾਲ ਇੱਕ ਬੱਕਰੀ ਮਾਰੀ ਗਈ। ਮੋਤੀ ਉਸ ਨੂੰ ਘਸੀਟ ਕੇ ਨਦੀ ਵਿੱਚ ਖਾਣ ਲਈ ਲੈ ਗਿਆ। ਮੋਤੀ ਦੀਆਂ ਹਰਕਤਾਂ ਤੋਂ ਦਿਨ ਪ੍ਰਤੀ ਦਿਨ ਚਰਵਾਹੇ ਦੀ ਪ੍ਰੇਸ਼ਾਨੀ ਵੱਧ ਰਹੀ ਸੀ। ਉਸ ਨੇ ਮੋਤੀ ਮਗਰਮੱਛ ਤੋਂ ਆਪਣੀਆਂ ਬੱਕਰੀਆਂ ਨੂੰ ਬਚਾਉਣ ਲਈ ਇੱਕ ਯੋਜਨਾ ਬਣਾਈ। ਚਰਵਾਹੇ ਨੇ ਨਦੀ ਕਿਨਾਰੇ ਜਾਲ ਲਗਾ ਦਿੱਤਾ। ਅਚਾਨਕ ਇੱਕ ਦਿਨ ਭੋਲੂ ਮਗਰਮੱਛ ਜਿਵੇਂ ਹੀ ਨਦੀ ਕਿਨਾਰੇ ਧੁੱਪ ਸੇਕਣ ਲਈ ਬਾਹਰ ਨਿਕਲਿਆ , ਉਹ ਚਰਵਾਹੇ ਦੇ ਜਾਲ ਵਿੱਚ ਫਸ ਗਿਆ। ਉਸ ਦੀ ਚੀਕ - ਪੁਕਾਰ ਸੁਣ ਕੇ ਚਰਵਾਹਾ ਭੱਜਿਆ ਹੋਇਆ ਨਦੀ ਵੱਲ ਆ ਗਿਆ। ਚਰਵਾਹੇ ਨੇ ਉਸ ਨੂੰ ਮੋਤੀ ਮਗਰਮੱਛ ਸਮਝ ਕੇ ਲੋਹੇ ਦੇ ਮਜ਼ਬੂਤ ਪਿੰਜਰੇ ਵਿੱਚ ਬੰਦ ਕਰ ਦਿੱਤਾ। ਹੁਣ ਮੇਘੂ ਤੇ ਬਾਂਸੀ ਮਗਰਮੱਛ ਵੀ ਉਦਾਸ ਰਹਿਣ ਲੱਗ ਪਏ ; ਕਿਉਂਕਿ ਮੋਤੀ ਦੀਆਂ ਗਲਤ ਆਦਤਾਂ ਕਰਕੇ ਉਨ੍ਹਾਂ ਦਾ ਬੇਕਸੂਰ ਸਾਥੀ ਉਹਨਾਂ ਤੋਂ ਦੂਰ ਪਿੰਜਰੇ ਵਿੱਚ ਕੈਦ ਸੀ। ਪਰ ਮੋਤੀ ਆਪਣੀਆਂ ਸ਼ਰਾਰਤਾਂ ਤੋਂ ਬਾਜ ਨਾ ਆਇਆ। ਉਸ ਨੇ ਜੰਗਲੀ ਜਾਨਵਰਾਂ 'ਤੇ ਹਮਲੇ ਕਰਨੇ ਤੇ ਉਹਨਾਂ ਨੂੰ ਮਾਰਨਾ ਬੰਦ ਨਹੀਂ ਕੀਤਾ। ਇੱਕ ਦਿਨ ਉਸਨੇ ਨਦੀ 'ਤੇ ਪਾਣੀ ਪੀ ਰਹੀਆਂ ਚਰਵਾਹੇ ਦੀਆਂ ਫਿਰ ਬੱਕਰੀਆਂ 'ਤੇ ਹਮਲਾ ਕਰ ਦਿੱਤਾ। ਚਰਵਾਹੇ ਦੇ ਸਾਹਮਣੇ ਹੀ ਉਸ ਨੇ ਇੱਕ ਬੱਕਰੀ ਨੂੰ ਮਾਰ ਕੇ ਖਾ ਲਿਆ। ਹੁਣ ਚਰਵਾਹਾ ਸਮਝ ਗਿਆ ਕਿ ਸ਼ਰਾਰਤੀ ਮਗਰਮੱਛ ਤਾਂ ਅਜੇ ਵੀ ਨਦੀ ਦੇ ਵਿੱਚ ਹੀ ਹੈ ਤੇ ਪਿੰਜਰੇ ਵਿੱਚ ਕੈਦ ਮਗਰਮੱਛ ਤਾਂ ਕੋਈ ਹੋਰ ਹੈ। ਉਸ ਨੇ ਇੱਕ ਦਿਨ ਬੜੀ ਸਮਝਦਾਰੀ ਨਾਲ ਜਾਲ਼ ਲਗਾ ਕੇ ਮੋਤੀ ਮਗਰਮੱਛ ਨੂੰ ਫੜ ਲਿਆ ਤੇ ਪਿੰਜਰੇ ਵਿੱਚ ਕੈਦ ਕਰਕੇ ਬਹੁਤ ਦੂਰ ਇੱਕ ਪਹਾੜੀ ਦੇ ਉਸ ਪਾਰ ਜੰਗਲ ਵਿੱਚ ਪਹੁੰਚਾ ਦਿੱਤਾ। ਚਰਵਾਹੇ ਨੇ ਭੋਲੂ ਮਗਰਮੱਛ ਨੂੰ ਆਜ਼ਾਦ ਕਰ ਦਿੱਤਾ। ਤਿੰਨੇ ਮਗਰਮੱਛ ਮੇਘੂ , ਭੋਲੂ ਤੇ ਬਾਂਸੀ ਬਹੁਤ ਖੁਸ਼ ਸਨ। ਉਹ ਪਹਿਲਾਂ ਵਾਂਗ ਆਪਸੀ ਪਿਆਰ ਤੇ ਸ਼ਾਂਤੀ ਨਾਲ ਨਦੀ ਵਿੱਚ ਰਹਿਣ ਲੱਗ ਪਏ। ਜੰਗਲ ਦੇ ਜੀਵ - ਜੰਤੂ ਵੀ ਹੁਣ ਖੁਸ਼ ਸਨ।

ਸਿੱਖਿਆ :- ਪਿਆਰੇ ਬੱਚਿਓ ! ਇਸ ਕਹਾਣੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਾਰਿਆਂ ਨਾਲ ਪ੍ਰੇਮ - ਪੂਰਵਕ ਰਹਿਣਾ ਚਾਹੀਦਾ ਹੈ। ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਬੁਰੇ ਕੰਮ ਦਾ ਹਮੇਸ਼ਾ ਬੁਰਾ ਨਤੀਜਾ ਹੁੰਦਾ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ




# ਕਿਉਂ ਬਣਦੀ ਹੈ ਉਡਦੇ ਜਹਾਜ਼ ਦੇ ਪਿੱਛੇ ਧੂੰਏਂ ਦੀ ਲਾਈਨ?



ਸ਼ਮਸ਼ੇਰ ਸਿੰਘ ਸੋਹੀ

ਪਿਆਰੇ ਬੱਚਿਓ, ਤੁਸੀਂ ਆਕਾਸ਼ ਵਿਚ ਉਡਦੇ ਜਹਾਜ਼ ਨੂੰ ਜ਼ਰੂਰ ਦੇਖਿਆ ਹੋਵੇਗਾ ਤੇ ਉਸ ਦੇ ਪਿੱਛੇ ਚਿੱਟੇ ਧੂੰਏਂ ਦੀ ਲਾਈਨ ਵੀ ਜ਼ਰੂਰੀ ਦੇਖੀ ਹੋਵੇਗੀ। ਬਹੁਤ ਸਾਰੇ ਲੋਕ ਇਸ ਨੂੰ ਦੇਖ ਕੇ ਇਹ ਕਹਿੰਦੇ ਹਨ ਕਿ ਇਹ ਜਹਾਜ਼ 'ਚੋਂ ਨਿਕਲਿਆ ਧੂੰਆਂ ਹੈ ਪਰ ਅਜਿਹਾ ਨਹੀਂ ਹੁੰਦਾ। ਆਓ, ਜਾਣੀਏ ਇਹ ਚਿੱਟੀ ਧੂੰਏਂ ਵਾਲੀ ਲਾਈਨ ਅਸਲ ਵਿਚ ਕੀ ਹੁੰਦੀ ਹੈ? ਇਹ ਜਹਾਜ਼ ਪਿੱਛੇ ਚਿੱਟੀ ਲਾਈਨ ਬਣਨੀ, ਜਹਾਜ਼ ਦੀ ਉਚਾਈ 'ਤੇ ਨਿਰਭਰ ਕਰਦੀ ਹੈ। ਜਿਸ ਉਚਾਈ 'ਤੇ ਜਹਾਜ਼ ਉੱਡਦਾ ਹੈ, ਉਸ ਉਚਾਈ 'ਤੇ ਹਵਾ ਬਹੁਤ ਹੀ ਠੰਢੀ ਤੇ ਪਤਲੀ ਹੁੰਦੀ ਹੈ। ਜਹਾਜ਼ ਵਿਚ ਲੱਗੇ ਇੰਜਣ ਵਿਚ ਸਥਿਤ ਬਾਲਣ ਜਦੋਂ ਬਲਦੇ ਹਨ ਤਾਂ ਇਨ੍ਹਾਂ ਵਿਚੋਂ ਹਾਈਡ੍ਰੋਜਨ ਨਿਕਲਦੀ ਹੈ। ਇਹ ਹਾਈਡ੍ਰੋਜਨ ਹਵਾ'ਚ ਮੌਜੂਦਾ ਆਕਸੀਜਨ ਨਾਲ ਮਿਲ ਕੇ ਪਾਣੀ ਦੇ ਵਾਸ਼ਪ ਕਣਾਂ ਵਿਚ ਬਦਲ ਜਾਂਦੀ ਹੈ ਤੇ ਸਾਨੂੰ ਧਰਤੀ ਤੋਂ ਉੱਪਰ ਦੇਖਿਆਂ ਜਹਾਜ਼ ਪਿੱਛੇ ਚਿੱਟੀ ਲਾਈਨ (ਬੱਦਲ ਵਾਂਗ) ਨਜ਼ਰ ਆਉਂਦੀ ਹੈ। ਜਹਾਜ਼ ਵਿਚੋਂ ਤੇਜ਼ੀ ਨਾਲ ਨਿਕਲਦੀਆਂ ਗਰਮ ਗੈਸਾਂ ਜਹਾਜ਼ ਨੂੰ ਅੱਗੇ ਧਮਕਣ ਵਿਚ ਮਦਦ ਕਰਦੀਆਂ ਹਨ। ਅਕਸਰ ਹੀ ਅਸੀਂ ਦੇਖਦੇ ਹਾਂ ਕਿ ਕਈ ਵਾਰ ਤਾਂ ਇਹ ਚਿੱਟੀ ਲਾਈਨ ਜਲਦੀ ਮਿਟ ਜਾਂਦ ਹੈ ਤੇ ਕਦੇ ਜ਼ਿਆਦਾ ਸਮਾਂ ਰਹਿੰਦੀ ਹੈ। ਗਰਮੀਆਂ ਦੇ ਮੌਸਮ ਵਿਚ ਵਾਸ਼ਪ ਕਣ ਜਲਦੀ ਮਿਟ ਜਾਂਦੇ ਹਨ ਤੇ ਸਰਦੀ ਤੇ ਨਮੀ ਵਾਲੇ ਮੌਸਮ ਵਿਚ ਇਹ ਹੌਲੀ-ਹੌਲੀ ਬਿਖਰਦੇ ਹਨ। ਇਹ ਪ੍ਰਕਿਰਿਆ ਇਸੇ ਤਰ੍ਹਾਂ ਹੈ ਜਿਵੇਂ ਅਸੀਂ ਸਰਦੀਆਂ ਵਿਚ ਮੂੰਹ ਵਿਚੋਂ ਹਵਾ ਬਾਹਰ ਕੱਢਦੇ ਹਾਂ ਤਾਂ ਸਾਨੂੰ ਧੂੰਏਂ ਵਾਂਗ ਕੁਝ ਨਜ਼ਰ ਆਉਂਦਾ ਹੈ। ਇਹ ਲਾਈਨ ਜਹਾਜ਼ ਤੋਂ ਥੋੜ੍ਹੀ ਹਟ ਕੇ ਬਣਦੀ ਹੈ ਕਿਉਂਕਿ ਜਹਾਜ਼ 'ਚੋਂ ਨਿਕਲਣ ਵਾਲੀਆਂ ਉੱਚ ਤਾਪਮਾਨ ਵਾਲੀਆਂ ਗੈਸਾਂ ਹਵਾ ਵਿਚ ਪਹੁੰਚਣ 'ਤੇ ਹਾਈਡ੍ਰੋਜਨ ਤੇ ਆਕਸੀਜਨ ਦੇ ਮੇਲ ਨਾਲ ਬਣੇ ਵਾਸ਼ਪ ਕਣਾਂ ਨੂੰ ਤਰਲ 'ਚ ਬਦਲਣ ਲਈ ਕੁਝ ਸਮਾਂ ਲਗਦਾ ਹੈ। ਇਨ੍ਹਾਂ ਚਿੱਟੀਆਂ ਲਾਈਨਾਂ ਤੋਂ ਅਸੀਂ ਮੌਸਮ ਦਾ ਵੀ ਅੰਦਾਜ਼ਾ ਲਗਾ ਸਕਦੇ ਹਾਂ। ਜਦੋਂ ਜਹਾਜ਼ ਵਿਚ ਕੁਝ ਰੰਗ ਪੈਦਾ ਕਰਨ ਵਾਲੇ ਰਸਾਇਣ ਮਿਲਾ ਦਿੱਤੇ ਜਾਂਦੇ ਹਨ ਤਾਂ ਇਹ ਲਾਈਨਾਂ ਰੰਗਦਾਰ ਦਿਖਾਈ ਦਿੰਦੀਆਂ ਹਨ। ਛੱਬੀ ਜਨਵਰੀ ਤੇ ਆਜ਼ਾਦੀ ਵਾਲੇ ਦਿਨ ਅਸੀਂ ਅਜਿਹੇ ਜਹਾਜ਼ ਆਕਾਸ਼ ਵਿਚ ਉਡਦੇ ਟੀ.ਵੀ. 'ਤੇ ਦੇਖਦੇ ਹਾਂ, ਜੋ ਕੇਸਰੀ, ਚਿੱਟਾ ਤੇ ਹਰੇ ਰੰਗ ਦੀਆਂ ਧਾਰੀਆਂ ਪੈਦਾ ਕਰਦੇ ਹਨ।

ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?



# ਆਮ ਨਾਗਰਿਕ 'ਤੇ ਥੋਕ ਮਹਿੰਗਾਈ ਦੀ ਮਾਰ

ਲਿਖਤ : ਡਾ. ਰਾਜੀਵ ਖੋਸ਼ਾ
ਸੰਪਰਕ: 79860-36776



ਅਕਸਰ ਅਸੀਂ ਦੇਸ਼-ਵਿਦੇਸ਼ ਦੀਆਂ ਖ਼ਬਰਾਂ ਪੜ੍ਹ-ਸੁਣ ਲੈਂਦੇ ਹਾਂ ਪਰ ਉਨ੍ਹਾਂ ਪਿੱਛੇ ਲੁਕੀ ਗੰਭੀਰਤਾ ਨੂੰ ਸਮਝੇ ਬਿਨਾਂ ਹੀ ਅੱਗੇ ਲੰਘ ਜਾਂਦੇ ਹਾਂ। ਖ਼ਾਸ ਤੌਰ 'ਤੇ ਅਰਥਵਿਵਸਥਾ ਅਤੇ ਵਿੱਤੀ ਖੇਤਰ ਨਾਲ ਸਬੰਧਿਤ ਖ਼ਬਰਾਂ ਇਸ ਲਾਪਰਵਾਹੀ ਦਾ ਸਭ ਤੋਂ ਵੱਡਾ ਸ਼ਿਕਾਰ ਬਣਦੀਆਂ ਹਨ ਕਿਉਂਕਿ ਆਮ ਲੋਕ ਇਨ੍ਹਾਂ ਅੰਕੜਿਆਂ ਨੂੰ ਗੁੰਝਲਦਾਰ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਇਸੇ ਲੜੀ ਵਿੱਚ ਲੰਘੀ 15 ਮਈ ਨੂੰ ਭਾਰਤ ਦੇ ਥੋਕ ਮੁੱਲ ਸੂਚਕ ਅੰਕ ਨਾਲ ਜੁੜੀ ਇੱਕ ਅਹਿਮ ਖ਼ਬਰ ਸਾਹਮਣੇ ਆਈ, ਪਰ ਇਸ ਖ਼ਬਰ 'ਤੇ ਜਿੰਨੀ ਤਿੱਖੀ ਪ੍ਰਤੀਕਿਰਿਆ ਮਿਲਣੀ ਚਾਹੀਦੀ ਸੀ, ਓਨੀ ਨਹੀਂ ਮਿਲੀ। ਭਾਰਤ ਦੀ ਥੋਕ ਮਹਿੰਗਾਈ ਵਿੱਚ ਅਪਰੈਲ ਮਹੀਨੇ ਦੌਰਾਨ ਆਇਆ 8.30 ਫ਼ੀਸਦੀ ਦਾ ਉਛਾਲ ਮਾਰਚ ਦੀ 3.88 ਫ਼ੀਸਦੀ ਦੀ ਦਰ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਹੈ। ਥੋਕ ਮਹਿੰਗਾਈ ਦਾ ਇਹ ਸੇਕ ਹਰ ਖੇਤਰ ਵਿੱਚ ਮਹਿਸੂਸ ਕੀਤਾ ਗਿਆ ਹੈ। ਵੱਖ-ਵੱਖ ਖੇਤਰਾਂ ਦੇ ਅੰਕੜੇ ਇਸ ਚਿੰਤਾ ਨੂੰ ਹੋਰ ਡੂੰਘਾ ਕਰਦੇ ਹਨ।

ਈਂਧਣ ਅਤੇ ਬਿਜਲੀ ਖੇਤਰ (ਜਿਸ ਵਿੱਚ ਫੈਕਟਰੀਆਂ, ਆਵਾਜਾਈ ਵਿੱਚ ਵਰਤੇ ਜਾਣ ਵਾਲੇ ਤੇਲ ਅਤੇ ਕੁਦਰਤੀ ਗੈਸ ਦੀਆਂ ਥੋਕ ਕੀਮਤਾਂ ਸ਼ਾਮਿਲ ਹਨ) ਨੇ ਸਭ ਤੋਂ ਵੱਡੀ ਛਾਲ ਮਾਰੀ ਹੈ; ਇੱਥੇ ਮਹਿੰਗਾਈ ਦਰ ਮਾਰਚ ਦੇ 1.05 ਫ਼ੀਸਦੀ ਤੋਂ ਵਧ ਕੇ ਅਪਰੈਲ ਵਿੱਚ 24.71 ਫ਼ੀਸਦੀ ਤੱਕ ਜਾ ਪਹੁੰਚੀ। ਮੁੱਢਲੀਆਂ ਵਸਤੂਆਂ (ਉਦਯੋਗਾਂ ਵਿੱਚ ਵਰਤੇ ਜਾਣ ਵਾਲੇ ਕੱਚੇ ਮਾਲ ਜਿਵੇਂ ਕਪਾਹ, ਧਾਤਾਂ ਅਤੇ ਗ਼ੈਰ-ਖੁਰਾਕੀ ਵਸਤੂਆਂ) ਦੀ ਮਹਿੰਗਾਈ ਦਰ 6.36 ਫ਼ੀਸਦੀ ਤੋਂ ਵਧ ਕੇ 9.17 ਫ਼ੀਸਦੀ ਹੋ ਗਈ ਹੈ। ਨਿਰਮਿਤ ਉਤਪਾਦ ਜਿਵੇਂ ਲੋਹਾ, ਸਟੀਲ, ਕੱਪੜਾ ਅਤੇ ਹੋਰ ਉਦਯੋਗਿਕ ਸਾਮਾਨ ਦੇ ਖੇਤਰ ਵਿੱਚ ਮਹਿੰਗਾਈ ਦਰ 3.39 ਫ਼ੀਸਦੀ ਤੋਂ ਵਧ ਕੇ 4.62 ਫ਼ੀਸਦੀ ਦਰਜ ਕੀਤੀ ਗਈ। ਖਾਣ-ਪੀਣ ਦੀਆਂ ਚੀਜ਼ਾਂ ਜਿਵੇਂ ਮੰਡੀਆਂ ਵਿੱਚ ਅਨਾਜ, ਦਾਲਾਂ ਜਾਂ ਹੋਰ ਖਾਣ-ਪੀਣ ਵਾਲੀਆਂ ਥੋਕ ਵਸਤੂਆਂ ਦੀ ਮਹਿੰਗਾਈ ਦਰ ਵੀ ਮਾਰਚ ਦੇ 1.85 ਫ਼ੀਸਦੀ ਦੇ ਮੁਕਾਬਲੇ ਅਪਰੈਲ ਵਿੱਚ ਵਧ ਕੇ 2.31 ਫ਼ੀਸਦੀ 'ਤੇ ਪਹੁੰਚ ਗਈ ਹੈ। ਇਹ ਅੰਕੜੇ ਸਾਫ਼ ਇਸ਼ਾਰਾ ਕਰਦੇ ਹਨ ਕਿ ਅਰਥਵਿਵਸਥਾ ਦੇ ਹਰ ਪੱਧਰ 'ਤੇ ਹੁਣ ਮਹਿੰਗਾਈ ਨੇ ਪੈਰ ਪਸਾਰ ਲਏ ਹਨ।

ਜਦੋਂ ਅਸੀਂ ਥੋਕ ਮਹਿੰਗਾਈ ਅਤੇ ਪ੍ਰਚੂਨ ਮਹਿੰਗਾਈ ਦੇ ਪਿਛਲੇ ਛੇ ਮਹੀਨਿਆਂ (ਸਾਰਣੀ 1) ਦੇ ਅੰਕੜਿਆਂ ਦੀ ਤੁਲਨਾ ਕਰਦੇ ਹਾਂ ਤਾਂ ਇਹ ਸਾਫ਼ ਹੁੰਦਾ ਹੈ ਕਿ ਥੋਕ ਬਾਜ਼ਾਰ ਵਿੱਚ ਆਈ ਤੇਜ਼ੀ ਦਾ ਅਸਰ ਪ੍ਰਚੂਨ ਬਾਜ਼ਾਰ ਉੱਪਰ ਕੁਝ ਸਮੇਂ ਬਾਅਦ ਦਿਖਾਈ ਦਿੰਦਾ ਹੈ। ਇਸ ਦਾ ਮੁੱਖ ਕਾਰਨ 'ਸਪਲਾਈ ਚੇਨ' ਅਤੇ ਥੋਕ ਵਿਕਰੇਤਾਵਾਂ ਰਾਹੀਂ ਵਸਤੂਆਂ ਦਾ ਆਮ ਦੁਕਾਨਾਂ ਤੱਕ ਪਹੁੰਚਣ ਵਿੱਚ ਲੱਗਣ ਵਾਲਾ ਸਮਾਂ ਹੈ। ਨਵੰਬਰ 2025 ਵਿੱਚ ਜਿੱਥੇ ਥੋਕ ਮਹਿੰਗਾਈ ਮਨਫ਼ੀ (–) 0.32 ਫ਼ੀਸਦੀ ਅਤੇ ਪ੍ਰਚੂਨ ਮਹਿੰਗਾਈ 0.71 ਫ਼ੀਸਦੀ ਸੀ, ਉੱਥੇ ਅਪਰੈਲ 2026 ਤੱਕ ਥੋਕ ਮਹਿੰਗਾਈ ਦੇ ਵਧ ਕੇ 8.30 ਫ਼ੀਸਦੀ ਹੋਣ ਦੇ ਨਾਲ-ਨਾਲ ਪ੍ਰਚੂਨ ਮਹਿੰਗਾਈ ਵੀ ਕਦਮ-ਦਰ-ਕਦਮ ਲਗਾਤਾਰ ਵਧਦੀ ਹੋਈ 3.48 ਫ਼ੀਸਦੀ 'ਤੇ ਪਹੁੰਚ ਗਈ ਹੈ। ਇਹ ਸਾਬਿਤ ਕਰਦਾ ਹੈ ਕਿ ਥੋਕ ਬਾਜ਼ਾਰ ਦਾ ਉਛਾਲ ਸਿੱਧਾ ਪ੍ਰਚੂਨ ਬਾਜ਼ਾਰ ਦੇ ਵਿਹਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮਹਿੰਗਾਈ ਦੇ ਮੌਜੂਦਾ ਦਬਾਅ ਪਿੱਛੇ ਦੇਸ਼ ਅੰਦਰਲੀਆਂ ਸੰਰਚਨਾਤਮਕ ਕਮਜ਼ੋਰੀਆਂ ਵੀ ਵੱਡੀ ਭੂਮਿਕਾ ਨਿਭਾਅ ਰਹੀਆਂ ਹਨ। ਆਵਾਜਾਈ, ਭੰਡਾਰਨ ਅਤੇ ਸਪਲਾਈ ਨਾਲ ਜੁੜੀਆਂ ਖ਼ਾਮੀਆਂ ਵਸਤੂਆਂ ਦੀਆਂ ਕੀਮਤਾਂ ਨੂੰ ਹੋਰ ਹਵਾ ਦਿੰਦੀਆਂ ਹਨ। ਇਸ ਦੇ ਚਲਦਿਆਂ ਹੁਣ ਆਉਣ ਵਾਲੇ ਸਮੇਂ ਵਿੱਚ ਪ੍ਰਚੂਨ ਮਹਿੰਗਾਈ ਦਾ 3.48 ਫ਼ੀਸਦੀ ਦਾ ਅੰਕੜਾ ਵੀ ਤੇਜ਼ੀ ਨਾਲ ਉੱਪਰ ਵੱਲ ਵਧੇਗਾ।

ਥੋਕ ਮਹਿੰਗਾਈ ਵਿੱਚ ਵਾਧਾ ਮਹਿਜ਼ ਇੱਕ ਅੰਕੜਾ ਨਹੀਂ ਸਗੋਂ ਇੱਕ ਅਜਿਹਾ ਵਿੱਤੀ ਚੱਕਰਵਿਊਹ ਹੈ, ਜੋ ਸਾਡੇ ਦੇਸ਼ ਦੇ ਬਜਟ, ਕੌਮਾਂਤਰੀ ਭੂ-ਸਿਆਸਤ ਅਤੇ ਆਮ ਨਾਗਰਿਕ ਦੀ ਰਸੋਈ ਨਾਲ ਸਿੱਧਾ ਜੁੜਿਆ ਹੋਇਆ ਹੈ। ਸਰਕਾਰ ਨੇ ਮੌਜੂਦਾ ਵਿੱਤੀ ਸਾਲ ਦਾ ਬਜਟ ਪੇਸ਼ ਕਰਦੇ ਸਮੇਂ ਕੱਚੇ ਤੇਲ ਦੀਆਂ ਕੀਮਤਾਂ, ਖ਼ੁਰਾਕੀ ਸਬਸਿਡੀਆਂ (ਰਿਆਇਤਾਂ) ਅਤੇ ਵਿੱਤੀ ਘਾਟੇ ਬਾਰੇ ਕੁਝ ਸਥਿਰ ਅਨੁਮਾਨ ਲਗਾਏ ਸਨ। ਵਿੱਤੀ ਸਾਲ 2026-27 ਲਈ ਵਿੱਤੀ ਘਾਟੇ ਦਾ ਟੀਚਾ ਕੁੱਲ ਘਰੇਲੂ ਉਤਪਾਦ ਦਾ 4.3 ਫ਼ੀਸਦੀ ਰਹਿਣ ਦਾ ਅਨੁਮਾਨ ਸੀ, ਜੋ ਕਿ ਵਿੱਤੀ ਸਾਲ 2025-26 ਨਾਲੋਂ ਮਾਮੂਲੀ (0.1 ਫ਼ੀਸਦੀ) ਘੱਟ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 75 ਤੋਂ 80 ਡਾਲਰ ਪ੍ਰਤੀ ਬੈਰਲ ਦੇ ਦਾਇਰੇ ਵਿੱਚ ਰਹਿਣ ਦਾ ਅਨੁਮਾਨ ਲਗਾਇਆ ਗਿਆ ਸੀ। ਦੇਸ਼ ਦੇ ਗ਼ਰੀਬ ਅਤੇ ਲੋੜਵੰਦ ਵਰਗ ਨੂੰ ਸਸਤਾ ਅਨਾਜ ਮੁਹੱਈਆ ਕਰਵਾਉਣ ਲਈ ਸਰਕਾਰ ਨੇ ਖ਼ੁਰਾਕੀ ਰਿਆਇਤ ਵਜੋਂ 2.27 ਲੱਖ ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਸੀ।

ਵਿੱਤੀ ਸਾਲ ਦੇ ਮਹਿਜ਼ ਡੇਢ ਮਹੀਨੇ ਵਿੱਚ ਹੀ ਪੱਛਮੀ ਏਸ਼ੀਆ ਦੇ ਤਣਾਅ ਕਾਰਨ ਕੱਚਾ ਤੇਲ 100 ਤੋਂ 105 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ, ਜਿਸ ਨਾਲ ਥੋਕ ਮਹਿੰਗਾਈ ਨੂੰ ਹੋਰ ਬਲ ਮਿਲ ਰਿਹਾ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਸਰਕਾਰ ਦੇ ਰਿਆਇਤੀ ਖ਼ਰਚਿਆਂ ਅਤੇ ਦਰਾਮਦ ਬਿੱਲ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸੇ ਕਾਰਨ ਅਰਥਸ਼ਾਸਤਰੀ ਹੁਣ ਦੇਸ਼ ਦੇ 'ਚਾਲੂ ਖਾਤੇ ਦੇ ਘਾਟੇ' ਦੇ ਵਧਣ, ਰੁਪਏ 'ਤੇ ਦਬਾਅ ਵਧਣ ਅਤੇ ਵਿਦੇਸ਼ੀ ਮੁਦਰਾ ਭੰਡਾਰ ਉੱਤੇ ਖ਼ਤਰਾ ਮੰਡਰਾਉਣ ਦੇ ਗੰਭੀਰ ਅਨੁਮਾਨ ਲਾਉਣ ਲੱਗ ਪਏ ਹਨ। ਇਸ ਸਥਿਤੀ ਵਿੱਚ 4.3 ਫ਼ੀਸਦੀ ਦੇ ਵਿੱਤੀ ਘਾਟੇ ਦੇ ਟੀਚੇ ਨੂੰ ਬਰਕਰਾਰ ਰੱਖਣਾ ਸਰਕਾਰ ਲਈ ਇੱਕ ਵੱਡੀ ਚੁਣੌਤੀ ਹੈ, ਭਾਵੇਂ ਕਿ ਕੇਂਦਰੀ ਬੈਂਕ ਕੋਲ ਹਾਲੇ ਵੀ ਲੋੜੀਂਦਾ ਵਿਦੇਸ਼ੀ ਮੁਦਰਾ ਭੰਡਾਰ ਮੌਜੂਦ ਹੈ। ਜ਼ਿਕਰਯੋਗ ਹੈ ਕਿ ਵਿੱਤੀ ਘਾਟੇ ਨੂੰ ਕਾਬੂ ਹੇਠ ਰੱਖਣਾ ਸਰਕਾਰ ਦੇ ਆਰਥਿਕ ਪ੍ਰਬੰਧਨ ਦੀ ਸਾਖ ਲਈ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਇਸੇ ਭਰੋਸੇ ਸਦਕਾ ਵਿਦੇਸ਼ੀ ਨਿਵੇਸ਼ਕ ਦੇਸ਼ ਵਿੱਚ ਪੂੰਜੀ ਲਗਾਉਂਦੇ ਹਨ। ਇਸੇ ਵਿੱਤੀ ਦਬਾਅ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਅਤੇ ਉਦਯੋਗ ਜਗਤ ਨੂੰ ਊਰਜਾ ਦੀ ਬੱਚਤ ਕਰਨ, ਬਦਲਵੇਂ ਸਰੋਤ ਅਪਣਾਉਣ ਅਤੇ ਫ਼ਜ਼ੂਲ ਖ਼ਰਚੇ ਘਟਾਉਣ ਦੀ ਵਿਸ਼ੇਸ਼ ਅਪੀਲ ਕੀਤੀ ਹੈ ਤਾਂ ਜੋ ਦੇਸ਼ ਦੀ ਆਰਥਿਕ ਸਥਿਰਤਾ ਬਣੀ ਰਹੇ।

ਸਰਕਾਰ ਭਲੀਭਾਂਤ ਜਾਣਦੀ ਹੈ ਕਿ ਇਸ ਮਹਿੰਗਾਈ ਦਾ ਪ੍ਰਭਾਵ ਹੁਣ ਸਿਰਫ਼ ਤੇਲ ਤੱਕ ਸੀਮਤ ਨਹੀਂ ਰਹੇਗਾ, ਸਗੋਂ ਖੇਤੀਬਾੜੀ, ਉਦਯੋਗ, ਆਵਾਜਾਈ ਅਤੇ ਹੋਰ ਖੇਤਰ ਵੀ ਇਸ ਦੀ ਲਪੇਟ ਵਿੱਚ ਆਉਣਗੇ। ਮੱਧ ਪੂਰਬ ਤੋਂ ਤਰਲ ਕੁਦਰਤੀ ਗੈਸ ਦੀ ਸਪਲਾਈ ਪ੍ਰਭਾਵਿਤ ਹੋਣ ਕਰਕੇ ਦੇਸ਼ ਅੰਦਰ ਯੂਰੀਆ ਦਾ ਉਤਪਾਦਨ ਦਬਾਅ ਹੇਠ ਹੈ, ਜਿਸ ਕਾਰਨ ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਹਾ ਜਾ ਰਿਹਾ ਹੈ। ਇਸ ਦੇ ਨਾਲ ਹੀ 'ਐਲ ਨੀਨੋ' ਤੇ ਘੱਟ ਮੌਨਸੂਨ ਦੀ ਭਵਿੱਖਬਾਣੀ ਕਾਰਨ ਸਾਉਣੀ ਦੀਆਂ ਫ਼ਸਲਾਂ ਉੱਤੇ ਚਿੰਤਾ ਦੇ ਬੱਦਲ ਮੰਡਰਾ ਰਹੇ ਹਨ। ਦੂਜੇ ਪਾਸੇ ਇੰਡੋਨੇਸ਼ੀਆ, ਮਲੇਸ਼ੀਆ ਅਤੇ ਥਾਈਲੈਂਡ ਵਰਗੇ ਦੇਸ਼ਾਂ ਵੱਲੋਂ ਪਾਮ ਤੇਲ ਦੀ ਵਰਤੋਂ ਆਪਣੇ ਹੀ ਦੇਸ਼ਾਂ ਵਿੱਚ 'ਬਾਇਓ-ਡੀਜ਼ਲ' ਲਈ ਕਰਨ ਕਾਰਨ ਭਾਰਤ ਵੱਲ ਇਸ ਦੀ ਬਰਾਮਦ ਘਟੀ ਹੈ, ਜਿਸ ਨਾਲ ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਹੋਰ ਵਧਣ ਦਾ ਖ਼ਦਸ਼ਾ ਹੈ।

ਊਰਜਾ ਖੇਤਰ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਤਿੰਨ ਰੁਪਏ ਤੋਂ ਵੱਧ ਦਾ ਹਾਲੀਆ ਵਾਧਾ ਮਹਿਜ਼ ਇੱਕ ਸ਼ੁਰੂਆਤ ਹੈ ਕਿਉਂਕਿ ਸਰਕਾਰੀ ਤੇਲ ਕੰਪਨੀਆਂ ਨੂੰ ਅਜੇ ਵੀ ਡੀਜ਼ਲ 'ਤੇ 104 ਰੁਪਏ ਅਤੇ ਪੈਟਰੋਲ 'ਤੇ 24 ਰੁਪਏ ਪ੍ਰਤੀ ਲਿਟਰ ਦਾ ਘਾਟਾ (ਅੰਡਰ-ਰਿਕਵਰੀ) ਪੈ ਰਿਹਾ ਹੈ। ਤੇਲ ਦੀ ਮਹਿੰਗਾਈ ਕਾਰਨ ਢੋਆ-ਢੁਆਈ ਅਤੇ ਪੈਕਿੰਗ ਲਾਗਤਾਂ ਵਧ ਰਹੀਆਂ ਹਨ। ਪਲਾਸਟਿਕ ਅਤੇ ਹੋਰ ਪੈਕਿੰਗ ਸਮੱਗਰੀ ਮਹਿੰਗੀ ਹੋਣ ਕਾਰਨ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਬਣਾਉਣ ਵਾਲੀਆਂ ਕੰਪਨੀਆਂ ਆਪਣੇ ਉਤਪਾਦਾਂ ਦੀਆਂ ਕੀਮਤਾਂ ਲਗਾਤਾਰ ਵਧਾ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਦੁੱਧ, ਪਨੀਰ, ਮੱਖਣ, ਘਿਓ, ਸਬਜ਼ੀਆਂ, ਫਲ, ਸ਼ਿੰਗਾਰ ਸਮੱਗਰੀ ਅਤੇ ਹੋਰ ਰੋਜ਼ਾਨਾ ਵਰਤੋਂ ਦੇ ਜ਼ਰੂਰੀ ਸਾਮਾਨ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਰਹੀਆਂ ਹਨ। ਇੱਥੋਂ ਤੱਕ ਕਿ ਹਵਾਈ ਸੇਵਾ ਖੇਤਰ ਵਿੱਚ ਵੀ ਤੇਲ ਦੀ ਬੱਚਤ ਲਈ ਦੇਸ਼ ਦੀਆਂ ਮੁੱਖ ਹਵਾਈ ਕੰਪਨੀਆਂ ਨੂੰ ਆਪਣੀਆਂ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਵਿੱਚ ਕਟੌਤੀ ਕਰਨੀ ਪਈ ਹੈ।

ਇਸ ਵਿਆਪਕ ਮਹਿੰਗਾਈ ਨਾਲ ਹੁਣ ਭਾਰਤੀ ਰਿਜ਼ਰਵ ਬੈਂਕ ਅਤੇ ਕੇਂਦਰ ਸਰਕਾਰ ਦੋਵੇਂ ਆਪੋ-ਆਪਣੇ ਪੱਧਰ 'ਤੇ ਕਠੋਰ ਕਦਮ ਚੁੱਕ ਕੇ ਨਜਿੱਠਣਗੇ। ਭਾਰਤੀ ਰਿਜ਼ਰਵ ਬੈਂਕ ਮਹਿੰਗਾਈ ਨੂੰ ਕਾਬੂ ਕਰਨ ਅਤੇ ਰੁਪਏ ਦੀ ਗਿਰਾਵਟ ਨੂੰ ਰੋਕਣ ਖ਼ਾਤਰ ਆਉਣ ਵਾਲੇ ਸਮੇਂ ਵਿੱਚ ਵਿਆਜ ਦਰਾਂ ਵਿੱਚ ਵਾਧਾ ਕਰ ਸਕਦਾ ਹੈ। ਵਿਆਜ ਦਰਾਂ ਵਧਣ ਨਾਲ ਘਰ, ਕਾਰ, ਸਿੱਖਿਆ ਅਤੇ ਹੋਰ ਕਰਜ਼ਿਆਂ ਦੀਆਂ ਮਾਸਿਕ ਕਿਸ਼ਤਾਂ ਮਹਿੰਗੀਆਂ ਹੋ ਜਾਣਗੀਆਂ, ਜਿਸ ਨਾਲ ਆਮ ਲੋਕਾਂ ਦੀ ਖ਼ਰੀਦ ਸ਼ਕਤੀ ਘਟੇਗੀ। ਇਸ ਦੇ ਨਾਲ ਹੀ ਕਰਜ਼ਾ ਮਹਿੰਗਾ ਹੋਣ ਕਾਰਨ ਉਦਯੋਗਿਕ ਨਿਵੇਸ਼ ਅਤੇ ਨਵੇਂ ਪ੍ਰੋਜੈਕਟਾਂ ਦੀ ਰਫ਼ਤਾਰ ਵੀ ਸੁਸਤ ਪਵੇਗੀ। ਵੱਡੀਆਂ ਕੰਪਨੀਆਂ, ਉਦਯੋਗ ਘਰਾਣੇ ਅਤੇ ਇੱਥੋਂ ਤੱਕ ਕਿ ਸੂਬਾ ਸਰਕਾਰਾਂ ਵੀ ਨਵੇਂ ਕਰਜ਼ੇ ਲੈਣ ਤੋਂ ਝਿਜਕਣਗੀਆਂ, ਜਿਸ ਦਾ ਸਿੱਧਾ ਅਸਰ ਰੁਜ਼ਗਾਰ ਦੇ ਨਵੇਂ ਮੌਕਿਆਂ ਉੱਤੇ ਪਵੇਗਾ। ਜੇਕਰ ਨਿਵੇਸ਼ ਅਤੇ ਖ਼ਪਤ ਦੋਵੇਂ ਇੱਕੋ ਸਮੇਂ ਕਮਜ਼ੋਰ ਪੈਂਦੇ ਹਨ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿੱਚ ਵੀ ਗਿਰਾਵਟ ਆ ਸਕਦੀ ਹੈ।

ਦੂਜੇ ਪਾਸੇ ਕੇਂਦਰ ਸਰਕਾਰ ਵਿਦੇਸ਼ੀ ਮੁਦਰਾ ਭੰਡਾਰ ਨੂੰ ਮਜ਼ਬੂਤ ਕਰਨ ਅਤੇ ਰੁਪਏ ਦੀ ਗਿਰਾਵਟ ਨੂੰ ਰੋਕਣ ਲਈ ਵੱਖ-ਵੱਖ ਨੀਤੀਗਤ ਕਦਮਾਂ ਵੱਲ ਵਧੇਗੀ। ਸੋਨੇ-ਚਾਂਦੀ ਦੇ ਆਯਾਤ (ਦਰਾਮਦ) 'ਤੇ ਸਖ਼ਤੀ ਤੋਂ ਬਾਅਦ ਹੁਣ ਸਰਕਾਰ ਵਿਦੇਸ਼ੀ ਖ਼ਰਚਿਆਂ ਅਤੇ ਪੂੰਜੀ ਦੇ ਬਾਹਰ ਜਾਣ 'ਤੇ ਨਿਗਰਾਨੀ ਹੋਰ ਸਖ਼ਤ ਕਰੇਗੀ। ਇਸ ਦੇ ਨਾਲ ਹੀ ਵਿਵਾਦਾਂ ਵਿੱਚ ਫਸੇ ਵੱਡੇ ਪ੍ਰੋਜੈਕਟਾਂ ਨੂੰ ਤੁਰੰਤ ਮਨਜ਼ੂਰੀ ਦੇਣ ਅਤੇ ਵਿਦੇਸ਼ੀ ਨਿਵੇਸ਼ਕਾਂ ਲਈ ਵਿਆਜ ਦਰਾਂ ਨੂੰ ਹੋਰ ਆਕਰਸ਼ਕ ਬਣਾਉਣ ਦੇ ਉਪਾਅ ਵੀ ਕੀਤੇ ਜਾਣਗੇ ਤਾਂ ਜੋ ਵਿਦੇਸ਼ੀ ਮੁਦਰਾ ਦਾ ਪ੍ਰਵਾਹ ਵਧੇ ਅਤੇ ਰੁਪਏ ਉੱਤੇ ਬਣਿਆ ਦਬਾਅ ਘਟ ਸਕੇ।

ਇਸ ਸਭ ਦੇ ਬਾਵਜੂਦ ਇਨ੍ਹਾਂ ਆਰਜ਼ੀ ਕਦਮਾਂ ਦਾ ਸਭ ਤੋਂ ਵੱਡਾ ਬੋਝ ਆਮ ਨਾਗਰਿਕ ਨੂੰ ਹੀ ਚੁੱਕਣਾ ਪੈਂਦਾ ਹੈ। ਵਧਦੀਆਂ ਕੀਮਤਾਂ, ਮਹਿੰਗੀਆਂ ਕਿਸ਼ਤਾਂ ਅਤੇ ਘਟਦੇ ਰੁਜ਼ਗਾਰ ਆਮ ਪਰਿਵਾਰਾਂ ਦਾ ਲੱਕ ਤੋੜ ਦਿੰਦੇ ਹਨ। ਦਰਅਸਲ, ਸਮੇਂ ਦੀ ਲੋੜ ਇਹ ਹੈ ਕਿ ਸਰਕਾਰ ਊਰਜਾ ਦੇ ਬਦਲਵੇਂ ਸਰੋਤਾਂ, ਖਾਣ ਵਾਲੇ ਤੇਲ ਤੇ ਖਾਦਾਂ ਦੇ ਖੇਤਰ ਵਿੱਚ 'ਆਤਮ-ਨਿਰਭਰਤਾ' ਅਤੇ ਸਪਲਾਈ ਲੜੀ ਨੂੰ ਮਜ਼ਬੂਤ ਕਰਨ ਲਈ ਲੰਮੇ ਸਮੇਂ ਦੀਆਂ ਠੋਸ ਨੀਤੀਆਂ ਬਣਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਕੌਮਾਂਤਰੀ ਸੰਕਟ ਦਾ ਸਿੱਧਾ ਝਟਕਾ ਆਮ ਲੋਕਾਂ ਦੀ ਰਸੋਈ ਤੱਕ ਨਾ ਪਹੁੰਚੇ।



# ਨਾਰੀ ਸੰਸਾਰ



## ਮੇਰੀਓ ਆਧੁਨਿਕ ਸਹੇਲੀਓ ਖ਼ਬਰਦਾਰ !

ਬੱਚੇ ਦਾ ਮਨ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ। ਬਚਪਨ 'ਚ ਉਸ 'ਤੇ ਜੋ ਲਿਖਿਆ ਜਾਂਦਾ ਹੈ, ਸਾਰੀ ਉਮਰ ਉਸ ਦਾ ਅਸਰ ਉਸ ਦੇ ਜੀਵਨ 'ਤੇ ਪ੍ਰਭਾਵ ਪਾਉਂਦਾ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਕਈ ਮਾਵਾਂ ਇਸ ਦਾ ਗ਼ਲਤ ਮਤਲਬ ਲੈ ਲੈਂਦੀਆਂ ਹਨ। ਕਈ ਵਾਰ ਮਾਵਾਂ ਅਣਜਾਣੇ ਜਾਂ ਲਾਡ-ਲਾਡ ਵਿਚ ਛੋਟੀਆਂ-ਛੋਟੀਆਂ ਬੱਚੀਆਂ ਦੇ ਸੁਰਖੀ, ਬਿੰਦੀ ਤੇ ਗਲ੍ਹਾਂ ਲਾਲ ਕਰ ਦਿੰਦੀਆਂ ਹਨ, ਜੋ ਸਹੀ ਨਹੀਂ ਹੈ। ਕਈ ਮਾਵਾਂ ਛੋਟੀਆਂ-ਛੋਟੀਆਂ ਬੱਚੀਆਂ ਦੀਆਂ ਫੋਟੋਆਂ ਇੰਟਰਨੈੱਟ 'ਤੇ ਪਾ ਦਿੱਤੀਆਂ ਹਨ, ਜਿਸ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕਰਦੀਆਂ ਹਨ, ਜਿਵੇਂ ਉਹ ਔਰਤਾਂ ਹੋਣ ਤੇ ਕਈ ਵਾਰ ਔਰਤਾਂ ਵਾਲੇ ਗੀਤ ਤੇ ਡਾਂਸ ਉਨ੍ਹਾਂ 'ਤੇ ਫ਼ਿਲਮਾਅ ਦਿੰਦੀਆਂ ਹਨ। ਇਹ ਗ਼ਲਤ ਹੈ। ਅਸੀਂ ਬਚਪਨ ਵਿਚ ਛੋਟੀਆਂ-ਛੋਟੀਆਂ ਪਿਆਰੀਆਂ-ਪਿਆਰੀਆਂ ਬੱਚੀਆਂ ਨੂੰ ਔਰਤ ਦੇ ਰੂਪ ਵਿਚ ਪੇਸ਼ ਕਰ ਦਿੰਦੇ ਹਾਂ। ਬੱਚੀਆਂ ਨੂੰ ਬੱਚੇ ਦੇ ਰੂਪ ਵਿਚ ਹੀ ਜਿਊਣ ਦਿਓ। ਬੱਚੇ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ ਵਾਲੇ ਗੀਤ ਗਾਉਣ ਦਿਓ।

ਜੇਕਰ ਅਸੀਂ ਮਾਵਾਂ ਬੱਚੀਆਂ ਨੂੰ ਔਰਤ ਦੇ ਰੂਪ ਵਿਚ ਪੇਸ਼ ਕਰਦੀਆਂ ਰਹੀਆਂ ਤਾਂ ਇਸ ਦਾ ਬੱਚੀਆਂ ਦੇ ਜੀਵਨ 'ਤੇ ਬਹੁਤ ਗ਼ਲਤ ਪ੍ਰਭਾਵ ਪਵੇਗਾ ਤੇ ਪੈ ਰਿਹਾ ਹੈ। ਇਸ ਨਾਲ ਬੱਚੀ ਦੀ ਮਾਸੂਮੀਅਤ ਤੇ ਬਚਪਨ ਉਸ ਤੋਂ ਖੁੱਸ ਰਹੇ ਹਨ। ਉਸ ਦੀ ਸੋਚ ਤੇ ਸ਼ਖ਼ਸੀਅਤ ਦੀ ਉਸਾਰੀ ਵਿਚ ਵੀ ਰੁਕਾਵਟ ਪੈਦਾ ਹੁੰਦੀ ਹੈ। ਬੱਚੀਆਂ ਦੀ ਪੜ੍ਹਾਈ ਤੇ ਖੇਡ 'ਤੇ ਵੀ ਪ੍ਰਭਾਵ ਪੈ ਸਕਦਾ।

ਔਰਤਾਂ ਨੂੰ ਚਾਹੀਦਾ ਹੈ ਕਿ ਆਪਣੀਆਂ ਛੋਟੀਆਂ-ਛੋਟੀਆਂ ਬੱਚੀਆਂ ਨੂੰ ਚੰਗੇ ਸਸਕਾਰ ਦੇਣ। ਉਨ੍ਹਾਂ ਨੂੰ ਬਾਲ ਕਹਾਣੀਆਂ ਵਰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਖਾਰਨ ਵਿਚ ਮਾਵਾਂ ਨੂੰ ਵਿਸ਼ੇਸ਼ ਯੋਗਦਾਨ ਪਾਉਣਾ ਚਾਹੀਦਾ ਹੈ। ਬੱਚੀਆਂ ਨੂੰ ਖੇਡਣ ਦੀ ਸਲਾਹ ਦੇਣੀ ਚਾਹੀਦੀ। ਔਰਤਾਂ ਨੂੰ ਚਾਹੀਦਾ ਸਕੂਲਾਂ ਵਿਚ ਵੀ ਬੱਚੀਆਂ ਨੂੰ ਖੇਡਣ ਲਈ ਅਗਵਾਈ ਕਰਨ। ਵੱਡੇ-ਵੱਡੇ ਸ਼ਹਿਰਾਂ ਵਿਚ ਬੱਚੀਆਂ ਨੂੰ ਕਰਾਟੇ ਵੀ ਸਿਖਾਏ ਜਾਣ।



ਔਰਤਾਂ ਨੂੰ ਚਾਹੀਦਾ ਹੈ ਆਪਣੀਆਂ ਬੱਚੀਆਂ ਨੂੰ ਟੀ. ਵੀ. ਤੇ ਇੰਟਰਨੈੱਟ ਦੀ ਵਰਤੋਂ ਘੱਟ ਕਰਨ ਦੇਣ। ਜੇਕਰ ਬੱਚੀਆਂ ਗ਼ਲਤ ਪ੍ਰੋਗਰਾਮ ਦੇਖਣ ਵੀ ਤਾਂ ਉਨ੍ਹਾਂ ਨੂੰ ਸਮਝਾਓ ਕਿ ਇਹ ਤੁਹਾਡੇ ਲਈ ਨਹੀਂ ਹੈ। ਔਰਤਾਂ ਤੇ ਮਾਵਾਂ ਨੂੰ ਇਨ੍ਹਾਂ ਗੱਲਾਂ ਪ੍ਰਤੀ ਗੰਭੀਰ ਹੋਣ ਦੀ ਲੋੜ ਹੈ। ਅੱਜ ਛੋਟੀਆਂ-ਛੋਟੀਆਂ ਬੱਚੀਆਂ ਨਾਲ ਜੋ ਜਬਰ ਜਨਾਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਸ ਦਾ ਕਾਫੀ ਹੱਦ ਤੱਕ ਕਾਰਨ ਬੱਚੀਆਂ ਨੂੰ ਮਾਵਾਂ ਔਰਤਾਂ ਵਲੋਂ ਔਰਤ ਦੇ ਰੂਪ ਵਿਚ ਦਿਖਾਉਣਾ ਵੀ ਹੈ। ਮਾਵਾਂ ਵਲੋਂ ਕੀਤੀਆਂ ਛੋਟੀਆਂ-ਛੋਟੀਆਂ ਅਣਗਹਿਲੀਆਂ ਨਾਲ ਬੱਚੀਆਂ ਨੂੰ ਬਹੁਤ ਜ਼ੁਲਮ ਸਹਿਣਾ ਪੈਂਦਾ ਹੈ। ਗ਼ਲਤ ਕਿਸਮ ਦੇ ਲੋਕ ਆਪਣੀ ਗ਼ਲਤ ਸੋਚ ਦਾ ਇਸਤੇਮਾਲ ਛੋਟੀਆਂ-ਛੋਟੀਆਂ ਮਾਸੂਮ ਬੱਚੀਆਂ 'ਤੇ ਕਰਦੇ ਹਨ, ਜੋ ਭਿਆਨਕ ਨਤੀਜੇ ਦਿੰਦਾ ਹੈ। ਔਰਤਾਂ ਜੋ ਮਾਵਾਂ ਹਨ, ਨੂੰ ਆਪਣੀਆਂ ਬੱਚੀਆਂ ਨੂੰ ਆਪਣੀ ਰੱਖਿਆ ਲਈ ਕਰਾਟੇ ਸਿਖਾਉਣ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਅੱਜ ਮਾਵਾਂ ਨੂੰ ਆਪਣੀਆਂ ਬੱਚੀਆਂ ਨੂੰ ਚੇਤੰਨ ਕਰਨ ਦੀ ਵੀ ਬੇਹੱਦ ਜ਼ਰੂਰਤ ਹੈ।

## ਵਾਲਾਂ ਦੀ ਸਾਂਭ-ਸੰਭਾਲ ਕਿਵੇਂ ਹੋਵੇ ?

ਪਹਿਲਾਂ ਵਾਲਾਂ ਦੀ ਸਫੈਦੀ ਛੁਪਾਉਣ ਲਈ ਲੋਕ ਕਲਰ ਕਰਦੇ ਸੀ ਪਰ ਫੈਸ਼ਨ ਦੇ ਇਸ ਯੁੱਗ ਵਿਚ ਵਾਲਾਂ ਨੂੰ ਕਲਰ ਕਰਨਾ ਆਮ ਗੱਲ ਹੋ ਗਈ ਹੈ।

- ਕਲਰ ਹਮੇਸ਼ਾ ਉਹੀ ਲਓ, ਜੋ ਕੁਦਰਤੀ ਰੰਗ ਨਾਲ ਮੇਲ ਖਾਂਦਾ ਹੋਵੇ। ਜੇ ਤੁਹਾਡੀ ਚਮੜੀ ਗੋਰੀ ਹੈ ਤਾਂ ਏਸ਼ ਬਲਾਂਡ ਕਲਰ ਵਰਤੋ। ਸਾਂਵਲੀ ਚਮੜੀ ਅਤੇ ਵਾਲ ਭੂਰੇ ਹਨ ਤਾਂ ਬ੍ਰਿਗੇਂਡੀ ਕਲਰ ਅਤੇ ਵਾਲ ਕਾਲੇ ਹਨ ਤਾਂ ਕਾਪਰ ਕਲਰ ਦੀ ਵਰਤੋਂ ਕਰੋ।
- ਵਾਲਾਂ ਨੂੰ ਕਲਰ ਕਰਨ ਲਈ ਤਿੰਨ ਪਧਤੀਆਂ ਹੁੰਦੀਆਂ ਹਨ-ਪਹਿਲੀ ਅਸਥਾਈ ਪੱਧਤੀ, ਜੋ ਇਕ-ਦੋ ਦਿਨ ਤੱਕ ਚਲਦੀ ਹੈ। ਦੂਜੀ ਸੈਮੀ ਪਰਮਾਨੈਂਟ, ਜੋ 4-5 ਹਫ਼ਤੇ ਤੱਕ ਚਲਦੀ ਹੈ ਅਤੇ ਤੀਜੀ ਸਥਾਈ ਜੋ ਕਾਫੀ ਲੰਬੇ ਸਮੇਂ ਤੱਕ ਚਲਦੀ ਹੈ। ਅਸਥਾਈ ਪੱਧਤੀ ਨੂੰ ਅਪਣਾਓ ਤਾਂ ਕਿ ਪਸੰਦ ਆਉਣ 'ਤੇ ਉਸ ਨੂੰ ਸਥਾਈ ਰੂਪ ਦਿੱਤਾ ਜਾ ਸਕੇ। × ਕਲਰ ਹਮੇਸ਼ਾ ਚੰਗੀ ਕੰਪਨੀ ਦੇ ਹੀ ਖਰੀਦੋ। ਉਸ ਦੀ ਮਿਆਦ ਖ਼ਤਮ ਹੋਣ ਦੀ ਮਿਤੀ ਜ਼ਰੂਰ ਪੜ੍ਹ ਲਓ, ਨਹੀਂ ਤਾਂ ਅਲਰਜੀ ਹੋਣ ਦਾ ਖ਼ਤਰਾ ਹੋ ਸਕਦਾ ਹੈ।
- ਕਲਰ ਖਰੀਦਣ ਤੋਂ ਬਾਅਦ ਉਸ ਵਿਚ ਦਿੱਤੇ ਗਏ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਹੀ ਕਲਰ ਕਰੋ।
- ਵਾਲਾਂ ਨੂੰ ਕਲਰ ਕਰਨ ਤੋਂ ਪਹਿਲਾਂ ਉਸ ਦੀ ਅਲਰਜੀ ਟੈਸਟਿੰਗ ਜ਼ਰੂਰ ਕਰ ਲੈਣੀ ਚਾਹੀਦੀ ਹੈ। ਜੇ ਪਹਿਲੀ ਵਾਰ ਕਲਰ ਕਰ ਰਹੇ ਹੋ ਤਾਂ ਥੋੜ੍ਹਾ ਜਿਹਾ ਕਲਰ ਡਵੈਲਪਰ ਮਿਲਾ ਕੇ ਆਪਣੇ ਕੰਨ ਦੇ ਪਿੱਛੇ ਜਾਂ ਧੌਣ 'ਤੇ ਲਗਾਓ। ਜੇ ਜਲਣ ਜਾਂ ਕਿਸੇ ਵੀ ਤਰ੍ਹਾਂ ਦੀ ਅਲਰਜੀ ਮਹਿਸੂਸ ਹੋਵੇ ਤਾਂ ਤੁਰੰਤ ਠੰਢੇ ਪਾਣੀ ਨਾਲ ਧੋ ਲਓ ਅਤੇ ਕਲਰ ਦੀ ਵਰਤੋਂ ਨਾ ਕਰੋ।
- ਜੇ ਤੁਹਾਡੇ ਵਾਲ ਝੜਦੇ ਹਨ, ਉਨ੍ਹਾਂ ਵਿਚ ਸਿੱਕਰੀ ਹੈ ਜਾਂ ਕੋਈ ਜ਼ਖ਼ਮ ਹੈ ਤਾਂ ਪਹਿਲਾਂ ਕਾਸਮੈਟੋਲਾਜਿਸਟ ਨਾਲ ਸਲਾਹ ਕਰੋ ਅਤੇ ਫਿਰ ਕਲਰਿੰਗ ਕਰੋ।




- ਜੇ ਇਕ ਕਲਰ ਕਰਨ ਤੋਂ ਬਾਅਦ ਦੂਜਾ ਕਲਰ ਕਰਨਾ ਚਾਹੁੰਦੇ ਹੋ ਤਾਂ ਇਕ ਮਹੀਨੇ ਤੱਕ ਇੰਤਜ਼ਾਰ ਕਰੋ। ਛੇਤੀ-ਛੇਤੀ ਕਲਰ ਨਾ ਬਦਲੋ। ਇਸ ਨਾਲ ਵਾਲ ਰੁੱਖੇ ਅਤੇ ਬੇਜਾਨ ਹੋ ਜਾਣਗੇ।
- ਤੁਹਾਡੇ ਵਾਲ ਦੋਮੂੰਹੇਂ ਹਨ, ਬਲੀਚ ਕੀਤੇ ਹੋਏ ਹਨ ਜਾਂ ਵਾਲਾਂ ਵਿਚ ਹਿਨਾ ਕੀਤਾ ਹੋਇਆ ਹੋਵੇ ਤਾਂ ਉਨ੍ਹਾਂ ਵਾਲਾਂ ਨੂੰ ਵਧਾ ਕੇ ਨਿਕਲ ਜਾਣ ਦਿਓ। ਉਨ੍ਹਾਂ 'ਤੇ ਕਲਰ ਨਾ ਕਰੋ। ਜੇ ਕਰਨਾ ਵੀ ਚਾਹ ਰਹੇ ਹੋ ਤਾਂ ਕਿਸੇ ਚੰਗੇ ਹੇਅਰਸਟਾਈਲਿਸਟ ਦੀ ਰਾਇ ਲੈ ਕੇ ਹੀ ਕਰੋ।
- ਕਲਰਡ ਵਾਲਾਂ ਵਿਚ ਹਮੇਸ਼ਾ ਮਾਈਲਡ ਕੰਡੀਸ਼ਨਰ ਯੁਕਤ ਸ਼ੈਂਪੂ ਦੀ ਵਰਤੋਂ ਕਰੋ ਜਾਂ ਸ਼ੈਂਪੂ ਤੋਂ ਬਾਅਦ ਚੰਗੀ ਕੰਪਨੀ ਦਾ ਕੰਡੀਸ਼ਨਰ ਵਰਤੋਂ ਕਰੋ। ਸ਼ੈਂਪੂ ਵੀ ਉਹੀ ਲਗਾਓ ਜੋ ਖਾਸ ਤੌਰ 'ਤੇ ਕਲਰਡ ਵਾਲਾਂ ਲਈ ਬਣਾਇਆ ਗਿਆ ਹੋਵੇ। ਇਸ ਨਾਲ ਵਾਲਾਂ ਦੀ ਕੋਮਲਤਾ ਅਤੇ ਚਮਕ ਬਰਕਰਾਰ ਰਹਿੰਦੀ ਹੈ।
- ਜੇ ਤੁਸੀਂ ਕੋਈ ਦਵਾਈ ਖਾ ਰਹੇ ਹੋ ਤਾਂ ਵੀ ਕਲਰਿੰਗ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲੈ ਲਓ।

## ਅਜੋਕੇ ਸਮੇਂ ਸੰਸਕਾਰਾਂ ਦੀ ਅਣਹੋਂਦ ਦੀ ਭੇਟ ਚੜ੍ਹਦੇ ਜਾ ਰਹੇ ਸੰਯੁਕਤ ਪਰਿਵਾਰ

ਅਸੀਂ ਬਹੁਤ ਵਾਰ ਆਪਣੇ ਦੋਸਤਾਂ-ਮਿੱਤਰਾਂ ਜਾਂ ਕਰੀਬੀ ਰਿਸ਼ਤੇਦਾਰਾਂ ਵਿਚ ਬੈਠੇ ਬੜੇ ਚਾਅ ਅਤੇ ਮਾਣ ਨਾਲ ਆਪਣੇ ਪਰਿਵਾਰ ਦੇ ਬੀਤੇ ਸਮੇਂ ਦੀਆਂ ਹਾਸਿਆਂ ਅਤੇ ਖੇੜਿਆਂ ਦੀਆਂ ਗੱਲਾਂ ਕਰਦੇ ਹਾਂ। ਆਪਣੇ ਬਚਪਨ ਸਮੇਂ ਦੀਆਂ ਯਾਦਾਂ ਜਦੋਂ ਵੀ ਅਸੀਂ ਕਿਸੇ ਨਾਲ ਸਾਂਝੀਆਂ ਕਰਦੇ ਹਾਂ ਤਾਂ ਉਨ੍ਹਾਂ ਯਾਦਾਂ ਵਿਚ ਸਾਡੇ ਚਾਚੇ-ਚਾਚੀ, ਤਾਏ-ਤਾਈ, ਭੂਆ, ਦਾਦੇ ਅਤੇ ਦਾਦੀ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਸਾਨੂੰ ਆਪਣੇ ਬਚਪਨ ਦੀਆਂ ਇਹ ਯਾਦਾਂ ਸਾਂਝਾ ਕਰਨਾ ਬੜਾ ਸਕੂਨ ਦਿੰਦਾ ਹੈ ਪਰ ਕੀ ਅੱਜ ਦੀ ਪੀੜ੍ਹੀ ਆਉਣ ਵਾਲੇ ਸਮੇਂ ਵਿਚ ਆਪਣੇ ਦੋਸਤਾਂ-ਮਿੱਤਰਾਂ ਜਾਂ ਰਿਸ਼ਤੇਦਾਰਾਂ ਨਾਲ ਆਪਣੇ ਸੰਯੁਕਤ ਪਰਿਵਾਰਾਂ ਦੇ ਖੇੜੇ ਸਾਂਝੇ ਕਰ ਪਾਵੇਗੀ ? ਸ਼ਾਇਦ ਨਹੀਂ, ਕਿਉਂਕਿ ਅੱਜ ਸਾਡੇ ਸਮਾਜ ਵਿਚ ਸੰਯੁਕਤ ਪਰਿਵਾਰ ਵੱਡੇ ਪੱਧਰ 'ਤੇ ਅਲੋਪ ਹੁੰਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਵਿਆਪਕ ਰੂਪ ਵਿਚ ਇਕਹਿਰੇ ਪਰਿਵਾਰ ਲੈ ਰਹੇ ਹਨ। ਇਸ ਦੇ ਪ੍ਰਤੱਖ ਰੂਪ ਵਿਚ ਜਿਥੇ ਹੋਰ ਅਨੇਕਾਂ ਕਾਰਨ ਸੁਣਨ ਵਿਚ ਆਉਂਦੇ ਹਨ, ਉਥੇ ਹੀ ਅਪ੍ਰਤੱਖ ਰੂਪ ਵਿਚ ਇਸ ਦਾ ਕਾਰਨ ਅੱਜ ਦੀ ਪੀੜ੍ਹੀ ਵਿਚ ਪਾਈ ਜਾਣ ਵਾਲੀ ਮਨੁੱਖੀ ਸੰਸਕਾਰਾਂ ਦੀ ਅਣਹੋਂਦ ਹੈ। ਭਾਵੇਂ ਇਸ ਦਾ ਇਹ ਕਾਰਨ ਲੋਕਾਂ ਨੂੰ ਪ੍ਰਤੀਤ ਨਹੀਂ ਹੁੰਦਾ ਜਾਪਦਾ ਪਰ ਜੇਕਰ ਇਸ ਦਾ ਸਹੀ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪਰਿਵਾਰ ਦੇ ਬਜ਼ੁਰਗਾਂ ਪ੍ਰਤੀ ਦਿਨ-ਬ-ਦਿਨ ਘਟਦਾ ਜਾ ਰਿਹਾ ਮਾਣ-ਸਤਿਕਾਰ, ਭਰਾਵਾਂ ਵਿਚ ਘਟਦਾ ਆਪਸੀ ਪਿਆਰ ਅਤੇ ਪਰਿਵਾਰਕ ਮੈਂਬਰਾਂ ਦੀ ਜ਼ਰੂਰਤ ਤੇ ਮਹੱਤਤਾ ਦਾ ਘਟਦਾ ਅਹਿਸਾਸ ਹੀ ਸੰਯੁਕਤ ਪਰਿਵਾਰਾਂ ਵਿਚ ਪੈਣ ਵਾਲੀ ਤਰੇੜ ਦੇ ਕਾਰਨ ਹਨ। ਆਓ ਸੰਯੁਕਤ ਪਰਿਵਾਰਾਂ ਦੇ ਘੱਟ ਹੁੰਦੇ ਜਾਣ ਦੇ ਕੁਝ ਹੋਰ ਕਾਰਨਾਂ ਬਾਰੇ ਜਾਣਕਾਰੀ ਲਈਏ।

ਵਰਤਮਾਨ ਸਿੱਖਿਆ : ਵਰਤਮਾਨ ਸਿੱਖਿਆ ਨੇ ਕਈ ਤਰੀਕਿਆਂ ਨਾਲ ਸੰਯੁਕਤ ਪਰਿਵਾਰਾਂ ਦੇ ਘੱਟ ਹੋਣ ਵਿਚ ਯੋਗਦਾਨ ਪਾਇਆ ਹੈ। ਸਿੱਖਿਆ ਨਾਲ ਅੱਜਕਲ੍ਹ ਦੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਦੇ ਵਿਚਾਰ, ਆਦਤਾਂ ਤੇ ਵਿਸ਼ਵਾਸ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਅੱਜ ਦੀ ਨੌਜਵਾਨ ਪੀੜ੍ਹੀ ਦੀ ਸੋਚ ਅਤੇ ਵਿਚਾਰ ਪੁਰਾਣੇ ਸਮੇਂ ਦੇ ਲੋਕਾਂ ਤੋਂ ਬਿਲਕੁਲ ਅਲੱਗ ਹਨ। ਅੱਜ ਦੀ ਨੌਜਵਾਨ ਪੀੜ੍ਹੀ ਦੇ ਵਿਚਾਰ ਆਪਣੇ ਬਜ਼ੁਰਗ ਦਾਦਾ-ਦਾਦੀ ਦੀ ਗੱਲ ਤਾਂ ਦੂਰ, ਆਪਣੇ ਮਾਤਾ-ਪਿਤਾ ਨਾਲ ਵੀ ਕੋਈ ਮੇਲ ਨਹੀਂ ਖਾਂਦੇ। ਜ਼ਿਆਦਾਤਰ ਨੌਜਵਾਨਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਜਾਂ ਘਰ ਦੇ ਬਜ਼ੁਰਗ ਪੁਰਾਣੀ ਅਤੇ ਤੰਗ ਸੋਚ ਰੱਖਦੇ ਹਨ ਤੇ ਉਨ੍ਹਾਂ ਦੀ ਸੋਚ ਅਗਾਂਹਵਧੂ ਨਹੀਂ। ਇਸ ਤੋਂ ਇਲਾਵਾ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸੰਯੁਕਤ ਪਰਿਵਾਰ ਵਿਚ ਰਹਿਣਾ ਉਨ੍ਹਾਂ ਦੀ ਆਜ਼ਾਦੀ ਲਈ ਖਤਰਾ ਵੀ ਮਹਿਸੂਸ ਹੁੰਦਾ



ਹੈ, ਕਿਉਂਕਿ ਅੱਜ ਦੇ ਨੌਜਵਾਨ ਆਜ਼ਾਦੀ ਦੇ ਮਾਇਨੇ ਹੀ ਕੁਝ ਹੋਰ ਸਮਝਦੇ ਹਨ। ਇਸ ਤਰ੍ਹਾਂ ਸਿੱਖਿਆ ਦਾ ਇਕ ਪ੍ਰਕਾਰ ਨਾਲ ਸੰਯੁਕਤ ਪਰਿਵਾਰਾਂ ਦੀ ਹੋਂਦ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ।

ਵਰਤਮਾਨ ਸੁਖ-ਸਹੂਲਤਾਂ ਵਾਲੀ ਜ਼ਿੰਦਗੀ ਦਾ ਆਕਰਸ਼ਣ : ਆਮ ਤੌਰ 'ਤੇ ਇਹ ਦੇਖਣ ਨੂੰ ਮਿਲਦਾ ਹੈ ਕਿ ਵਰਤਮਾਨ ਸ਼ਹਿਰੀ ਜੀਵਨ ਦੀਆਂ ਸੁੱਖ-ਸਹੂਲਤਾਂ ਅਤੇ ਆਕਰਸ਼ਣ ਕਾਰਨ ਅੱਜ ਦੀ ਨੌਜਵਾਨ ਪੀੜ੍ਹੀ, ਜ਼ਿਆਦਾਤਰ ਔਰਤਾਂ ਸ਼ਹਿਰ 'ਚ ਜਾ ਕੇ ਸ਼ਹਿਰੀ ਜ਼ਿੰਦਗੀ ਜਿਊਣ ਲਈ ਸ਼ਹਿਰਾਂ ਵੱਲ ਆਕਰਸ਼ਤ ਹੁੰਦੀਆਂ ਹਨ। ਪਿੰਡਾਂ 'ਚ ਰਹਿ ਰਹੇ ਪਰਿਵਾਰਾਂ ਦੇ ਜ਼ਿਆਦਾਤਰ ਬਜ਼ੁਰਗ ਸ਼ਹਿਰੀ ਪ੍ਰਦੂਸ਼ਣ ਅਤੇ ਪਿੰਡਾਂ ਦੇ ਖਾਣ-ਪੀਣ ਦੇ ਵੱਧ ਸਾਫ਼-ਸੁਥਰੇ ਹੋਣ ਕਾਰਨ ਪਿੰਡ ਛੱਡ ਸ਼ਹਿਰ ਜਾ ਕੇ ਰਹਿਣ ਨੂੰ ਰਾਜ਼ੀ ਨਹੀਂ ਹੁੰਦੇ। ਇਸ ਤਰ੍ਹਾਂ ਪੁਰਾਣੀ ਅਤੇ ਨਵੀਂ ਪੀੜ੍ਹੀ ਦੀ ਸੋਚ ਦੇ ਅੰਤਰ ਕਾਰਨ ਵੱਧ ਤੋਂ ਵੱਧ ਪਿੰਡਾਂ 'ਚੋਂ ਸੰਯੁਕਤ ਪਰਿਵਾਰ ਘਟਦੇ ਜਾ ਰਹੇ ਹਨ ਅਤੇ ਜ਼ਿਆਦਾ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ।

ਪੱਛਮੀ ਸੱਭਿਅਤਾ ਦਾ ਪ੍ਰਭਾਵ : ਪੱਛਮੀ ਸੱਭਿਅਤਾ ਦਾ ਪ੍ਰਭਾਵ ਸਾਡੀ ਵਰਤਮਾਨ ਪੀੜ੍ਹੀ ਦੀ ਸੋਚ ਅਤੇ ਜੀਵਨ ਸ਼ੈਲੀ ਉੱਤੇ ਕਈ ਤਰ੍ਹਾਂ ਨਾਲ ਦੇਖਣ ਨੂੰ ਮਿਲਦਾ ਹੈ। ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਹੀ ਸਾਡੀ ਵਰਤਮਾਨ ਪੀੜ੍ਹੀ ਨਿੱਜਤਾ, ਸਮਾਨਤਾ ਅਤੇ ਨਿੱਜੀ ਸੁਤੰਤਰਤਾ ਨੂੰ ਵੱਧ ਪਹਿਲ ਦੇਣ ਲੱਗ ਪਈ ਹੈ। ਇਸ ਤਰ੍ਹਾਂ ਪੱਛਮੀ ਸੱਭਿਅਤਾ ਦਾ ਪ੍ਰਭਾਵ ਵੀ ਸੰਯੁਕਤ ਪਰਿਵਾਰਾਂ ਦੀ ਸੰਖਿਆ ਘਟਦੇ ਜਾਣ ਦਾ ਇਕ ਵੱਡਾ ਕਾਰਨ ਹੈ।

ਲਗਾਤਾਰ ਵਧਦੀ ਜਨਸੰਖਿਆ : ਲਗਾਤਾਰ ਵਧਦੀ ਜਨਸੰਖਿਆ ਕਾਰਨ ਖੇਤੀ ਅਤੇ ਰਿਹਾਇਸ਼ ਯੋਗ ਜ਼ਮੀਨ ਲਗਾਤਾਰ ਘਟਦੀ ਜਾ ਰਹੀ ਹੈ। ਇਕੱਲੀ ਖੇਤੀਬਾੜੀ ਹੁਣ ਇਸ 'ਤੇ ਨਿਰਭਰ ਸਾਰੇ ਪਰਿਵਾਰਕ ਮੈਂਬਰਾਂ ਦਾ ਖਰਚਾ ਨਹੀਂ ਝੱਲ ਸਕਦੀ। ਇਸ ਕਾਰਨ ਰੁਜ਼ਗਾਰ ਦੀ ਭਾਲ ਵਿਚ ਪਰਿਵਾਰਕ ਮੈਂਬਰਾਂ ਨੂੰ ਆਪਣੇ ਘਰ ਤੋਂ ਬਾਹਰ ਜਾਣਾ ਪੈ ਰਿਹਾ ਹੈ ਅਤੇ ਸ਼ਹਿਰਾਂ ਵਿਚ ਜਿਥੇ ਕਿਤੇ ਰੁਜ਼ਗਾਰ ਮਿਲਦੇ ਹਨ, ਉਥੇ ਹੀ ਅਜਿਹੇ ਲੋਕਾਂ ਨੂੰ ਆਪਣੀ ਰਿਹਾਇਸ਼ ਕਰਨੀ ਪੈਂਦੀ ਹੈ। ਇਹ ਵੀ ਸੰਯੁਕਤ ਪਰਿਵਾਰਾਂ ਦੇ ਘਟਣ ਅਤੇ ਇਕਹਿਰੇ ਪਰਿਵਾਰਾਂ ਦੇ ਹੋਂਦ ਵਿਚ ਆਉਣ ਦਾ ਇਕ ਪ੍ਰਮੁੱਖ ਕਾਰਨ ਹੈ।

ਅੱਜ ਦੇ ਆਧੁਨਿਕ ਅਤੇ ਤਕਨੀਕੀ ਯੁੱਗ ਵਿਚ ਇਨਸਾਨੀ ਕਦਰਾਂ-ਕੀਮਤਾਂ ਅਤੇ ਮਨੁੱਖੀ ਜਜ਼ਬਾਤਾਂ ਦੀ ਅਹਿਮੀਅਤ ਭਾਵੇਂ ਲਗਾਤਾਰ ਘਟਦੀ ਜਾ ਰਹੀ ਹੈ ਪਰ ਅੱਜ ਸਾਨੂੰ ਜ਼ਰੂਰਤ ਹੈ ਅੱਜ ਦੀ ਪੀੜ੍ਹੀ ਨੂੰ ਮਾਪਿਆਂ ਅਤੇ ਬਜ਼ੁਰਗਾਂ ਦੀ ਕਦਰ ਕਰਨਾ ਸਿਖਾਉਣ ਵਾਲੇ ਸੰਸਕਾਰ ਦੇਣ ਦੀ। ਅੱਜ ਦੀ ਪੀੜ੍ਹੀ ਨੂੰ ਸਮਝਣ ਦੀ ਸਖਤ ਲੋੜ ਹੈ ਕਿ ਸੰਯੁਕਤ ਪਰਿਵਾਰ ਹੀ ਹੈ ਖੇੜਿਆਂ ਦਾ ਆਧਾਰ। ਜੇਕਰ ਅਸੀਂ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਾਂਗੇ, ਤਦ ਹੀ ਬੱਚਿਆਂ ਨੂੰ ਵੀ ਆਪਣੇ ਬਜ਼ੁਰਗਾਂ ਦਾ ਸਨਮਾਨ ਕਰਨ ਦੀ ਜਾਚ ਅਤੇ ਪ੍ਰੇਰਨਾ ਮਿਲੇਗੀ।

ਅਸਲ ਵਿਚ ਸੰਸਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਸਿਖਲਾਈ ਸਿੱਖਿਆ ਦਾ ਜ਼ਰੂਰੀ ਅੰਗ ਬਣਾਉਣ ਦੀ ਬੇਹੱਦ ਲੋੜ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿਹੜੇ ਮਾਂ-ਬਾਪ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੰਦੇ ਹਨ, ਉਨ੍ਹਾਂ ਦੇ ਬੱਚੇ ਵੀ ਮਾਪਿਆਂ ਅਤੇ ਬਜ਼ੁਰਗਾਂ ਦੀ ਕਦਰ ਕਰਨ ਵਾਲੇ ਅਤੇ ਸੰਯੁਕਤ ਪਰਿਵਾਰ ਨੂੰ ਚਾਹੁਣ ਵਾਲੇ ਹੁੰਦੇ ਹਨ। ਜੇਕਰ ਸਮਾਜ ਵਿਚ ਹਰ ਵਿਅਕਤੀ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਦੀ ਮਹੱਤਤਾ ਨੂੰ ਸਮਝਣ ਲੱਗ ਜਾਵੇ ਤਾਂ ਹੀ ਇਕ ਸੁਚੱਜੇ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ।

**ਰੋਹਿਤ ਪਲਤਾ, ਮੋਬਾ: 78377-00375**




# ਕਾਵਿ-ਲਹਿਰਾਂ

## .ਗਜ਼ਲ

ਕਿਰਦਾਰਾਂ ਤੋਂ ਡਿੱਗਦੀ ਸਰਕਾਰ ਦੇਖੀ ਮੈਂ
ਰੰਗਾਂ ਵਾਲੀ ਬੇਰੰਗ ਅਖ਼ਬਾਰ ਦੇਖੀ ਮੈਂ

ਬੜੇ ਫਿੱਕੇ ਨੇ ਮੈਸੇਜ ਡਿਜੀਟਲ ਜੁੱਗ ਵਾਲੇ
ਮੋਹ ਨਾਲ ਭਿੱਜੀ ਹੋਈ ਚਿੱਠੀ ਤਾਰ ਦੇਖੀ ਮੈਂ

ਬੜੀ ਨਜ਼ਦੀਕ ਤੋਂ ਦੇਖੇ ਮੈਂ ਟੁੱਟੇ ਦਿਲ ਵਾਲੇ
ਨਿੱਕੀ ਗੱਲ ਤੋਂ ਪੈਂਦੀ ਵੱਡੀ ਦਰਾਰ ਦੇਖੀ ਮੈਂ

ਕਈ ਖਾਧੇ ਨੇ ਫੱਟ ਆਪਣਿਆਂ ਦੇ ਹੱਥੋਂ
ਗਲ ਲਾਉਣ ਵਾਲਿਆਂ ਹੱਥ ਕਟਾਰ ਦੇਖੀ ਮੈਂ

ਲੱਗਦੀ ਨਾ ਦੁਆ ਨਾ ਕੋਈ ਦਵਾ ਕੰਮ ਆਵੇ
ਕਾਫਿਰ ਹੁੰਦੀ ਕਿਸਮਤ ਦੀ ਮਾਰ ਦੇਖੀ ਮੈਂ

ਅਜ਼ਮਾਇਆ ਜੋ ਫਿਰ ਆਪਣਾ ਨਾ ਰਿਹਾ
ਕਾਤਿਲ ਹੁੰਦੀ ਅਪਣੱਤ ਕਈ ਵਾਰ ਦੇਖੀ ਮੈਂ

ਕਈ ਵੇਖੇ ਨੇ ਜ਼ਮਾਨੇ ਲਾਲਪੁਰੀ ਬਦਲਦੇ
ਵਕਤ ਨਾਲੋਂ ਤੇਜ਼ ਲੋਕਾਂ ਦੀ ਰਫ਼ਤਾਰ ਦੇਖੀ ਮੈਂ

**ਲੇਖਕ : ਰਵਿੰਦਰ ਸਿੰਘ ਲਾਲਪੁਰੀ**
**ਸੰਪਰਕ: 94634-52261**

## ਨਿੰਦ ਵਿਚਾਰਾਂ

ਭੁੱਬਲ ਅੱਗ ਦੀ ਪੱਲੇ ਫਿਰਨ ਬੰਨ੍ਹੀ,
ਪਰਖਣ ਦੂਜਿਆਂ ਦਾ ਕਿਰਦਾਰ ਨੇਤਾ।
ਆਪਣੀਆਂ ਕੱਛ 'ਚ ਬਿਗਾਨੀਆਂ ਹੱਥ 'ਚ,
ਫੜ੍ਹੀ ਫਿਰਨ ਦਿਮਾਗੋਂ ਬਿਮਾਰ ਨੇਤਾ।
ਰਾਹ ਭੁੱਲੇ ਕਰਨ ਤਰੱਕੀਆਂ ਦੇ,
ਉਲਝੇ ਆਪਸ ਵਿੱਚ ਹੰਕਾਰ ਨੇਤਾ।
ਪਏ ਪੋਤੜੇ ਫਿਰਨ ਫਰੋਲਦੇ ਹੀ,
ਖੋਲ੍ਹ ਗਾਲ੍ਹਾਂ ਦੇ ਭੰਡਾਰ ਨੇਤਾ।
ਭਰੇ ਈਰਖਾ 'ਚ ਪਏ ਆਕੜਾਂ ਦੇ,
ਜਰ ਸਕਣ ਨਾ ਜਿੱਤ ਹਾਰ ਨੇਤਾ।
ਵੇਖ ਚੜ੍ਹਾਈ ਵਿਰੋਧੀ ਆਪਣੇ ਦੀ,
ਮਿਹਣੋ ਮਿਹਣੀ ਹੋਣ ਬੇਕਾਰ ਨੇਤਾ।
ਗੱਲ ਕੰਮ ਦੀ ਨਾ ਕਰਨ 'ਭਗਤਾ',
ਫਿਰਨ ਦਿਲ 'ਚ ਪਾਲ਼ੀ ਖਾਰ ਨੇਤਾ।
ਭੋਲੀ ਪਰਜਾ ਨੂੰ ਵੀ ਲਾ ਪਿੱਛੇ,
ਲੈਂਦੇ ਮਤਲਬ ਕੱਢ ਹਜ਼ਾਰ ਨੇਤਾ।

ਬਰਾੜ-ਭਗਤਾ ਭਾਈ ਕਾ 001-604-751-1113

## ਅਰਜ਼

ਅਰਜ਼ ਕਰਾਂ ਅਰਦਸ ਇਕ , ਕਰ ਮਿਹਰ ਦਾਤਿਆ
ਖ਼ਲਕ ਵਿਲਕਦੀ ਤੇਰੀ, ਨਾ ਵਰਤਾ ਕਹਿਰ ਦਾਤਿਆ
ਅਰਜ਼ ਕਰਾਂ ਅਰਦਾਸ ਇਕ...
ਤੜਫ਼ ਰਹੀ ਹੈ ਤੇਰੀ ਰਾਇਆ, ਬਖਸ਼ ਦਿਓ ਤੰਦਰੁਸਤੀ
ਮੁੱਲ ਦਮਾਂ ਦਾ ਹੁਣ ਮੈਂ ਜਾਣਾ, ਕੋਈ ਜਦ ਚੱਲੀ ਨਾ ਚੁਸਤੀ
ਸਿਵਿਆ 'ਚ ਬਦਲ ਗਿਐ, ਪਿੰਡ-ਪਿੰਡ, ਸ਼ਹਿਰ ਦਾਤਿਆ
ਅਰਜ਼ ਕਰਾਂ ਅਰਦਾਸ ਇਕ...
ਗੋਦੀ ਦੇ ਵਿਚ ਖੇਡਣ ਵਾਲੇ, ਰਾਹ ਕਬਰਾਂ ਦੇ ਪੈ ਗਏ
ਢੇਰ ਲਾਸ਼ਾਂ ਦੇ ਨਜ਼ਰਾਂ ਸਾਹਵੇਂ, ਧੀ-ਪੁੱਤਰਾਂ ਦੇ ਰਹਿ ਗਏ
ਗੀਤ ਬਦਲਗੇ ਵੈਣਾਂ ਵਿਚ, ਰੁੱਸ ਗਈ ਬਹਿਰ ਦਾਤਿਆ
ਅਰਜ਼ ਕਰਾਂ ਅਰਦਾਸ ਇਕ...
ਤੇਰੀ ਕੁਦਰਤ ਦੇ ਅੰਸ਼ ਅਸੀਂ ਵੀ, ਕਰ ਦੇ ਮੁਆਫ਼ ਗੁਨਾਹ
ਬਖ਼ਸ਼ ਸੁਮੱਤ ਮੇਰੇ ਮਾਲਿਕਾ, ਲਿਖ ਗਾਵਾਂ ਸਿਫ਼ਤ-ਸਲਾਹ
ਹਾਸੇ ਹੋਵਣ ਖੁਸ਼ੀਆਂ ਸਭ ਥਾਂ, ਚੱਤੋ ਪਹਿਰ ਦਾਤਿਆ
ਅਰਜ਼ ਕਰਾਂ ਅਰਦਾਸ ਇਕ...
ਪੌਣ ਤੂੰ, ਪਾਣੀ ਤੂੰ, ਤੂੰ ਥਾਲੀ , ਅੱਗ ਤੂੰ , ਹੈਂ ਪਚਕਾਸ਼ ਤੂੰ
ਆਦਿ ਤੂੰ,ਅੰਤ ਤੂੰ, ਸੱਚ-ਅਨੰਤ, ਦਮ-ਦਮ ਦੀ ਆਸ ਤੂੰ
ਕਰ "ਰੇਤਗੜਚ" ਤੇ ਦਇਆ, ਰਸ ਨਾਦ ਦੀ ਲਹਿਰ ਦਾਤਿਆ
ਅਰਜ਼ ਕਰਾਂ ਅਰਦਾਸ ਇਕ...

**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹਚ", 94651-29168**

## .ਗਜ਼ਲ

ਬੁੱਲੇ ਵਾਂਗੂੰ ਗੁਜ਼ਰ ਗਿਆ
ਕੀ ਯਾਰ ਬਰੂਹਾਂ ਉੱਤੋਂ।
ਉਮਰਾਂ ਤੀਕਰ ਉਦਰੇਵਾਂ
ਨਹੀਓਂ ਜਾਣਾ ਰੂਹਾਂ ਉੱਤੋਂ।
ਪੌਣਾਂ ਦਾ ਸਾਹ ਰੁਕਿਆ
ਧਰਤੀ ਹਉਕੇ ਲੈ ਲੈ ਰੋਈ,
ਪੈੜਾਂ ਦਾ ਸਿਰਨਾਵਾਂ ਮਿਟਿਆ
ਜਦ ਸੀ ਜੂਹਾਂ ਉੱਤੋਂ।
ਪਾਣੀ ਦੀ ਵੀ ਫ਼ਿਤਰਤ
ਵੇਖੋ ਮਾਨਵ ਵਰਗੀ ਹੋਈ,
ਪਿਆਸ ਪਿਆਸੀ ਮੁੜ ਜਾਂਦੀ ਹੈ
ਹੁਣ ਤਾਂ ਖੂਹਾਂ ਉੱਤੋਂ।
ਉਸ ਘਰ ਵਿੱਚ ਵੰਗਾਂ ਦੀ
ਛਣ ਛਣ ਦੇ ਅਰਥ ਗੁਆਚਣ,
ਲਾਲਚ ਵਾਲਾ ਪਾਣੀ
ਜਿੱਥੇ ਵਾਰਨ ਨੂੰਹਾਂ ਉੱਤੋਂ।
ਸ਼ੋਖ ਅਦਾਵਾਂ ਬਾਂਕਾਪਣ ਤੇ
ਦਗਦਾ ਸੂਰਜ ਮੱਥਾ,
ਉਮਰਾਂ ਬੀਤਣ ਤੇ ਮਿਟ ਜਾਂਦਾ
ਸਭ ਕੁਝ ਮੂੰਹਾਂ ਉੱਤੋਂ।
ਮੋਨਾਲੀਜ਼ਾ ਦੀ ਜਿਉਂ ਮੂਰਤ
ਸਮਝ ਕਿਸੇ ਨਾ ਆਈ,
ਪੱਖੋ ਲਈ ਅਲਜਬਰਾ
ਬਣ ਗਈ ਤੇਰੀ ਹੂੰ ਹਾਂ ਉੱਤੋਂ।

**ਲੇਖਕ : ਜਗਤਾਰ ਪੱਖੋ**
**ਸੰਪਰਕ: 94651-96946**

## ਸਾਹਿਤ ਸਿਰਜਣਾ

ਸੁਣ ਗੱਲ ਘੜਾਮੇਂ ਵਾਲਿਆ।
ਤੂੰ ਸਦਾ ਲਿਖਣ ਨੂੰ ਕਾਹਲਿਆ।

ਨਿੱਤ ਇੱਧਰੋਂ ਉੱਧਰੋਂ ਤੱਕ ਕੇ।
ਬਹਿ ਜਾਨੈਂ ਕਲਮ ਨੂੰ ਚੱਕ ਕੇ।

ਫਿਰ ਉਰਲੀਆਂ ਪਰਲੀਆਂ ਮਾਰ ਵੇ।
ਨਿੱਤ ਕਵਿਤਾ ਦਵੇਂ ਉਚਾਰ ਵੇ।

ਪਰ ਮੁਕਰ ਸਕੇਂ ਨਾ ਗੱਲ ਤੋਂ।
ਹੈ ਸਭ ਕੁਝ ਬਾਹਰ ਵੱਲ ਤੋਂ।

ਇਹ ਖਬਰਾਂ ਨੇ ਕਵਿਤਾਵਾਂ ਨਹੀਂ।
ਕੋਈ ਅੰਦਰੋਂ ਬਣੀਆਂ ਰਾਹਵਾਂ ਨਹੀਂ।

ਬੱਸ ਤੁੱਕ-ਬੰਦੀ ਭਰਪੂਰ ਹੈ।
ਬੜਾ 'ਧੰਨ ਲਿਖਾਰੀ....' ਦੂਰ ਹੈ।

ਜੇ ਲਿਖਣਾ ਈ ਐ ਤਾਂ ਸੁਣ ਜਰਾ।
ਗੱਲ ਸਮਝ ਕੇ ਜਾਵੀਂ ਹੁਣ ਜਰਾ।

ਕਰ ਧਿਆਨ ਆਂਡੇ ਦਾ ਟੁੱਟਣਾ
ਤੇ ਸਬਰੀਂ ਅੰਦਰੋਂ ਫੁੱਟਣਾ।

ਜੇ ਟੁੱਟੇ ਆਂਡਾ ਬਾਹਰ ਤੋਂ।
ਕਿਸੇ ਦੁਰਘਟਨਾ ਜਾਂ ਮਾਰ ਤੋਂ।

ਉੱਥੇ ਹੀ ਸੱਭ ਖਲਾਸ ਹੈ।
ਤੇ ਹਸ਼ਰ ਅੰਤ ਜਾਂ ਨਾਸ਼ ਹੈ।

ਜਦ ਇਹੀਉ ਅੰਦਰੋਂ ਟੁੱਟਦਾ।
ਕੁਦਰਤ ਦੇ ਖੇੜੀਂ ਫੁੱਟਦਾ।

ਫਿਰ ਰੋਮੀਆਂ ਜੋ ਹੈ ਬਾਤ ਵੇ।
ਉਹ ਜੀਵਨ ਦੀ ਸ਼ੁਰੂਆਤ ਵੇ।

ਉਹ ਜੀਵਨ ਦੀ ਸ਼ੁਰੂਆਤ ਵੇ।

**ਲੇਖਕ : ਰੋਮੀ ਘੜਾਮੇਂ ਵਾਲਾ।**
**98552-81105**

## ਸਿੱਖ ਕੌਮ

ਤਿੰਨ ਤਿੰਨ ਮਹੀਨਿਆਂ ਦਾ ਰਾਸ਼ਨ ਲਗੱਏ ਸੀ,
ਰਾਸ਼ਨ ਦੇ ਬੋਰੇ ਓਥੇ ਪਹਿਲਾਂ ਭਰੇ ਪਏ ਸੀ;
ਪਰ! ਇਹ ਪੰਜਾਬੀ ਸਿੰਘ ਗੁਰੂ ਦੇ ਪਿਆਰੇ,
ਬਾਕੀ ਧਰਮਾਂ ਦੇ ਭੁੱਖੇ ਵੀ ਰਜਾਅ ਦਿੰਦੇ ਨੇ;
ਬਾਕੀ ਲੋਕ ਕਰਦੇ ਬਲੈਕ ਜਿਹੜੀ ਚੀਜ਼ ਦੀ,
ਸਿੱਖ ਉਹਦੇ ਲੰਗਰ ਹੀ ਲਾ ਦਿੰਦੇ ਨੇਂ....;

ਕਿਤੇ ਸੁੱਕੇ ਮੇਵਿਆਂ ਤੇ ਦੁੱਧ ਖੰਡ ਖੀਰ ਦੇ,
ਪੂਰੀਆਂ ਪਰੌਂਠਿਆ ਤੇ ਮਟਰ ਪਨੀਰ ਦੇ;
ਪੀਣ ਨੂੰ ਤਰਸਦੇ ਨੇ ਜੀਹਨੂੰ ਆਮ ਲੋਕ,
ਇਹ ਤਾਂ ਜੂਸ ਨਾਲ ਲੋਕਾਂ ਨੂੰ ਨਮਾ ਦਿੰਦੇ ਨੇਂ;
ਬਾਕੀ ਲੋਕ ਕਰਦੇ ਬਲੈਕ ਜਿਹੜੀ ਚੀਜ਼ ਦੀ,
ਸਿੱਖ ਉਹਦੇ ਲੰਗਰ ਹੀ ਲਾ ਦਿੰਦੇ ਨੇਂ....;

ਪੋਹ ਮਾਘ ਵਿੱਚ ਕਿਤੇ ਹੀਟਰ ਚਲਾਉਂਦੇ ਨੇਂ,
ਗੀਜ਼ਰਾਂ ਦੇ ਪਾਣੀ ਨਾਲ ਲੋਕਾਂ ਨੂੰ ਨਮਾਉਂਦੇ ਨੇਂ;
ਮਈ ਦੇ ਮਹੀਨੇਂ ਜਦੋਂ ਵਰ੍ਹਦੀਏ ਅੱਗ,
ਇਹ ਤਾਂ ਏਸੀ ਨਾਲ ਸ਼ਿਮਲਾ ਬਣਾ ਦਿੰਦੇ ਨੇਂ;
ਬਾਕੀ ਲੋਕ ਕਰਦੇ ਬਲੈਕ ਜਿਹੜੀ ਚੀਜ਼ ਦੀ,
ਸਿੱਖ ਉਹਦੇ ਲੰਗਰ ਹੀ ਲਾ ਦਿੰਦੇ ਨੇਂ....;

ਬੈੱਡਾਂ ਅਤੇ ਵੈਂਟੀਲੇਟਰਾਂ ਦੀ ਕੋਈ ਘਾਟ ਨਾਂ,
ਦੀਨ ਦੁਖੀਆਂ ਨੂੰ ਹੋਣ ਦਿੰਦੇ ਵੀ ਉਚਾਟ ਨਾਂ;
ਵੰਡ ਦਿੰਦੇ ਆਕਸੀਜ਼ਨ ਵੀ ਘਰ ਘਰ,
ਸਾਹਾਂ ਰੁੱਕਦੀਆਂ ਨੂੰ ਮੁੜ ਕੇ ਚਲਾ ਦਿੰਦੇ ਨੇਂ;
ਬਾਕੀ ਲੋਕ ਕਰਦੇ ਬਲੈਕ ਜਿਹੜੀ ਚੀਜ਼ ਦੀ,
ਸਿੱਖ ਉਹਦੇ ਲੰਗਰ ਹੀ ਲਾ ਦਿੰਦੇ ਨੇਂ....;

ਜੱਗ ਨੂੰ ਸੁਣਾਉਂਦੇ ਗੁਰਬਾਣੀ ਸੁਬ੍ਹਾ ਸ਼ਾਮ ਦੀ,
'ਰੰਚਨਾ' ਵਾਲੇ ਤੋਂ ਕੀਤੀ ਸਿਫ਼ਤ ਨਾਂ ਜਾਂਵਦੀ;
ਮੰਗਦੇ ਨੇ ਸਦਾ ਸਰਬੱਤ ਦਾ ਭਲਾ ਇਹ,
ਆਹੂ ਜੰਗ ਦੇ ਮੈਦਾਨਾਂ 'ਚ ਵੀ ਲਾਹ ਦਿੰਦੇ ਨੇਂ;
ਬਾਕੀ ਲੋਕ ਕਰਦੇ ਬਲੈਕ ਜਿਹੜੀ ਚੀਜ਼ ਦੀ,
ਸਿੱਖ ਉਹਦੇ ਲੰਗਰ ਹੀ ਲਾ ਦਿੰਦੇ ਨੇਂ....!!"

**ਲੇਖਕ : ਮੂਲ ਚੰਦ ਸ਼ਰਮਾ, ਧੂਰੀ**

## ਬਾਪੂ ਦੀਆਂ ਬਾਤਾਂ

ਇੱਕ ਬਾਤਾਂ ਮੇਰੇ ਬਾਪੂ ਦੱਸੀਆਂ
ਅਖੇ
ਮੱਝਾਂ ਚਾਰਦਾ
ਮੋਦੀਖ਼ਾਨਾ ਸਾਂਭਦਾ
ਹਲ਼ ਵਾਹੁਦਾ ਉਹ
ਲਾਲੋ ਦਾ ਹੋ ਗਿਆ
ਉਸਦੇ ਹੱਥੋਂ
ਦਸਾਂ ਨੌਹਾਂ ਦੀ
ਸੁੱਚੀ ਕਮਾਈ
ਦੁੱਧ-ਅੰਮ੍ਰਿਤ ਛਕ ਕੇ
ਸ਼ੁਕਰਾਨਾ ਕੀਤਾ
'ਮਲਿਕ' ਨਾਲੋਂ 'ਮਜ਼ਦੂਰ' ਨੂੰ
ਅੱਗੇ ਰੱਖਿਆ...
ਦਸਵਾਂ ਜਾਮਾ
ਕ੍ਰਾਂਤੀ ਦੀ ਰੌਸ਼ਨੀ
ਹਰ ਪਾਸੇ ਨੂਰ ਹੀ ਨੂਰ
ਖੋਹ ਲਏ ਹੱਕਾਂ ਨੂੰ
ਮੁੜ ਜੀਣ ਦੀ ਜੁਰਤ
ਵੰਡਦਾ
ਗਰੀਬਾਂ ਨੂੰ ਆਖਦਾ
ਮੇਰੇ ਤੇ ਹੈ ਤੁਹਾਡੀ ਕਿਰਪਾ
ਦੇ ਕੇ ਪਾਤਸ਼ਾਹੀਆਂ
ਉਨ੍ਹਾਂ ਨੂੰ ਨਿਵਾਜਦਾ
ਪਾਣੀ ਵੀ ਨਾ ਪੀਂਦਾ
ਵਿਹਲੜ ਦੇ ਹੱਥੋਂ
ਕਿਰਤ ਸਤਿਕਾਰਦਾ
ਬਾਪੂ ਅੱਜ ਜੇ ਜਿਉਂਦਾ ਹੁੰਦਾ
ਕਿੰਨੀਆਂ ਗੱਲਾਂ ਮਾਰਦਾ
ਕਿਰਤੀਆਂ ਦੇ ਹੱਕ ਵਿੱਚ
ਜ਼ਰੂਰ ਨਾਅਰੇ ਮਾਰਦੇ
ਧਰਤੀ ਦੀ ਹਿੱਕ ਠਾਰਦਾ

**ਲੇਖਕ : ਪਰਮਿੰਦਰ ਭੁੱਲਰ**
**9463067430**

## ਵਕਤ

ਵਕਤ ਮਸ਼ਕਰੀ ਕਰ ਗਿਆ,
ਮਿੱਤਰੋ ਸਾਡੇ ਨਾਲ।
ਅੱਜਕਲ੍ਹ ਮੂੰਹ ਨੂੰ ਢੱਕ ਕੇ,
ਪੁੱਛਣਾ ਪੈਂਦਾ ਹਾਲ ।
ਵਕਤ ਮਸ਼ਕਰੀ ਕਰ ਗਿਆ,
ਆਖੇ ਮੂਲ ਪਛਾਣ ।
ਕੌਣ ਸੁਹੱਪਣ ਵੇਖਦਾ,
ਢੱਕੀ ਮਿਲੇ ਮੁਸਕਾਨ ।
ਵਕਤ ਮਸ਼ਕਰੀ ਕਰ ਗਿਆ,
ਮਿਲੇ ਸਲੂਣੀ ਪੀੜ ।
ਹੁਣ ਨਾ ਚੰਗੀ ਲੱਗਦੀ,
ਸੱਜਣਾਂ ਦੀ ਦੰਦਗੀੜ ।
ਵਕਤ ਮਸ਼ਕਰੀ ਕਰ ਗਿਆ,
ਅੱਖ ਤੂੰ ਆਪਣੀ ਖੋਲ ।
ਚਗਲੇ ਵਿਗੜੇ ਦੇਸ਼ ਦੇ,
ਕੀ ਕਰਨਾ ਤੂੰ ਬੋਲ ?
ਵਕਤ ਮਸ਼ਕਰੀ ਕਰ ਗਿਆ,
ਪਤਝੜ ਝਾੜੇ ਪੱਤ ।
ਕਿਹੜਾ ਦੇਵੇ ਸਾਹਿਬ ਨੂੰ,
ਉੱਠ ਕੇ ਮੱਤ ਸੁਮੱਤ ।
ਵਕਤ ਮਸ਼ਕਰੀ ਕਰ ਗਿਆ,
ਸੁਣੇ ਨਾ ਕੋਈ ਅਵਾਜ਼ ।
ਹਾਕਮ ਸਾਡੇ ਆਲਸੀ,
ਪਏ ਕਰੇਂਦੇ ਰਾਜ ।
ਵਕਤ ਮਸ਼ਕਰੀ ਕਰ ਗਿਆ,
ਅੱਖਰ ਹੋਏ ਖਾਮੋਸ਼।
ਕੂੜ ਹਨੇਰਾ ਫੈਲਿਆ,
ਕਿੱਥੇ ਕਰੀਏ ਰੋਸ਼ ।
ਵਕਤ ਮਸ਼ਕਰੀ ਕਰ ਗਿਆ,
ਚੜ੍ਹਦਾ ਮਾੜਾ ਜੇਠ ।
ਬੇਰਸ ਹੋਈ ਜ਼ਿੰਦਗੀ,
ਆਈ ਥੇਹਾਂ ਹੇਠ।
ਵਕਤ ਮਸ਼ਕਰੀ ਕਰ ਗਿਆ,
ਲੱਭਦਾ ਨਾ ਇਨਸਾਨ ।
ਤਖ਼ੱਲਸ ਜਾਤਾਂ ਗੋਤ ਨੇ,
ਪੜ੍ਹਿਆਂ ਦੀ ਪਹਿਚਾਨ ।
ਵਕਤ ਮਸ਼ਕਰੀ ਕਰ ਗਿਆ,
ਰੁੱਤ ਮਰੁੰਡੇ ਰੁੱਖ।
ਅੱਗੇ ਲੱਗ ਕੇ ਖੁਦ ਹੀ,
ਝੱਲੀਏ ਮਿੱਤਰਾ ਦੁੱਖ ।

**ਲੇਖਕ : ਰਜਿੰਦਰ ਸਿੰਘ ਰਾਜਨ**
**96538-85032**

## ਠੇਕੇ ਖੋਲ੍ਹੇ, ਬੰਦ ਬਜ਼ਾਰ


ਆਪਣੀ ਫ਼ਿਕਰ ਹਰ ਬੰਦੇ ਨੂੰ,
ਲੱਗ ਗਈ ਨਜ਼ਰ ਧੰਦੇ ਨੂੰ,
ਹੋ ਮਜਬੂਰ ਗਲ਼ ਵਿੱਚ ਪਾਉਣ ਫੰਦੇ ਨੂੰ,
ਪਾਵਾਂ ਲਾਹਨਤਾਂ ਇਹ ਸਿਸਟਮ ਗੰਦੇ ਨੂੰ।
ਠੇਕੇ ਖੋਲ੍ਹੇ ਤੇ ਆਇਆ ਕਰੋਨਾ,
ਕੀਤਾ ਬਾਕੀ ਬੰਦ ਬਾਜ਼ਾਰ ਆ।
ਸੋ ਰੁਪਏ ਚ ਖ਼ਾਕੀ ਵਿਕਦੀ ,
ਚੜ੍ਹੇ ਮਹੀਨੇ ਆਉਂਦਾ ਸੱਠ ਹਜ਼ਾਰ ਆ,
ਮੈਕ ਡੀ ਤੇ ਪੀਜ਼ਾ ਖੁੱਲ੍ਹੇ,
ਰੇਹੜੀ ਵਾਲਿਆਂ ਦਾ ਕਰਾਉਣਾ
ਬੰਦ ਵਿਉਪਾਰ ਆ,
ਬੀਮਾਰੀ ਤੋਂ ਜ਼ਿਆਦਾ ਖਤਰਨਾਕ ,
ਇਹ ਚੁਣੀ ਹੋਈ ਸਰਕਾਰ ਆ।
ਖ਼ਾਕੀ ਵਾਲੇ ਬਣੇ ਭੀਖਾਰੀ,
ਨਿੱਤ ਚੌਂਕਾ ਉੱਤੇ ਖੜਦੇ ਨੇ,
ਚੋਰ ਅਸਲ ਜੋ ਫੜੇ ਨਾ ਜਾਣ,
ਸ਼ਰੀਫ਼ ਬੰਦੇ ਨਾਲ ਲੜਦੇ ਨੇ ,
ਚਿੱਟੇ ਪਾ ਜੋ ਬਣੇ ਮੰਤਰੀ,
ਸਪੋਰਟ ਇਹਨਾਂ ਦੀ ਕਰਦੇ ਨੇ,
ਕਲਮ ਸੱਚ ਦੀ ਜੇ ਕੋਈ ਚੁੱਕਦਾ,
ਡਾਂਗ ਉਹਦੇ ਸਿਰ ਧਰਦੇ ਨੇ।
ਜਿਮ ਬੰਦ ਤੇ ਖੁਲ੍ਹੇ ਠੇਕੇ,
ਪੰਜਾਬ ਅੱਗ ਨਸ਼ਿਆਂ ਦੀ ਸੇਕੇ,
ਮਾੜੀ ਸਿਆਸਤ ਦੇਸ਼ ਨੂੰ ਬਹਿ ਗਈ ਲੈਕੇ,
ਉੱਤੋਂ ਜੀ ਨਿਊਜ਼ ਵਾਲੀ ਵੀ ਤੁਰ ਪਈ ਕਹਿਕੇ,
ਦੇਸ਼ ਚੱਲ ਰਿਹਾ ਉਚਾਈਆਂ ਤੇ,
ਹਸਪਤਾਲਾਂ ਦੀ ਹਾਲਤ ਦੱਸੇ,
ਦੇਸ਼ ਹੱਥ ਵਿੱਚ ਕਸਾਈਆਂ ਦੇ।
ਕਿਸਾਨ ਲੈ ਫ਼ਸਲ ਮੰਡੀ ਵਿੱਚ ਖਲੋਇਆ,
ਇਹਨਾਂ ਕੋਲੋਂ ਪੂਰਾ ਵਾਰਦਾਨਾ ਨਾ ਹੋਇਆ,
ਮੰਡੀ ਵਿੱਚ ਗੜੇ ਮਾਰੀ ਫ਼ਸਲ ਤੇ ਰੋਈ।
ਸਰਕਾਰੀ ਦੇ ਕੰਨ ਤੇ ਜੂੰ ਨਾ ਸਰਕੀ ਕੋਈ,
ਬਸ ਹੋਇਆ ਇਕ ਫ਼ਿਕਰ 22 ਵਾਲੀਆ ਵੋਟਾਂ ਦਾ,
ਇਸ ਵਾਰੀ ਦਬਾ ਦੇਓ ਆਖਰੀ ਬਟਨ ਦੋ ਨੋਟਾਂ ਦਾ

**ਲੇਖਕ : ਰੋਮੀ ਘੜਾਮੇਂ ਵਾਲਾ**
**ਸੰਪਰਕ : 98552-81105**



# ਸਿਹਤ ਸੰਸਾਰ

## ਛੱਡ ਦਿਓ ਤੰਬਾਕੂ ਜ਼ਿੰਦਾ ਰਹਿਣ ਲਈ




ਲਿਖਤ
ਅਨਿਲ ਧੀਰ
647.853.5800

"ਭੋਜਨ ਉਗਾਓ, ਤੰਬਾਕੂ ਨਹੀਂ" ਤੰਬਾਕੂ 'ਤੇ ਇਸਦਾ ਧੂੰਆ ਪੂਰੀ ਦੁਨੀਆ ਨੂੰ ਖਤਰਨਾਕ ਬਿਮਾਰੀਆਂ ਦੇਣ ਦੇ ਨਾਲ-ਨਾਲ ਵਿਸ਼ਵ ਵਾਤਾਵਰਣ ਨੂੰ ਜ਼ਹਿਰੀਲਾ ਕਰਕੇ ਹਰ ਜੀਵ ਨੂੰ ਸਰੀਰਕ-ਮਾਨਸਿਕ ਤੌਰ 'ਤੇ ਨਪੁੰਸਕ ਬਣਾ ਰਿਹਾ ਹੈ। ਹੈਲਦੀ ਲਾਈਫ ਲਈ ਅੱਜ ਹੀ ਤੰਬਾਕੂ ਛੱਡਣ ਦਾ ਵਚਨ ਲੈਣ ਦੀ ਲੋੜ ਹੈ"- ਅਨਿਲ ਧੀਰ ਕਾਲਮਨਿਸਟ. ਖਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ

ਹੈਲਥ ਮੀਡੀਆ ਕੈਨੇਡਾ : ਸਾਲ 2023 ਦੇ ਵਿਸ਼ਵ ਨੋ ਤੰਬਾਕੂ ਦਿਵਸ ਦਾ ਥੀਮ ਹੈ- "ਭੋਜਨ ਉਗਾਓ, ਤੰਬਾਕੂ ਨਹੀਂ" ਲਈ ਪੂਰੀ ਦੁਨੀਆ ਨੂੰ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ 2020 ਵਿਚ ਸਾਲ 2021 ਵਿਚ ਤੰਬਾਕੂ ਛੱਡਣ ਲਈ ਇੱਕ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿੰਮ ਦਾ ਮਕਸਦ ਕਰੀਬਨ 100 ਮਿਲੀਅਨ ਤੋਂ ਵੱਧ ਲੋਕਾਂ ਨੂੰ ਤੰਬਾਕੂ ਛੱਡਣ ਵਿਚ ਮਦਦ ਕਰਨਾ ਸੀ। ਮਹਾਂਮਾਰੀ ਕੋਵਿਡ-19 ਦੇ ਚਲਦੇ ਹੋਏ ਲੱਖਾਂ ਲੋਕ ਕਿਸੇ ਨਾ ਕਿਸੇ ਸ਼ਕਲ ਵਿਚ, ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੇ ਨਾਮੁਰਾਦ ਆਦਤ ਨੂੰ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ।

ਤੰਬਾਕੂ ਕਾਰਨ ਬਿਮਾਰੀ ਨਾਲ ਹਰ ਸਾਲ ਕਰੀਬਨ 9.5 ਮਿਲੀਅਨ ਲੋਕ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਅੱਜ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਬਿਮਾਰੀਆਂ, ਦੇ ਇਲਾਜ ਲਈ ਵਿਸ਼ਵਵਿਆਪੀ ਪੱਧਰ 'ਤੇ ਅੰਦਾਜ਼ਨ 1.5 ਟ੍ਰਿਲੀਅਨ ਡਾਲਰ ਦੇ ਖਰਚੇ ਦਾ ਬੋਝ ਬਣ ਚੁੱਕਾ ਹੈ।

- ਹੈਲਥ ਬੀਮਾ ਕੰਪਨੀਆਂ ਤੰਬਾਕੂਨੋਸ਼ੀ ਕਰਨ ਵਾਲਿਆਂ ਤੋਂ ਕਰੀਬਨ 70% ਵੱਧ ਰੇਟ ਲੈਂਦੇ ਹਨ।
- 18 ਸਾਲ ਤੋਂ ਵੱਧ ਉਮਰ ਦੇ ਲਗਭਗ 6 ਮਿਲੀਅਨ ਲੋਕ ਇਲੈਕਟ੍ਰਾਨਿਕ ਨਿਕੋਟਿਨ-ਇਨਹੇਲਿੰਗ ਉਪਕਰਣਾਂ ਈ-ਸਿਗਰੇਟ, ਵੀਡ, ਅਤੇ ਵੇਪ ਦਾ ਇਸਤੇਮਾਲ ਕਰ ਰਹੇ ਹਨ।





- ਸਿਰਫ ਅਮਰੀਕਾ ਵਿਚ ਤੰਬਾਕੂਨੋਸ਼ੀ ਨਾਲ 491,000 ਤੋਂ ਵੱਧ, ਅਤੇ ਸੇਕੰਡ-ਹੈਂਡ ਸਮੋਕ ਧੂੰਏ ਦੇ ਐਕਸਪੋਜਰ ਕਾਰਨ ਕਰੀਬਨ 51,000 ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇੱਕ ਰਿਪੋਰਟ ਮੁਤਾਬਿਕ ਤੰਬਾਕੂਨੋਸ਼ੀ ਕਾਰਨ ਗੰਭੀਰ ਬਿਮਾਰੀਆਂ ਨਾਲ 2030 ਤੱਕ ਹਰ ਸਾਲ ਕਈ ਮਿਲੀਅਨ ਮੌਤ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਹੈ।

ਤੰਬਾਕੂ ਦਾ ਮਨ-ਸਰੀਰ 'ਤੇ ਅਸਰ:

- ਤੰਬਾਕੂ ਕਾਰਨ ਸਾਹ ਲੈਣ ਵੇਲੇ ਅਤੇ ਕਪੜੇ, ਚਮੜੀ, ਪੂਰੇ ਘਰ-ਦਫਤਰ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।
- ਦੰਦਾਂ 'ਤੇ ਪੀਲੀ ਪਰਤ ਜੰਮ ਜਾਂਦੀ ਹੈ। ਚਮੜੀ 'ਤੇ ਸਮੇਂ ਤੋਂ ਪਹਿਲਾਂ ਅੱਖਾਂ ਦੇਆਲੇ-ਦੁਆਲੇ ਅਤੇ ਲਿਪਸ 'ਤੇ ਝੁਰੜੀਆਂ ਪੈ ਜਾਂਦੀਆਂ ਹਨ। ਵਿਟਾਮਿਨ-ਏ ਦੀ ਕਮੀ ਦੇ ਨਾਲ ਬਲੱਡ ਸਰਕੁਲੇਸ਼ਨ ਘੱਟ ਜਾਂਦਾ ਹੈ। ਚਮੜੀ ਖੁਸ਼ਕ ਹੋ ਜਾਣ ਕਰਕੇ ਖਾਰਿਸ਼, ਦਾਦ ਪੈਦਾ ਹੋ ਜਾਂਦੀ ਹੈ।
- ਸੈਕੰਡ-ਹੈਂਡ ਸਮੋਕ ਦੇ ਧੂੰਏ ਨਾਲ ਬੱਚਿਆਂ ਦੇ ਫੇਫੜਿਆਂ ਅੰਦਰ ਸੋਜਸ਼ ਰਹਿਣ ਕਾਰਨ ਦਮੇ ਤੋਂ ਬਾਅਦ ਦਾ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਸਰੀਰ ਅੰਦਰ ਤੰਬਾਕੂ ਕਾਰਨ ਕਰੀਬਨ 20 ਕਿਸਮ ਦੇ ਕੈਂਸਰ ਪੈਦਾ ਹੋ ਸਕਦੇ ਹਨ।
- ਜਲਦੀ ਹੋਈ ਸਿਗਰੇਟ ਕਾਰਨ ਅੱਗ ਲੱਗਣ ਨਾਲ ਮੌਤ ਦਾ ਅੰਕੜਾ ਵੀ ਵੱਧ ਰਿਹਾ ਹੈ।
- ਤੰਬਾਕੂਨੋਸ਼ੀ ਟਾਈਪ-2 ਡਾਇਬਟੀਜ਼ ਦਾ ਖਤਰਾ ਵਧਾ ਦਿੰਦਾ ਹੈ।
- ਘਰ ਅੰਦਰ ਸੈਕੰਡ-ਹੈਂਡ ਸਮੋਕ ਕਾਰਨ ਛੋਟੇ ਬੱਚਿਆਂ ਵਿਚ ਕੰਨ ਦੀ ਬਿਮਾਰੀ ਯਾਨਿ ਘੱਟ ਸੁਣਨ ਦੀ ਸਮੱਸਿਆ ਆ ਸਕਦੀ ਹੈ।
- ਤੰਬਾਕੂਨੋਸ਼ੀ ਕਰਨ ਵਾਲੇ ਨਪੁੰਸਕਤਾ, ਪੁਰਸ਼ਾਂ ਅੰਦਰ ਕਮਜੋਰ ਸ਼ੁਕਰਾਣੂਆਂ, ਘੱਟ ਗਿਣਤੀ, ਬਾਂਝਪਨ, ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਅਤੇ ਜਨਮ ਸਮੇਂ ਘੱਟ ਭਾਰ ਹੋਣਾ, ਵਰਗੀ ਸਮੱਸਿਆ ਦੇ ਸ਼ਿਕਾਰ ਹੋ ਸਕਦੇ ਹਨ।

ਐਕਸ਼ਨ ਲਈ ਅੱਗੇ ਆਉਣ ਦੀ ਲੋੜ ਹੈ: ਤੰਬਾਕੂ ਨੂੰ ਅਲਵਿਦਾ ਕਹਿਣ ਵਿਚ ਆਪਣੇ ਦੋਸਤ-ਮਿੱਤਰਾਂ, ਸੋਸ਼ਲ ਸੰਸਥਾਵਾਂ ਦੀ ਮਦਦ ਲੈ ਸਕਦੇ ਹੋ।ਤੰਬਾਕੂ ਛੱਡਣ ਵਿਚ ਚੰਗੀ ਰਣਨੀਤੀ ਕੰਮ ਕਰਦੀ ਹੈ। ਇਸ ਆਦਤ ਤੋਂ ਛੁਟਕਾਰਾ ਪਏ ਕੇ ਹਾਰਟ-ਬੀਟ ਰੈਗੂਲਰ ਹੋ ਜਾਣ ਦੇ ਨਾਲ, ਸਰੀਰ ਅੰਦਰ ਬਲੱਡ ਦੇ ਕਾਰਨਬ ਮੋਨੋਆਕਸਾਈਡ ਦਾ ਪੱਧਰ ਠੀਕ ਹੋ ਜਾਂਦਾ ਹੈ। ਕਿਸੇ ਵੀ ਟੈਨਸ਼ਨ ਦੌਰਾਣ ਸਾਦਾ ਪਾਣੀ ਪੀਣਾ ਸ਼ੁਰੂ ਕਰ ਦਿਓ ਅਤੇ ਚਿਊਇੰਗ ਗੰਮ ਚਬਾਓ। ਨਿਕੋਟਿਨ ਦੀ ਤਲਬ ਪੈਦਾ ਹੁੰਦੇ ਹੀ ਦੋਸਤਾਂ ਨਾਲ ਫੋਨ 'ਤੇ ਗੱਲਬਾਤ, ਟੈਕਸਟਿੰਗ, ਲਗਾਤਾਰ 5 ਬਾਰ ਆਪਣੇ ਸੁਜ਼ ਪਾਓ 'ਤੇ ਉਤਾਰੋ। ਘਰ ਅੰਦਰ ਪਾਲਤੂ ਡਾਗ ਨੂੰ ਸੈਰ ਲਈ ਬਾਹਰ ਲੈ ਜਾਓ। ਤੰਬਾਕੂ ਛੱਡਣ ਵਿਚ ਪੌਸ਼ਟਿਕ ਖੁਰਾਕ- ਤਾਜ਼ੇ ਫੱਲ-ਸਬਜ਼ੀਆਂ, ਕੱਚਾ ਪਨੀਰ, ਚੀਜ਼, ਭੁੱਜੇ ਹੋਏ ਚਨੇ ਦੀ ਵਰਤੋਂ ਜ਼ਿਆਦਾ ਕਰੋ। ਇਸ ਆਦਤ ਤੋਂ ਛੁਟਕਾਰਾ ਪਾ ਕੇ ਬਚਤ ਕਰਕੇ ਸਿਹਤ ਅਤੇ ਪੈਸਿਆਂ ਪੱਖੋਂ ਅਮੀਰ ਬਣ ਜਾਓ।

## ਮੋਬਾਈਲ ਕਾਰਨ ਬੱਚਿਆਂ ਵਿੱਚ ਵਧ ਰਹੇ ਹਨ ਮਾਨਸਿਕ ਵਿਕਾਰ



ਲਿਖਤ
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ



ਬੱਚਿਆਂ ਦਾ ਮਨੋਰੰਜਨ ਕਰਨ ਲਈ ਰੈਟਲਾਂ ਵਰਗੇ ਮੋਬਾਈਲ ਉਨ੍ਹਾਂ ਨੂੰ ਸੌਂਪਣ ਦੇ ਫੈਸ਼ਨ ਦੇ ਨੁਕਸਾਨਦੇਹ ਪ੍ਰਭਾਵ ਹੁਣ ਸਾਹਮਣੇ ਆ ਰਹੇ ਹਨ। ਇਕ ਅੰਤਰਰਾਸ਼ਟਰੀ ਅਧਿਐਨ ਨੇ ਇਨ੍ਹਾਂ ਖਦਸ਼ਿਆਂ ਦੀ ਪੁਸ਼ਟੀ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਛੋਟੀ ਉਮਰ 'ਚ ਹੀ ਸਮਾਰਟਫੋਨ ਦਿੱਤੇ ਜਾਣ 'ਤੇ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਸਾਹਮਣੇ ਆ ਰਹੇ ਹਨ। ਇਸ ਗਲੋਬਲ ਸਰਵੇਖਣ ਦੇ ਨਤੀਜੇ ਪਿਛਲੇ ਸੋਮਵਾਰ ਨੂੰ ਜਨਤਕ ਕੀਤੇ ਗਏ ਸਨ। ਸਰਵੇਖਣ ਦੇ ਨਤੀਜਿਆਂ ਵਿੱਚ ਮੋਬਾਈਲ ਫੋਨਅਤੇ ਟੈਬ ਦੀ ਵਰਤੋਂ ਕਰਨ ਦੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਫ਼ਸੋਸ ਦੀ ਗੱਲ ਇਹ ਵੀ ਹੈ ਕਿ ਛੋਟੀ ਉਮਰ ਵਿੱਚ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਕਾਰਨ ਬਾਲਗਾਂ ਵਿੱਚ ਅਜਿਹੇ ਬੱਚਿਆਂ ਵਿੱਚ ਖੁਦਕੁਸ਼ੀ ਵਰਗੇ ਘਾਤਕ ਵਿਚਾਰਾਂ ਦੀ ਆਮਦ ਦੇਖਣ ਨੂੰ ਮਿਲੀ ਹੈ। ਆਪਣੀ ਅਸਲੀਅਤ ਤੋਂ ਭਟਕਣ ਦੀ ਪ੍ਰਵਿਰਤੀ ਅਤੇ ਦੂਜਿਆਂ ਪ੍ਰਤੀ ਹਮਲਾਵਰ ਵਿਵਹਾਰ ਉਨ੍ਹਾਂ ਵਿੱਚ ਦੇਖਿਆ ਗਿਆ ਹੈ। ਇਹ ਸਰਵੇਖਣ ਅਮਰੀਕਾ ਦੀ ਇੱਕ ਗੈਰ-ਲਾਭਕਾਰੀ ਸੰਸਥਾ ਨੇ ਦੁਨੀਆ ਦੇ ਲਗਭਗ 28 ਹਜ਼ਾਰ ਬਾਲਗਾਂ 'ਤੇ ਕੀਤਾ ਹੈ। ਲਗਭਗ ਚਾਲੀ ਦੇਸ਼ਾਂ ਵਿੱਚ ਕੀਤੇ ਗਏ ਸਰਵੇਖਣ ਵਿੱਚ ਭਾਰਤ ਦੇ ਚਾਰ ਹਜ਼ਾਰ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਮਾਨਸਿਕ ਸਿਹਤ ਨੂੰ ਸ਼ਾਮਲ ਕਰਨਾਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਸਰਵੇਖਣ ਦੇ ਨਤੀਜਿਆਂ 'ਤੇ ਆਧਾਰਿਤ ਤੱਥਾਂ ਬਾਰੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਛੋਟੀ ਉਮਰ ਵਿਚ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣ ਨਾਲ ਬਾਲਗਾਂ ਵਾਂਗ ਮਾਨਸਿਕ ਸਿਹਤ 'ਤੇ ਉਨ੍ਹਾਂ ਦੇ ਮਾੜੇ ਪ੍ਰਭਾਵ ਵਧਣ ਦੀ ਸੰਭਾਵਨਾ ਹੈ। ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਛੇ ਸਾਲ ਦੀ ਉਮਰ ਵਿੱਚ ਸਮਾਰਟਫੋਨ ਦੀ ਵਰਤੋਂ ਸ਼ੁਰੂ ਕਰਨ ਵਾਲੀਆਂ 74 ਫ਼ੀਸਦੀ ਬਾਲਗ ਔਰਤਾਂ ਨੂੰ ਗੰਭੀਰ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਡਿਪਰੈਸ਼ਨ ਵੀ ਸ਼ਾਮਲ ਹੈ। ਇਸੇ ਸਿਲਸਿਲੇ ਵਿਚ ਦਸ ਸਾਲ ਬਾਅਦ ਸਮਾਰਟ ਫ਼ੋਨ ਵਰਤਣੇ ਸ਼ੁਰੂ ਕਰਨ ਵਾਲੇ ਬਾਲਗਾਂ ਵਿਚ ਡਾ.ਇਹ ਮਾੜੇ ਪ੍ਰਭਾਵ 61 ਪ੍ਰਤੀਸ਼ਤ ਲੜਕੀਆਂ ਅਤੇ 52 ਪ੍ਰਤੀਸ਼ਤ ਲੜਕੀਆਂ ਵਿੱਚ ਦੇਖੇ ਗਏ ਜਿਨ੍ਹਾਂ ਨੇ ਪੰਦਰਾਂ ਸਾਲ ਦੀ ਉਮਰ ਤੋਂ ਪਹਿਲਾਂ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ, 18 ਸਾਲ ਦੀ ਉਮਰ ਵਿੱਚ ਸਮਾਰਟਫ਼ੋਨ ਦੀ ਵਰਤੋਂ ਕਰਨ ਵਾਲੀਆਂ ਕੁੜੀਆਂ ਦੀ ਪ੍ਰਤੀਸ਼ਤਤਾ 46 ਪ੍ਰਤੀਸ਼ਤ ਸੀ। ਨੌਜਵਾਨਾਂ ਵਿੱਚ ਘੱਟ ਜਾਂ ਘੱਟ ਸਮਾਨਤਾਵਾਂ, 42 ਪ੍ਰਤੀਸ਼ਤ ਜਿਨ੍ਹਾਂ ਨੇ ਛੇ ਸਾਲ ਦੀ ਉਮਰ ਵਿੱਚ ਸਮਾਰਟਫੋਨ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਉਨ੍ਹਾਂ ਨੇ ਮਾਨਸਿਕ ਮਾੜੇ ਪ੍ਰਭਾਵਾਂ ਦਾ ਅਨੁਭਵ ਕੀਤਾ। ਇਸ ਦੇ ਨਾਲ ਹੀ 18 ਸਾਲ ਦੀ ਉਮਰ ਤੋਂ ਸਮਾਰਟਫੋਨ ਦੀ ਵਰਤੋਂ ਸ਼ੁਰੂ ਕਰਨ ਵਾਲਿਆਂ ਦੀ ਗਿਣਤੀ 36 ਫ਼ੀਸਦੀ ਸੀ। ਇਸ ਤਰ੍ਹਾਂ ਛੋਟੀ ਉਮਰ ਵਿੱਚ ਮੋਬਾਈਲ ਦੀ ਵਰਤੋਂ ਦਾ ਸਿੱਧਾ ਸਬੰਧ ਮਾਨਸਿਕ ਸਿਹਤ ਨਾਲ ਹੁੰਦਾ ਹੈਏ ਨੂੰ ਵਧਦੀ ਸਮੱਸਿਆ ਪਾਈ ਗਈ। ਯਾਨੀ ਕਿ ਛੋਟੀ ਉਮਰ ਵਿੱਚ ਫੋਨ ਦੀ ਵਰਤੋਂ ਨੇ ਮਾਨਸਿਕ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਅਜਿਹੇ ਲੋਕਾਂ ਵਿੱਚ ਆਤਮਘਾਤੀ ਵਿਚਾਰ, ਦੂਸਰਿਆਂ ਪ੍ਰਤੀ ਹਮਲਾਵਰਤਾ, ਜੀਵਨ ਦੀ ਅਸਲੀਅਤ ਤੋਂ ਨਿਰਲੇਪਤਾ ਅਤੇ ਸਮਾਜ ਤੋਂ ਵੱਖਰਾ ਸਵੈ-ਕੇਂਦਰਿਤਪਣ ਦੇਖਿਆ ਗਿਆ ਹੈ। ਅਤੇ ਪਿਛਲੇ ਸਾਲ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਭਾਰਤੀ ਘਰਾਂ ਵਿੱਚ ਦਸ ਤੋਂ ਚੌਦਾਂ ਸਾਲ ਦੇ ਬੱਚਿਆਂ ਵਿੱਚ ਸਮਾਰਟਫ਼ੋਨ ਦੀ ਵਰਤੋਂ ਦੀ ਪ੍ਰਤੀਸ਼ਤਤਾ 83 ਪ੍ਰਤੀਸ਼ਤ ਸੀ, ਜੋ ਕਿ ਵਰਤੋਂ ਦੇ ਵਿਸ਼ਵ ਔਸਤ ਨਾਲੋਂ ਸੱਤ ਪ੍ਰਤੀਸ਼ਤ ਅੰਕ ਵੱਧ ਸੀ। ਨਾਲ ਨਾਲ ਇਹ ਅਧਿਐਨਇਹ ਦੱਸਿਆ ਜਾਣਾ ਅਜੇ ਬਾਕੀ ਹੈ ਕਿ ਫੋਨ ਦੀ ਜਲਦੀ ਵਰਤੋਂ ਛੋਟੇ ਬੱਚਿਆਂ ਵਿੱਚ ਮਾਨਸਿਕ ਸਮੱਸਿਆਵਾਂ ਅਤੇ ਵਿਵਹਾਰਿਕ ਹਮਲਾਵਰਤਾ ਦਾ ਕਾਰਨ ਕਿਉਂ ਬਣ ਰਹੀ ਹੈ ਅਤੇ ਇਸ ਦੇ ਸੰਭਵ ਹੱਲ ਕੀ ਹਨ। ਅੰਕੜੇ ਦੱਸ ਰਹੇ ਹਨ ਕਿ ਬੱਚੇ ਰੋਜ਼ਾਨਾ ਪੰਜ ਤੋਂ ਅੱਠ ਘੰਟੇ ਆਨਲਾਈਨ ਰਹਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੇ ਇਸ ਸਮੇਂ ਨੂੰ ਪਰਿਵਾਰ ਅਤੇ ਦੋਸਤਾਂ ਨਾਲ ਬਿਤਾਉਣ ਲਈ ਵਰਤਿਆ ਸੀ। ਸਪੱਸ਼ਟ ਹੈ ਕਿ ਬੱਚਿਆਂ ਵਿੱਚ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਵਿਘਨ ਪਿਆ ਹੈ। ਜਿਸ ਕਾਰਨ ਉਨ੍ਹਾਂ ਦੀ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਿੱਚ ਗਿਰਾਵਟ ਆ ਰਹੀ ਹੈ ਅਤੇ ਉਹਉਹ ਛੋਟੀਆਂ-ਛੋਟੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਵਿਵਹਾਰ ਵਿੱਚ ਗੁੱਸਾ ਆਉਂਦਾ ਹੈ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਵਿਗੜ ਜਾਂਦੀ ਹੈ। ਇਸ ਕਾਰਨ ਉਨ੍ਹਾਂ 'ਤੇ ਖੁਦਕੁਸ਼ੀ ਵਰਗੇ ਵਿਚਾਰ ਆਉਣ ਲੱਗਦੇ ਹਨ। ਬਿਨਾਂ ਸ਼ੱਕ, ਇਹ ਇੱਕ ਗੰਭੀਰ ਚੁਣੌਤੀ ਹੈ। ਸਰਕਾਰ ਅਤੇ ਸਮਾਜ ਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਯੋਗਾ ਅਤੇ ਧਿਆਨ ਇਸ ਸਮੱਸਿਆ ਵਿੱਚ ਦਵਾਈ ਦਾ ਕੰਮ ਕਰ ਸਕਦੇ ਹਨ। ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ 'ਚ ਮਦਦ ਮਿਲੇਗੀ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Professionally qualified match from khatri/Arora decent family for our son 1990 born, 5' 7" . Working in Vancouver as data migration analyst, earning $90000. Contact: 9988315117, 604-781-9080

..............................................

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

..............................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 17-04

......................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ। 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12



# ਸਰੀ ਵਿੱਚ ਬੱਚਿਆਂ ਲਈ ਤੈਰਾਕੀ ਸਿੱਖਣਾ ਹੋਵੇਗਾ ਮੁਫ਼ਤ: ਸਿਟੀ ਕੌਂਸਲ ਵੱਲੋਂ ਪ੍ਰਸਤਾਵ ਪਾਸ

ਸਰੀ, (ਏਕਜੋਤ ਸਿੰਘ): ਸੋਮਵਾਰ ਨੂੰ ਸਰੀ ਸਿਟੀ ਕੌਂਸਲ ਨੇ ਮੇਅਰ ਬਰੈਂਡਾ ਲੌਕ ਦੇ 1 ਪ੍ਰਸਤਾਵ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ ਹੈ। ਇਸ ਤਹਿਤ ਸਿਟੀ ਸਟਾਫ਼ ਨੂੰ 1 ਨਵੀਂ ਪਹਿਲ 'ਤੇ ਕੰਮ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਸ ਨਵੀਂ ਯੋਜਨਾ ਮੁਤਾਬਕ ਸਰੀ ਦੇ 3 ਤੋਂ 12 ਸਾਲ ਦੇ ਬੱਚਿਆਂ ਲਈ ਸਿਟੀ ਦੀ ਤੈਰਾਕੀ ਸਿਖਲਾਈ ਦੇ ਪਹਿਲੇ 3 ਪੱਧਰ ਮੁਫ਼ਤ ਕੀਤੇ ਜਾਣਗੇ।



ਇਹ ਕਦਮ ਸਰੀ ਵੱਲੋਂ ਤੈਰਨ ਵਾਲੇ ਪੂਲਾਂ, ਮਨੋਰੰਜਨ ਸੇਵਾਵਾਂ, ਪਾਣੀ ਦੀ ਸੁਰੱਖਿਆ ਅਤੇ ਪਰਿਵਾਰ ਕੇਂਦਰਿਤ ਕਿਫ਼ਾਇਤੀ ਉਪਰਾਲਿਆਂ ਵਿੱਚ ਕੀਤੇ ਜਾ ਰਹੇ ਲਗਾਤਾਰ ਨਿਵੇਸ਼ 'ਤੇ ਆਧਾਰਿਤ ਹੈ। ਇਸ ਦਾ ਮੁੱਖ ਮਕਸਦ ਦਾਖਲਾ ਪੱਧਰ ਦੀਆਂ ਫ਼ੀਸਾਂ ਦੀ ਰੁਕਾਵਟ ਨੂੰ ਦੂਰ ਕਰਨਾ ਹੈ। ਇਸ ਨਾਲ ਵਧੇਰੇ ਬੱਚਿਆਂ ਨੂੰ ਪਾਣੀ ਵਿੱਚ ਅਤੇ ਪਾਣੀ ਦੇ ਆਲੇ ਦੁਆਲੇ ਸੁਰੱਖਿਅਤ ਰਹਿਣ ਲਈ ਲੋੜੀਂਦਾ ਵਿਸ਼ਵਾਸ ਅਤੇ ਹੁਨਰ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਤੈਰਾਕੀ ਸਿੱਖਣਾ ਕੋਈ ਸ਼ੌਕ ਨਹੀਂ ਬਲਕਿ ਇਹ ਜੀਵਨ ਲਈ 1 ਲਾਜ਼ਮੀ ਹੁਨਰ ਹੈ। ਕੈਨੇਡਾ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਸ਼ਹਿਰਾਂ ਵਿੱਚੋਂ 1 ਹੋਣ ਦੇ ਨਾਤੇ ਸਰੀ ਦੀ ਇਹ ਜ਼ਿੰਮੇਵਾਰੀ ਹੈ ਕਿ ਪਰਿਵਾਰਾਂ ਨੂੰ ਉਹ ਮਨੋਰੰਜਨ ਪ੍ਰੋਗਰਾਮ ਉਪਲਬਧ ਹੋਣ ਜੋ ਸੁਰੱਖਿਆ ਅਤੇ ਬੱਚਿਆਂ ਦੇ ਸਿਹਤਮੰਦ ਵਿਕਾਸ ਨੂੰ ਸਮਰਥਨ ਦੇਣ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਤੈਰਨ ਦੀਆਂ ਕਲਾਸਾਂ ਨੂੰ ਮੁਫ਼ਤ ਕਰਨਾ 1 ਵਿਹਾਰਕ ਕਦਮ ਹੈ ਜੋ ਕਿਫ਼ਾਇਤੀਪਣ ਨੂੰ ਸਮਰਥਨ ਦੇਣ ਦੇ ਨਾਲ ਨਾਲ ਸ਼ਹਿਰ ਵਿੱਚ ਜਨਤਕ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗਾ।

ਇਸ ਪ੍ਰਸਤਾਵ ਤਹਿਤ ਸਟਾਫ਼ ਨੂੰ ਲਾਗੂ ਕਰਨ ਦੇ ਵੇਰਵੇ 'ਤੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਇਸ ਵਿੱਚ ਪ੍ਰੋਗਰਾਮ ਦੀ ਭਾਗੀਦਾਰੀ, ਰਜਿਸਟ੍ਰੇਸ਼ਨ ਪ੍ਰਕਿਰਿਆ, ਇੰਸਟਰੱਕਟਰਾਂ ਦੀ ਸਮਰੱਥਾ, ਵੇਟ ਲਿਸਟ ਦੇ ਪ੍ਰਭਾਵ ਅਤੇ ਬਜਟ ਸੰਬੰਧੀ ਵਿਚਾਰ ਸ਼ਾਮਲ ਹਨ। ਇਸ ਪ੍ਰੋਗਰਾਮ ਨੂੰ 1 ਜੁਲਾਈ ਤੋਂ ਸ਼ੁਰੂ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਦੱਸਣਯੋਗ ਹੈ ਕਿ ਸਿਟੀ ਇਸ ਸਮੇਂ 5 ਇਨਡੋਰ ਪੂਲ ਅਤੇ 8 ਆਊਟਡੋਰ ਪੂਲ ਚਲਾ ਰਿਹਾ ਹੈ। ਇਸ ਤੋਂ ਇਲਾਵਾ 310 ਮਿਲੀਅਨ ਡਾਲਰ ਦੀ ਲਾਗਤ ਨਾਲ ਨਵਾਂ ਨਿਊਟਨ ਕਮਿਊਨਿਟੀ ਸੈਂਟਰ ਬਣਾਇਆ ਜਾ ਰਿਹਾ ਹੈ ਜਿਸ ਵਿੱਚ 1 50 ਮੀਟਰ ਮੁਕਾਬਲਾ ਪੂਲ ਅਤੇ 1 ਮਨੋਰੰਜਨ ਪੂਲ ਸ਼ਾਮਲ ਹੋਵੇਗਾ। ਸਰੀ ਵੱਲੋਂ ਮੌਜੂਦਾ ਅਤੇ ਭਵਿੱਖ ਦੇ ਪ੍ਰੋਗਰਾਮ ਦੀ ਮੰਗ ਨੂੰ ਪੂਰਾ ਕਰਨ ਲਈ ਯੋਗ ਤੈਰਾਕੀ ਇੰਸਟ੍ਰਕਟਰਾਂ ਦੀ ਭਰਤੀ ਅਤੇ ਟਰੇਨਿੰਗ ਦੇਣਾ ਵੀ ਲਗਾਤਾਰ ਜਾਰੀ ਹੈ। This report was written by Ekjot Singh as part of the Local Journalism Initiative.

# ਗਰਮੀਆਂ ਵਿੱਚ ਪਾਣੀ ਦੀ ਵਰਤੋਂ ਲਈ ਸਰੀ ਕੌਂਸਲ ਵੱਲੋਂ ਨਵੇਂ ਨਿਯਮ ਜਾਰੀ, ਉਲੰਘਣਾ ਕਰਨ 'ਤੇ ਹੋਵੇਗਾ ਜੁਰਮਾਨਾ

ਸਰੀ, (ਏਕਜੋਤ ਸਿੰਘ): ਸੋਮਵਾਰ ਨੂੰ ਸਰੀ ਸਿਟੀ ਕੌਂਸਲ ਨੇ ਪੀਣ ਵਾਲੇ ਪਾਣੀ ਦੀ ਸੰਭਾਲ ਯੋਜਨਾ ਸਬੰਧੀ ਬਾਇਲਾਅ ਵਿੱਚ ਸੋਧਾਂ ਮਨਜ਼ੂਰ ਕੀਤੀਆਂ ਹਨ। ਇਸ ਦਾ ਮਕਸਦ ਪਾਣੀ ਸੰਭਾਲ ਉਪਾਅ ਲਾਗੂ ਕਰਨ ਵਿੱਚ ਲਚਕਤਾ ਲਿਆਉਣਾ ਅਤੇ ਕਮਿਊਨਿਟੀ ਦੀਆਂ ਲੋੜਾਂ ਤੇ ਸਥਿਤੀਆਂ ਦਾ ਸੰਤੁਲਨ ਬਣਾਉਣਾ ਹੈ। ਇਹ ਅੱਪਡੇਟ ਗਰੇਟਰ ਵੈਨਕੂਵਰ ਵਾਟਰ ਡਿਸਟ੍ਰਿਕਟ ਦੇ ਖੇਤਰੀ ਪਾਣੀ ਸੰਭਾਲ ਫਰੇਮਵਰਕ ਨਾਲ ਇਕਸਾਰਤਾ ਬਣਾਈ ਰੱਖਣਗੇ। ਇਸ ਦੇ ਨਾਲ ਹੀ ਸ਼ਹਿਰ ਦੀ ਵਧੇਰੇ ਪਾਣੀ ਦੀ ਮੰਗ ਸਮੇਂ ਸਥਾਨਕ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਧੀਆ ਤਰੀਕੇ ਨਾਲ ਜਵਾਬ ਦੇਣ ਦੀ ਆਗਿਆ ਵੀ ਦੇਣਗੇ। ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਸ ਸਾਲ ਖੇਤਰ ਭਰ ਵਿੱਚ ਸਟੇਜ 2 ਦੀਆਂ ਪਾਣੀ ਪਾਬੰਦੀਆਂ ਆਮ ਨਾਲੋਂ ਪਹਿਲਾਂ ਲਾਗੂ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਨਿਵਾਸੀਆਂ ਅਤੇ ਕਾਰੋਬਾਰ ਮਾਲਕਾਂ ਦੀ ਮੰਗ ਸੀ ਕਿ ਗਰਮੀ ਦੇ ਸ਼ੁਰੂਆਤੀ ਮੌਸਮ ਦੌਰਾਨ ਜਨਤਕ ਗਤੀਵਿਧੀਆਂ ਅਤੇ ਪਾਣੀ ਸੰਭਾਲ ਵਿਚਕਾਰ ਸੰਤੁਲਨ ਬਣਾਉਣ ਲਈ ਲਚਕਤਾ ਅਹਿਮ ਹੈ। ਇਹ ਅੱਪਡੇਟ ਯਕੀਨੀ ਬਣਾਉਂਦੇ ਹਨ ਕਿ ਸਥਾਨਕ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿੰਮੇਵਾਰੀ ਨਾਲ ਪਾਣੀ ਦਾ ਪ੍ਰਬੰਧ ਜਾਰੀ ਰੱਖਿਆ ਜਾ ਸਕੇ। ਬਾਇਲਾਅ ਵਿੱਚ ਕੀਤੀਆਂ ਗਈਆਂ ਮੁੱਖ ਸੋਧਾਂ ਤਹਿਤ ਸਟੇਜ 1 ਦੌਰਾਨ ਰਿਹਾਇਸ਼ੀ ਲਾਅਨ ਨੂੰ ਪਾਣੀ ਦੇਣ ਦਾ ਸਮਾਂ ਸਵੇਰੇ 5 ਵਜੇ ਤੋਂ 7 ਵਜੇ ਦੀ ਬਜਾਏ ਸਵੇਰੇ 5 ਵਜੇ ਤੋਂ 8 ਵਜੇ ਤੱਕ ਕਰ ਦਿੱਤਾ ਗਿਆ ਹੈ। ਸਟੇਜ 2 ਦੌਰਾਨ ਖ਼ਾਸ ਸਪ੍ਰਿੰਕਲਿੰਗ ਪਰਮਿਟ ਦੀ ਆਗਿਆ ਦਿੱਤੀ ਗਈ ਹੈ ਅਤੇ ਸਟੇਜ 3 ਵਿੱਚ ਉਨ੍ਹਾਂ ਦੀ ਮਿਆਦ ਵਧਾਉਣ ਦੀ ਮਨਜ਼ੂਰੀ ਹੋਵੇਗੀ। ਇਸੇ ਤਰ੍ਹਾਂ ਸਟੇਜ 3 ਦੌਰਾਨ 5000 ਲੀਟਰ ਤੱਕ ਵਾਲੇ ਛੋਟੇ ਰਿਹਾਇਸ਼ੀ ਪੂਲਾਂ ਨੂੰ ਭਰਨ ਦੀ ਆਗਿਆ ਵੀ ਦਿੱਤੀ ਗਈ ਹੈ। ਹਰ ਸਟੇਜ ਵਿੱਚ ਠੰਢਕ ਦੇ ਸਾਧਨਾਂ ਜਿਵੇਂ ਕਿ ਸਪਰੇਅ ਪਾਰਕ, ਮਿਸਟਿੰਗ ਸਟੇਸ਼ਨ ਅਤੇ ਨਗਰਪਾਲਿਕਾ ਪੂਲਾਂ ਤੱਕ ਲੋਕਾਂ ਦੀ ਪਹੁੰਚ ਕਾਇਮ ਰਹੇਗੀ। ਸਟੇਜ 1, 2 ਅਤੇ 3 ਦੌਰਾਨ ਨਗਰਪਾਲਿਕਾ ਦੇ ਕੰਮਕਾਜ ਅਤੇ ਨਿਰਮਾਣ ਗਤੀਵਿਧੀਆਂ ਲਈ ਛੋਟਾਂ ਨੂੰ ਵੀ ਸਪੱਸ਼ਟ ਕੀਤਾ ਗਿਆ ਹੈ। ਅੱਪਡੇਟ ਕੀਤੇ ਬਾਇਲਾਅ ਵਿੱਚ ਇਹ ਵੀ ਸਾਫ ਕੀਤਾ ਗਿਆ ਹੈ ਕਿ ਸ਼ਹਿਰ ਕੋਲ ਸਥਾਨਕ ਹਾਲਤਾਂ ਅਨੁਸਾਰ ਪਾਣੀ ਦੀਆਂ ਪਾਬੰਦੀਆਂ ਦੇ ਸਟੇਜ ਲਾਗੂ ਕਰਨ ਦਾ ਪੂਰਾ ਅਧਿਕਾਰ ਹੈ। ਸਿਟੀ ਵੱਲੋਂ ਵਸਨੀਕਾਂ ਅਤੇ ਕਾਰੋਬਾਰਾਂ ਨੂੰ ਪਾਣੀ ਦੀਆਂ ਪਾਬੰਦੀਆਂ ਬਾਰੇ ਲਗਾਤਾਰ ਸੂਚਿਤ ਕਰਨਾ ਜਾਰੀ ਰੱਖਿਆ ਜਾਵੇਗਾ। ਜੇਕਰ ਸਰੀ ਦੀਆਂ ਪਾਬੰਦੀਆਂ ਖੇਤਰੀ ਨਿਯਮਾਂ ਤੋਂ ਵੱਖਰੀਆਂ ਹੋਣਗੀਆਂ ਤਾਂ ਸਿਟੀ ਵਾਧੂ ਜਾਣਕਾਰੀ ਸਾਂਝੀ ਕਰੇਗਾ। ਪਾਬੰਦੀਆਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਪਹਿਲਾਂ ਚੇਤਾਵਨੀਆਂ ਦਿੱਤੀਆਂ ਜਾਣਗੀਆਂ ਅਤੇ ਵਾਰ ਵਾਰ ਉਲੰਘਣਾ ਕਰਨ ਵਾਲਿਆਂ ਨੂੰ ਸਥਾਪਿਤ ਪ੍ਰਕਿਰਿਆਵਾਂ ਅਨੁਸਾਰ ਜੁਰਮਾਨੇ ਜਾਰੀ ਕੀਤੇ ਜਾਣਗੇ ਤਾਂ ਜੋ ਅੱਗ ਬੁਝਾਉਣ ਸਮੇਤ ਜ਼ਰੂਰੀ ਵਰਤੋਂ ਲਈ ਪਾਣੀ ਬਚਾਇਆ ਜਾ ਸਕੇ। This report was written by Ekjot Singh as part of the Local Journalism Initiative.



# ਸਸਕੈਚਵਨ ਵਿਧਾਨ ਸਭਾ ਵਿੱਚ 110 ਸਾਲਾਂ ਬਾਅਦ ਬਣੇਗਾ ਮਹਿਲਾ ਵਿਧਾਇਕਾਂ ਲਈ ਵੱਖਰਾ ਬਾਥਰੂਮ

## ਜੂਨ ਵਿੱਚ ਮੁਕੰਮਲ ਹੋਵੇਗਾ ਮਹਿਲਾਵਾਂ ਲਈ ਵਿਸ਼ੇਸ਼ ਵਾਸ਼ਰੂਮ, 200000 ਡਾਲਰ ਆਵੇਗਾ ਖਰਚ

ਸਰੀ, (ਏਕਜੋਤ ਸਿੰਘ): ਸਸਕੈਚਵਨ ਦੀ ਵਿਧਾਨ ਸਭਾ ਵਿੱਚ ਮਹਿਲਾ ਸਿਆਸਤਦਾਨਾਂ ਨੂੰ 110 ਸਾਲਾਂ ਤੋਂ ਵੱਧ ਸਮੇਂ ਤੱਕ ਬਿਨਾਂ ਕਿਸੇ ਵਿਸ਼ੇਸ਼ ਵਾਸ਼ਰੂਮ ਦੇ ਰਹਿਣ ਤੋਂ ਬਾਅਦ ਹੁਣ ਜਲਦੀ ਹੀ ਆਪਣਾ ਨਿੱਜੀ ਬਾਥਰੂਮ ਮਿਲੇਗਾ। ਵਿਧਾਨ ਸਭਾ ਦੇ ਬਿਲਡਿੰਗ ਮੈਨੇਜਰ ਸਟੀਵ ਬਾਟਾ ਨੇ ਬੁੱਧਵਾਰ ਨੂੰ ਦੱਸਿਆ ਕਿ ਸਿਰਫ਼ ਮਹਿਲਾ ਮੈਂਬਰਾਂ ਲਈ ਤਿਆਰ ਕੀਤਾ ਜਾ ਰਿਹਾ ਇਹ ਵਾਸ਼ਰੂਮ ਜੂਨ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ। ਜਦੋਂ ਤੋਂ 1912 ਵਿੱਚ ਇਹ ਵਿਧਾਨ ਸਭਾ ਖੁੱਲ੍ਹੀ ਹੈ, ਉਦੋਂ ਤੋਂ ਹੀ ਪੁਰਸ਼ ਸਿਆਸਤਦਾਨਾਂ ਲਈ ਇੱਕ ਆਲੀਸ਼ਾਨ ਅਤੇ ਵਿਸ਼ੇਸ਼ ਬਾਥਰੂਮ ਮੌਜੂਦ ਹੈ, ਜਿਸ ਵਿੱਚ ਮਾਰਬਲ ਦੇ ਡਿਵਾਈਡਰ, ਓਕ ਦੇ ਦਰਵਾਜ਼ੇ, 5 ਸਿੰਕ ਅਤੇ ਇੱਕ ਡਰੈਸਰ ਸ਼ਾਮਲ ਹਨ।



ਮਹਿਲਾ ਵਿਧਾਇਕਾਂ ਨੂੰ ਹੁਣ ਤੱਕ ਆਮ ਜਨਤਾ ਲਈ ਬਣੇ ਛੋਟੇ ਵਾਸ਼ਰੂਮਾਂ ਦੀ ਵਰਤੋਂ ਕਰਨੀ ਪੈਂਦੀ ਸੀ। ਵਿਰੋਧੀ ਧਿਰ ਐਨਡੀਪੀ ਦੀ ਹਾਊਸ ਲੀਡਰ ਨਿਕੋਲ ਸਾਰਾਓਰ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ। ਉਹਨਾਂ ਦੱਸਿਆ ਕਿ ਉਹਨਾਂ ਦੇ ਕਾਕਸ ਵਿੱਚ ਪਿਛਲੇ ਲੰਬੇ ਸਮੇਂ ਤੋਂ 50 ਫੀਸਦੀ ਮਹਿਲਾਵਾਂ ਸ਼ਾਮਲ ਹਨ। ਸਸਕੈਚਵਨ ਦੀ 61 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਇਸ ਵੇਲੇ 21 ਮਹਿਲਾਵਾਂ ਹਨ, ਜਿਨ੍ਹਾਂ ਵਿੱਚੋਂ 12 ਐਨਡੀਪੀ ਨਾਲ, 8 ਸਸਕੈਚਵਨ ਪਾਰਟੀ ਦੀ ਸਰਕਾਰ ਨਾਲ ਅਤੇ 1 ਆਜ਼ਾਦ ਮੈਂਬਰ ਹੈ।

ਸਾਰਾਓਰ ਨੇ ਕਿਹਾ ਕਿ ਮਹਿਲਾ ਮੈਂਬਰਾਂ ਲਈ ਵੱਖਰਾ ਬਾਥਰੂਮ ਹੋਣਾ ਇਹ ਯਕੀਨੀ ਬਣਾਉਂਦਾ ਹੈ ਕਿ ਸਾਰਿਆਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾ ਰਿਹਾ ਹੈ। ਜਦੋਂ ਮਹਿਲਾਵਾਂ ਲਈ ਪੁਰਸ਼ਾਂ ਦੇ ਬਰਾਬਰ ਸਹੂਲਤਾਂ ਨਹੀਂ ਹੁੰਦੀਆਂ, ਤਾਂ ਸਮਾਜ ਨੂੰ ਇਹ ਸੁਨੇਹਾ ਜਾਂਦਾ ਹੈ ਕਿ ਇੱਕ ਸਮੂਹ ਦੂਜੇ ਨਾਲੋਂ ਵੱਧ ਮਹੱਤਵਪੂਰਨ ਹੈ। ਉਹਨਾਂ ਦੱਸਿਆ ਕਿ ਕੁੱਝ ਸਾਲ ਪਹਿਲਾਂ ਬਿਲਡਿੰਗ ਵਿੱਚ ਮਹਿਲਾਵਾਂ ਲਈ ਇੱਕ ਸਿੰਗਲ-ਸਟਾਲ ਵਾਸ਼ਰੂਮ ਬਣਾਇਆ ਗਿਆ ਸੀ, ਪਰ ਉਹ ਸਰਕਾਰ ਵਾਲੇ ਪਾਸੇ ਬਹੁਤ ਅੰਦਰ ਸੀ, ਜਿਸ ਕਾਰਨ ਵਿਰੋਧੀ ਧਿਰ ਦੀਆਂ ਮਹਿਲਾਵਾਂ ਲਈ ਉੱਥੇ ਜਾਣਾ ਬਹੁਤ ਮੁਸ਼ਕਲ ਹੁੰਦਾ ਸੀ।

ਬਿਲਡਿੰਗ ਮੈਨੇਜਰ ਬਾਟਾ ਨੇ ਦੱਸਿਆ ਕਿ ਨਵੇਂ ਮਹਿਲਾ ਵਾਸ਼ਰੂਮ ਵਿੱਚ ਪੁਰਸ਼ਾਂ ਦੇ ਬਾਥਰੂਮ ਵਾਂਗ ਹੀ ਪੁਰਾਣੇ ਮਾਰਬਲ ਵਰਗੇ ਇਤਿਹਾਸਕ ਤੱਤ ਸ਼ਾਮਲ ਕੀਤੇ ਜਾਣਗੇ। ਇਸ ਵਿੱਚ ਬੱਚਿਆਂ ਦੇ ਕੱਪੜੇ ਬਦਲਣ ਲਈ ਟੇਬਲ ਅਤੇ ਫੈਮਿਲੀ ਏਰੀਆ ਵੀ ਹੋਵੇਗਾ। ਇਸ ਸਾਰੇ ਨਵੀਨੀਕਰਨ ਅਤੇ ਪਲੰਬਿੰਗ ਦੇ ਕੰਮ 'ਤੇ ਲਗਭਗ 200000 ਡਾਲਰ ਦੀ ਲਾਗਤ ਆਉਣ ਦਾ ਅਨੁਮਾਨ ਹੈ। ਵਿਧਾਨ ਸਭਾ ਦੇ ਸਪੀਕਰ ਟੌਡ ਗੌਡੀ ਨੇ ਕਿਹਾ ਕਿ ਇਹ ਇਮਾਰਤ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਣ ਤੋਂ 4 ਸਾਲ ਪਹਿਲਾਂ ਬਣੀ ਸੀ, ਇਸ ਲਈ ਉਦੋਂ ਇਸਦੀ ਲੋੜ ਨਹੀਂ ਸਮਝੀ ਗਈ ਸੀ, ਪਰ ਹੁਣ ਇਸਨੂੰ ਬਣਾਉਣਾ ਇੱਕ ਸ਼ਲਾਘਾਯੋਗ ਕਦਮ ਹੈ। This report was written by Ekjot Singh as part of the Local Journalism Initiative.

ਵੈਨਕੂਵਰ ਦੇ ਕੈਸੀਨੋ ਵਿੱਚ ਧੋਖਾਧੜੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

# ਕੈਸੀਨੋ ਵਿੱਚ 200,000 ਡਾਲਰ ਦੀ ਠੱਗੀ ਮਾਰਨ ਵਾਲੇ 4 ਵਿਅਕਤੀ ਕਾਬੂ, 330,000 ਡਾਲਰ ਬਰਾਮਦ



ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਕੰਬਾਈਂਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ (ਸੀਐਫਐਸਈਯੂ ਬੀਸੀ) ਦੀ ਜੁਆਇੰਟ ਇਲੀਗਲ ਗੇਮਿੰਗ ਇਨਵੈਸਟੀਗੇਸ਼ਨ ਟੀਮ (ਜਿਗਿਟ) ਨੇ ਇੰਡੀਪੈਂਡੈਂਟ ਗੈਂਬਲਿੰਗ ਕੰਟਰੋਲ ਆਫਿਸ (ਆਈਜੀਸੀਓ) ਨਾਲ ਮਿਲ ਕੇ 1 ਅਹਿਮ ਕਾਰਵਾਈ ਕੀਤੀ ਹੈ। ਇਸ ਸਾਂਝੀ ਕਾਰਵਾਈ ਦੌਰਾਨ ਕੈਸੀਨੋ ਵਿੱਚ ਧੋਖਾਧੜੀ ਕਰਨ ਦੇ ਦੋਸ਼ ਹੇਠ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਕਰਤਾਵਾਂ ਦਾ ਮੰਨਣਾ ਹੈ ਕਿ ਇਸ ਗਿਰੋਹ ਨੇ ਬ੍ਰਿਟਿਸ਼ ਕੋਲੰਬੀਆ ਦੇ ਕੈਸੀਨੋਜ਼ ਨਾਲ 200,000 ਡਾਲਰ ਤੋਂ ਵੱਧ ਦੀ ਠੱਗੀ ਮਾਰੀ ਹੈ।

ਆਈਜੀਸੀਓ ਵੱਲੋਂ 4 ਮਈ 2026 ਨੂੰ ਵੈਨਕੂਵਰ ਦੇ 1 ਕੈਸੀਨੋ ਵਿੱਚ ਖੇਡ ਦੌਰਾਨ ਸ਼ੱਕੀ ਧੋਖਾਧੜੀ ਦੀ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਤੋਂ ਬਾਅਦ ਇਹ ਮਾਮਲਾ ਜਿਗਿਟ ਨੂੰ ਸੌਂਪ ਦਿੱਤਾ ਗਿਆ ਜਿਸ ਨੇ ਤੁਰੰਤ ਇਸ ਸਕੀਮ ਵਿੱਚ ਸ਼ਾਮਲ 4 ਸ਼ੱਕੀਆਂ ਖਿਲਾਫ ਅਪਰਾਧਿਕ ਜਾਂਚ ਸ਼ੁਰੂ ਕਰ ਦਿੱਤੀ। ਆਈਜੀਸੀਓ ਅਤੇ ਜਿਗਿਟ ਦੇ ਅਧਿਕਾਰੀਆਂ ਦੇ ਸਾਂਝੇ ਯਤਨਾਂ ਸਦਕਾ 4 ਮਈ 2026 ਨੂੰ ਹੀ ਚਾਰੇ ਸ਼ੱਕੀਆਂ ਦਾ ਪਤਾ ਲਗਾ ਲਿਆ ਗਿਆ ਅਤੇ ਜਾਂਚ ਤੇਜ਼ੀ ਨਾਲ ਅੱਗੇ ਵਧੀ।

ਪੁਲਿਸ ਵੱਲੋਂ 5 ਮਈ 2026 ਨੂੰ ਵੈਨਕੂਵਰ ਵਿੱਚ ਇਨ੍ਹਾਂ ਚਾਰੇ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਨ੍ਹਾਂ ਵਿੱਚ 2 ਮਰਦ ਅਤੇ 2 ਔਰਤਾਂ ਸ਼ਾਮਲ ਹਨ। ਬਾਅਦ ਵਿੱਚ ਉਨ੍ਹਾਂ ਨੂੰ ਚਾਰਜ ਅਪਰੂਵਲ ਪ੍ਰਕਿਰਿਆ ਲੰਬਿਤ ਹੋਣ ਤੱਕ ਰਿਹਾਅ ਕਰ ਦਿੱਤਾ ਗਿਆ। ਅਧਿਕਾਰੀਆਂ ਵੱਲੋਂ ਵਿਅਕਤੀਆਂ ਅਤੇ ਉਨ੍ਹਾਂ ਦੇ ਸਮਾਨ ਦੀ ਤਲਾਸ਼ੀ ਦੌਰਾਨ ਲਗਭਗ 330,000 ਡਾਲਰ ਦੀ ਨਕਦੀ ਬਰਾਮਦ ਕੀਤੀ ਗਈ ਜਿਸ ਨੂੰ ਅਪਰਾਧਿਕ ਕਮਾਈ ਮੰਨਿਆ ਜਾ ਰਿਹਾ ਹੈ।

ਕੈਸੀਨੋ ਵਿੱਚ ਖੇਡ ਦੌਰਾਨ ਧੋਖਾਧੜੀ ਦੀ ਜਾਂਚ ਅਜੇ ਜਾਰੀ ਹੈ। ਜਾਂਚ ਅਧਿਕਾਰੀ ਫਿਲਹਾਲ ਕਈ ਦੋਸ਼ਾਂ 'ਤੇ ਕੰਮ ਕਰ ਰਹੇ ਹਨ ਜਿਨ੍ਹਾਂ ਵਿੱਚ ਖੇਡ ਵਿੱਚ ਧੋਖਾਧੜੀ ਕਰਨਾ, ਅਪਰਾਧ ਤੋਂ ਪ੍ਰਾਪਤ ਕਮਾਈ ਨੂੰ ਆਪਣੇ ਕੋਲ ਰੱਖਣਾ ਅਤੇ ਜਾਅਲੀ ਦਸਤਾਵੇਜ਼ ਪੇਸ਼ ਕਰਨਾ ਜਾਂ ਪਛਾਣ ਲੁਕਾਉਣਾ ਸ਼ਾਮਲ ਹੈ। ਜਿਗਿਟ ਦੇ ਅਧਿਕਾਰੀ ਐਲਵਿਨ ਐਨਜੀ ਨੇ ਕਿਹਾ ਕਿ ਇਹ ਕਾਰਵਾਈ ਗੈਰ ਕਾਨੂੰਨੀ ਗਤੀਵਿਧੀਆਂ ਦੀ ਪਛਾਣ ਕਰਨ ਅਤੇ ਸ਼ੱਕੀਆਂ ਨੂੰ ਫੜਨ ਵਿੱਚ ਏਜੰਸੀਆਂ ਦੇ ਮਜ਼ਬੂਤ ਕੰਮਕਾਜੀ ਰਿਸ਼ਤੇ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਲਾਟਰੀ ਕਾਰਪੋਰੇਸ਼ਨ ਦਾ ਵੀ ਧੰਨਵਾਦ ਪ੍ਰਗਟ ਕੀਤਾ। This report was written by Ekjot Singh as part of the Local Journalism Initiative.

# ਕੌਂਸਲਰ ਰੂਡਨਬਰਗ ਖ਼ਿਲਾਫ਼ ਦਾਇਰ ਮੁਕੱਦਮਾ ਰੱਦ ਕਰਨ ਦੀ ਮੰਗ



ਸਰੀ, (ਏਕਜੋਤ ਸਿੰਘ): ਕਵੇਸਨੇਲ ਸ਼ਹਿਰ ਦੇ ਮੇਅਰ ਰੌਨ ਪੌਲ ਦੀ ਪਤਨੀ ਪੈਟ ਮੋਰਟਨ ਵੱਲੋਂ ਸਿਟੀ ਕੌਂਸਲਰ ਲੌਰੀ ਐਨ ਰੂਡਨਬਰਗ ਖਿਲਾਫ ਦਾਇਰ ਕੀਤੇ ਗਏ ਮਾਣਹਾਨੀ ਦੇ ਮੁਕੱਦਮੇ ਵਿੱਚ ਨਵਾਂ ਮੋੜ ਆਇਆ ਹੈ। ਕੌਂਸਲਰ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਇਸ ਮੁਕੱਦਮੇ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦਾ ਅਸਲ ਮਕਸਦ ਸਿਆਸੀ ਪ੍ਰਗਟਾਵੇ ਨੂੰ ਦਬਾਉਣਾ ਅਤੇ ਸਜ਼ਾ ਦੇਣਾ ਹੈ। 12 ਮਈ ਨੂੰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜਸਟਿਸ ਰੋਨਾਲਡ ਟਿੰਡੇਲ ਦੇ ਸਾਹਮਣੇ ਪੇਸ਼ ਹੁੰਦਿਆਂ ਵਕੀਲ ਅੰਜਾ ਨੇਲ ਨੇ ਕਿਹਾ ਕਿ ਕੌਂਸਲਰ ਰੂਡਨਬਰਗ ਵੱਲੋਂ ਪ੍ਰਗਟਾਏ ਗਏ ਵਿਚਾਰ ਜਨਤਕ ਹਿੱਤ ਵਿੱਚ ਸਨ। ਉਨ੍ਹਾਂ ਮੁਤਾਬਕ ਜਨਤਕ ਹਿੱਤਾਂ ਦੀ ਅਹਿਮੀਅਤ ਮੋਰਟਨ ਦੇ ਮੁਕੱਦਮੇ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇਣ ਨਾਲੋਂ ਕਿਤੇ ਭਾਰੀ ਹੈ। ਵਕੀਲ ਨੇ ਸਪੱਸ਼ਟ ਕੀਤਾ ਕਿ ਮੁਦਈ ਦਾ ਦਾਅਵਾ ਆਪਣੀ ਸਾਖ ਬਚਾਉਣ ਦੀ ਕੋਸ਼ਿਸ਼ ਨਹੀਂ ਹੈ ਬਲਕਿ ਇਹ ਭਾਈਚਾਰੇ ਵਿੱਚ ਉਠਾਈਆਂ ਗਈਆਂ ਚਿੰਤਾਵਾਂ ਨੂੰ ਕੰਟਰੋਲ ਕਰਨ ਦਾ ਇੱਕ ਯਤਨ ਹੈ।

ਇਹ ਸਾਰਾ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਪੈਟ ਮੋਰਟਨ ਨੇ ਇੱਕ ਕਿਤਾਬ ਦੀਆਂ ਕਾਪੀਆਂ ਵੰਡੀਆਂ ਜਿਸ ਦਾ ਨਾਮ 'ਗ੍ਰੇਵ ਐਰਰ: ਹਾਓ ਦਿ ਮੀਡੀਆ ਮਿਸਲੈੱਡ ਅਸ' ਹੈ। ਇਹ ਕਿਤਾਬ 2015 ਦੇ ਟਰੁੱਥ ਐਂਡ ਰੀਕੌਂਸਿਲੀਏਸ਼ਨ ਕਮਿਸ਼ਨ ਦੀ ਰਿਪੋਰਟ ਅਤੇ 2021 ਵਿੱਚ ਕੈਮਲੂਪਸ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਵਿਖੇ 215 ਬੱਚਿਆਂ ਦੀਆਂ ਕਬਰਾਂ ਦੇ ਦਾਅਵਿਆਂ 'ਤੇ ਸਵਾਲ ਚੁੱਕਦੀ ਹੈ। ਕੌਂਸਲਰ ਰੂਡਨਬਰਗ ਨੇ ਇਸ ਕਿਤਾਬ ਦੀ ਵੰਡ 'ਤੇ ਸਖਤ ਇਤਰਾਜ਼ ਜਤਾਇਆ ਸੀ। ਰੂਡਨਬਰਗ ਸਿਟੀ ਕੌਂਸਲ ਵਿੱਚ ਮੂਲਵਾਸੀ ਸਬੰਧਾਂ ਦੀ ਨੁਮਾਇੰਦਗੀ ਕਰਦੇ ਹਨ। ਉਨ੍ਹਾਂ ਦੇ ਵਕੀਲ ਨੇਲ ਨੇ ਕਿਹਾ ਕਿ ਕੌਂਸਲਰ ਨੇ ਕੈਨੇਡਾ ਵਿੱਚ ਰੈਜ਼ੀਡੈਂਸ਼ੀਅਲ ਸਕੂਲ ਪ੍ਰਣਾਲੀ ਕਾਰਨ ਮੂਲਵਾਸੀ ਲੋਕਾਂ ਨੂੰ ਹੋਏ ਦੁੱਖਾਂ ਬਾਰੇ ਬੋਲਣ ਦਾ ਆਪਣਾ ਫਰਜ਼ ਨਿਭਾਇਆ ਹੈ। ਪਿਛਲੇ ਸਾਲ ਮਈ ਵਿੱਚ ਮੋਰਟਨ ਨੇ ਰੂਡਨਬਰਗ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦਾ ਵਤੀਰਾ ਮਾਣਹਾਨੀ ਵਾਲਾ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਸੀ। ਦੂਜੇ ਪਾਸੇ ਨੇਲ ਨੇ ਅਦਾਲਤ ਨੂੰ ਦੱਸਿਆ ਕਿ ਮੋਰਟਨ ਇਹ ਸਾਬਤ ਕਰਨ ਵਿੱਚ ਅਸਫਲ ਰਹੇ ਹਨ ਕਿ ਰੂਡਨਬਰਗ ਦੇ ਬਿਆਨਾਂ ਨਾਲ ਉਨ੍ਹਾਂ ਨੂੰ ਕੋਈ ਨੁਕਸਾਨ ਹੋਇਆ ਹੈ। ਅਦਾਲਤ ਵਿੱਚ ਸਿਟੀ ਕੌਂਸਲ ਦੀ ਮੀਟਿੰਗ ਦੀ ਰਿਕਾਰਡਿੰਗ ਵੀ ਚਲਾਈ ਗਈ ਜਿੱਥੇ ਮੇਅਰ ਰੌਨ ਪੌਲ ਨੇ ਖੁਦ ਕਿਹਾ ਸੀ ਕਿ ਉਹ ਆਪਣੀ ਪਤਨੀ ਦੀਆਂ ਕਾਰਵਾਈਆਂ ਨਾਲ ਸਹਿਮਤ ਨਹੀਂ ਹਨ।

## ਸਫ਼ਾ 1 ਦਾ ਬਾਕੀ

ਕੈਨੇਡੀਅਨ ਨੌਜਵਾਨਾਂ ਵਿੱਚ ਵੱਧ

ਉਹਨਾਂ ਲਈ ਇੱਕ ਅਧੂਰਾ ਸੁਪਨਾ ਬਣ ਚੁੱਕਾ ਹੈ। ਇਹ ਆਰਥਿਕ ਬੇਬਸੀ ਮਾਨਸਿਕ ਸਿਹਤ ਦੇ ਸੰਕਟ ਵਿੱਚ ਬਦਲ ਜਾਂਦੀ ਹੈ। ਜਦੋਂ ਕਿਰਾਏ, ਰੋਜ਼ੀ-ਰੋਟੀ ਅਤੇ ਭਵਿੱਖ ਦੀ ਚਿੰਤਾ ਲਗਾਤਾਰ ਸਤਾਉਂਦੀ ਹੈ, ਤਾਂ ਸਰੀਰ ਵਿੱਚ ਤਣਾਅ ਵਾਲੇ ਹਾਰਮੋਨ ਹਰ ਵੇਲੇ ਉੱਚੇ ਪੱਧਰ ਉੱਤੇ ਰਹਿੰਦੇ ਹਨ, ਜਿਸ ਨਾਲ ਗੰਭੀਰ ਘਬਰਾਹਟ ਅਤੇ ਉਦਾਸੀ ਜਨਮ ਲੈਂਦੀ ਹੈ। ਮਾਨਸਿਕ ਸਿਹਤ ਦਾ ਇਲਾਜ ਮਹਿੰਗਾ ਹੋਣ ਕਾਰਨ ਕਈ ਨੌਜਵਾਨ ਆਪਣੇ ਦਰਦ ਨੂੰ ਦਬਾਉਣ ਲਈ ਬਿਨਾਂ ਡਾਕਟਰੀ ਪਰਚੀ ਤੋਂ ਮਿਲਣ ਵਾਲੀਆਂ ਗੋਲੀਆਂ ਵੱਲ ਮੁੜਦੇ ਹਨ।

ਇਹੀ ਉਹ ਘਾਤਕ ਮੋੜ ਹੈ ਜਿੱਥੇ ਕੈਨੇਡਾ ਦਾ ਨਸ਼ਾ-ਜ਼ਹਿਰ ਸੰਕਟ ਸ਼ੁਰੂ ਹੁੰਦਾ ਹੈ। ਕੈਨੇਡਾ ਦੀ ਸਿਹਤ ਮੰਤਰਾਲੇ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2024 ਵਿੱਚ ਔਸਤਨ 20 ਕੈਨੇਡੀਅਨ ਹਰ ਰੋਜ਼ ਨਸ਼ੀਲੇ ਪਦਾਰਥਾਂ ਦੀ ਜ਼ਹਿਰੀਲੀ ਮਾਤਰਾ ਨਾਲ ਮੌਤ ਦੇ ਮੂੰਹ ਵਿੱਚ ਚਲੇ ਗਏ। ਕੁੱਲ ਮੌਤਾਂ ਦੀ ਗਿਣਤੀ 7,146 ਸੀ ਅਤੇ ਇਹਨਾਂ ਵਿੱਚੋਂ ਤਕਰੀਬਨ 75 ਫ਼ੀਸਦੀ ਮੌਤਾਂ ਪਿੱਛੇ ਗ਼ੈਰ-ਕਾਨੂੰਨੀ ਬਾਜ਼ਾਰ ਵਿੱਚ ਮਿਲਣ ਵਾਲਾ ਜ਼ਹਿਰੀਲਾ ਰਸਾਇਣਕ ਪਦਾਰਥ 'ਫ਼ੈਂਟਾਨਿਲ' ਜ਼ਿੰਮੇਵਾਰ ਸੀ, ਜੋ ਮਾਮੂਲੀ ਮਾਤਰਾ ਵਿੱਚ ਵੀ ਇਨਸਾਨ ਦੀ ਜਾਨ ਲੈ ਸਕਦਾ ਹੈ। ਖੋਜਕਾਰ ਇਹਨਾਂ ਨੂੰ "ਨਿਰਾਸ਼ਾ ਦੀਆਂ ਮੌਤਾਂ" ਕਹਿੰਦੇ ਹਨ, ਭਾਵ ਉਹ ਮੌਤਾਂ ਜਿਨ੍ਹਾਂ ਦੀ ਜੜ੍ਹ ਆਰਥਿਕ ਬੇਵਸੀ ਅਤੇ ਸਮਾਜਿਕ ਅਸੁਰੱਖਿਆ ਵਿੱਚ ਹੁੰਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸੰਕਟ ਨੂੰ ਸਿਰਫ਼ ਹਸਪਤਾਲਾਂ ਜਾਂ ਪੁਲਿਸ ਦੇ ਜ਼ੋਰ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਜਦੋਂ ਤੱਕ ਆਰਥਿਕ ਅਸਮਾਨਤਾ ਨੂੰ ਘੱਟ ਨਹੀਂ ਕੀਤਾ ਜਾਂਦਾ, ਨੌਜਵਾਨਾਂ ਲਈ ਸੁਰੱਖਿਅਤ ਰੁਜ਼ਗਾਰ ਯਕੀਨੀ ਨਹੀਂ ਕੀਤਾ ਜਾਂਦਾ ਅਤੇ ਰਿਹਾਇਸ਼ ਨੂੰ ਮੁਨਾਫ਼ੇ ਦੀ ਵਸਤ ਦੀ ਬਜਾਏ ਬੁਨਿਆਦੀ ਮਨੁੱਖੀ ਅਧਿਕਾਰ ਨਹੀਂ ਮੰਨਿਆ ਜਾਂਦਾ, ਉਦੋਂ ਤੱਕ ਇਹ ਸੰਕਟ ਜਾਰੀ ਰਹੇਗਾ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਇਸ ਤਰ੍ਹਾਂ ਬਰਬਾਦ ਹੁੰਦੀਆਂ ਰਹਿਣਗੀਆਂ।


ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997 SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

# ਪੰਜਾਬੀ ਯੂਨੀਵਰਸਿਟੀ ਪਟਿਆਲਾ ਐਲਿਊਮਨਾਈ ਬੀਸੀ ਚੈਪਟਰ ਵੱਲੋਂ ਸਾਲਾਨਾ ਸਮਾਗਮ ਆਯੋਜਿਤ

-ਸਾਬਕਾ ਵਿਦਿਆਰਥੀਆਂ ਨੇ ਸ਼ਮੂਲੀਅਤ 'ਚ ਦਿਖਾਈ ਦਿਲਚਸਪੀ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਪੰਜਾਬੀ ਯੂਨੀਵਰਸਿਟੀ ਪਟਿਆਲਾ ਐਲਿਊਮਨਾਈ ਬੀਸੀ ਚੈਪਟਰ ਵੱਲੋਂ ਸਾਲਾਨਾ ਸਮਾਗਮ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼, ਪੁਰਾਣੇ ਵਿਦਿਆਰਥੀ, ਵਿਦਿਆਰਥੀ ਆਪਣੇ ਪਰਿਵਾਰਾਂ ਅਤੇ ਦੋਸਤਾਂ ਸਮੇਤ ਸ਼ਾਮਲ ਹੋਏ ਅਤੇ ਸਾਰਿਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਆਪਣੀਆਂ ਸਾਂਝਾਂ ਅਤੇ ਯਾਦਾਂ ਨੂੰ ਤਾਜ਼ਾ ਕੀਤਾ।





ਪ੍ਰੋਗਰਾਮ ਦੀ ਸ਼ੁਰੂਆਤ ਮੀਰਾ ਗਿੱਲ ਵੱਲੋਂ ਸਾਰਿਆਂ ਨੂੰ 'ਜੀ ਆਇਆਂ ਨੂੰ' ਕਹਿ ਕੇ ਕੀਤੀ ਗਈ। ਇਸ ਮੌਕੇ ਚੈਪਟਰ ਦੇ ਪ੍ਰਧਾਨ ਪਰਮਿੰਦਰ ਸਿੰਘ ਭਾਟੀਆ ਅਤੇ ਪਲੈਨਿੰਗ ਕਮੇਟੀ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਹਿਯੋਗ ਲਈ ਧੰਨਵਾਦ ਕੀਤਾ।

ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਕੁਲਦੀਪ ਸਿੰਘ ( ਸਾਂਝਾ ਟੀਵੀ), ਹਰਪ੍ਰੀਤ ਧਾਲੀਵਾਲ, ਵਿਕ ਥਿੰਦ ਅਤੇ ਕੁਲਦੀਪ ਸਿੰਘ ਸਿੱਧੂ ਨੇ ਰਲ ਕੇ ਬੜੀ ਬਖ਼ੂਬੀ ਨਾਲ ਨਿਭਾਈ।

ਸਮਾਗਮ ਦੌਰਾਨ ਜਿਨ੍ਹਾਂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ ਉਨ੍ਹਾਂ ਵਿੱਚ ਜੈਸਮੀਨ ਰੇਡ ਐਫ਼ਐਮ ਮੇਜ਼ਬਾਨ, ਡਾ. ਅਮਰਜੀਤ ਭੁੱਲਰ ਕੰਨੈਕਟ ਐਫ਼ਐਮ, ਡਾ. ਜੈਸਮੀਨ ਸਿੰਘ ਕੰਨੈਕਟ ਐਫ਼ਐਮ ਅਤੇ ਪੰਜਾਬੀ ਥੀਏਟਰ ਅਤੇ ਮਨੋਰੰਜਨ ਜਗਤ ਦੀ ਮਸ਼ਹੂਰ ਸ਼ਖਸੀਅਤ ਰਾਣਾ ਰਣਬੀਰ ਸਨ।

ਸਮਾਗਮ ਵਿੱਚ ਗੁਲਾਟੀ ਪਬਲੀਕੇਸ਼ਨ ਦੇ ਹਰਦਮ ਮਾਨ ਵੱਲੋਂ ਪੰਜਾਬੀ ਕਿਤਾਬਾਂ ਦਾ ਇੱਕ ਵਿਸ਼ੇਸ਼ ਸਟਾਲ ਲਗਾਇਆ ਗਿਆ। ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ ਮਹਿਮਾਨਾਂ ਨੇ ਕਿਤਾਬਾਂ ਖਰੀਦੀਆਂ ਅਤੇ ਇਸ ਉਪਰਾਲੇ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ।

ਇਸ ਤੋਂ ਇਲਾਵਾ, ਸਮਾਗਮ ਦੌਰਾਨ ਆਰਗਨ ਡੋਨੇਸ਼ਨ ਬਾਰੇ ਜਾਗਰੂਕਤਾ ਫੈਲਾਉਣ ਲਈ ਯੂ ਬੀ ਸੀ ਤੋਂ ਰੀਤਿੰਦਰ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ। ਉਨ੍ਹਾਂ ਨੇ ਆਰਗਨ ਡੋਨੇਸ਼ਨ ਅਤੇ ਕਿਡਨੀ ਟ੍ਰਾਂਸਪਲਾਂਟ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ ਜਦੋਂ ਕਿ ਮੀਰਾ ਗਿੱਲ ਨੇ ਵੀ ਸਾਰਿਆਂ ਨੂੰ ਬੀਸੀ ਆਰਗਨ ਡੋਨਰ ਪ੍ਰੋਗਰਾਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਯੂ ਬੀ ਸੀ ਦੀ ਵਿਦਿਆਰਥਣ ਗੁਨੀਤ ਕੌਰ ਨੇ ਆਪਣੇ ਪਰਿਵਾਰ ਦਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ ਆਪਣੇ ਪਿਤਾ ਦੀ ਬਿਮਾਰੀ ਦੌਰਾਨ ਪਰਿਵਾਰ ਨੇ ਮੁਸ਼ਕਲਾਂ ਭਰਿਆ ਸਮਾਂ ਦੇਖਿਆ ਅਤੇ ਇੱਕ ਕਿਡਨੀ ਟ੍ਰਾਂਸਪਲਾਂਟ ਨੇ ਨਾ ਸਿਰਫ਼ ਉਨ੍ਹਾਂ ਦੇ ਪਿਤਾ ਦੀ ਜ਼ਿੰਦਗੀ ਬਦਲੀ, ਸਗੋਂ ਪੂਰੇ ਪਰਿਵਾਰ ਨੂੰ ਨਵੀਂ ਉਮੀਦ ਅਤੇ ਖੁਸ਼ੀ ਦਿੱਤੀ।

ਪ੍ਰੋਗਰਾਮ ਦੌਰਾਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਐਲਿਊਮਨਾਈ ਮੈਂਬਰਾਂ ਵੱਲੋਂ ਗਿੱਧਾ, ਭੰਗੜਾ ਅਤੇ ਮਨੋਰੰਜਨ ਦੇ ਕਈ ਹੋਰ ਪ੍ਰੋਗਰਾਮ ਪੇਸ਼ ਕੀਤੇ ਗਏ। ਇਨ੍ਹਾਂ 'ਚ ਬਹੁਤੀਆਂ ਸਕਿੱਟਾਂ ਦਾ ਨਿਰਦੇਸ਼ਨ ਰੂਪੀ ਸ਼ਰਮਾ ਵੱਲੋਂ ਕੀਤਾ ਗਿਆ ਜਿਸ ਦੀ ਦਰਸ਼ਕਾਂ ਵੱਲੋਂ ਖੂਬ ਪ੍ਰਸੰਸਾ ਕੀਤੀ ਗਈ। ਸਮਾਗਮ ਨੇ ਸਾਰਿਆਂ ਨੂੰ ਇਕੱਠੇ ਮਿਲਣ, ਗੱਲਬਾਤ ਕਰਨ ਅਤੇ ਯਾਦਾਂ ਸਾਂਝੀਆਂ ਕਰਨ ਦਾ ਸੁੰਦਰ ਮੌਕਾ ਪ੍ਰਦਾਨ ਕੀਤਾ।

ਚੈਪਟਰ ਵੱਲੋਂ ਵੱਖ-ਵੱਖ ਮੀਡੀਆ ਹਾਊਸਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਇਸ ਸਮਾਗਮ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸਦੇ ਨਾਲ ਹੀ ਸਾਰੇ ਸਪਾਂਸਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਨੇਪਰੇ ਚੜ੍ਹਿਆ।

ਚੈਪਟਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਹਾਜ਼ਰੀ ਨੇ ਇਸ ਸ਼ਾਮ ਨੂੰ ਯਾਦਗਾਰ ਅਤੇ ਖੁਸ਼ਗਵਾਰ ਬਣਾਇਆ।

Helping You Unlock Your Dream Home
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
✔ First-time Home Buyers | ✔ Mortgage Renewals
✔ Refinancing solutions | ✔ Construction mortgage | ✔ Purchase or Refinance

AMARPAL SINGH
Mortgage Advisor
Call : 604.338.7310
CENTUM MORTGAGE

# ਕੈਨੇਡਾ ਦੀਆਂ ਕੰਪਨੀਆਂ ਦਾ ਕੰਟਰੋਲ ਵਿਦੇਸ਼ੀਆਂ ਦੇ ਹੱਥਾਂ ਵਿੱਚ ਜਾਣ ਦਾ ਡਰ: ਬਿਜ਼ਨਸ ਡਿਵੈਲਪਮੈਂਟ ਬੈਂਕ




ਸਰੀ, (ਏਕਜੋਤ ਸਿੰਘ): ਬਿਜ਼ਨਸ ਡਿਵੈਲਪਮੈਂਟ ਬੈਂਕ ਆਫ ਕੈਨੇਡਾ (ਬੀਡੀਸੀ) ਅਨੁਸਾਰ ਕੈਨੇਡਾ ਦੀ ਆਰਥਿਕ ਪ੍ਰਭੂਸੱਤਾ ਖਤਰੇ ਵਿੱਚ ਪੈ ਸਕਦੀ ਹੈ। ਅੰਤਰਰਾਸ਼ਟਰੀ ਨਿਵੇਸ਼ਕ ਕੈਨੇਡੀਅਨ ਸਟਾਰਟਅੱਪਸ ਦੇ ਵਿਕਾਸ ਸਮੇਂ ਫੰਡਿੰਗ ਦਾ 1 ਵਿਸ਼ਾਲ ਹਿੱਸਾ ਪ੍ਰਦਾਨ ਕਰ ਰਹੇ ਹਨ। ਇਹ ਰਿਪੋਰਟ ਅਜਿਹੇ ਸਮੇਂ ਆਈ ਹੈ ਜਦੋਂ ਫੈਡਰਲ ਸਰਕਾਰ ਅਮਰੀਕਾ ਨਾਲ ਵਪਾਰਕ ਤਣਾਅ ਅਤੇ ਭੂ-ਰਾਜਨੀਤਿਕ ਅਨਿਸ਼ਚਿਤਤਾ ਦੇ ਵਿਚਕਾਰ ਘਰੇਲੂ ਅਤੇ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਬੀਡੀਸੀ ਕੈਪੀਟਲ ਦੀ ਕਾਰਜਕਾਰੀ ਮੀਤ ਪ੍ਰਧਾਨ ਜੇਨੇਵੀਵ ਬੂਥੀਲੀਅਰ ਨੇ ਕਿਹਾ ਕਿ ਇਹ ਹੁਣ ਆਰਥਿਕ ਪ੍ਰਭੂਸੱਤਾ ਦਾ ਮੁੱਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਮਾਲਕੀ, ਬੌਧਿਕ ਸੰਪਤੀ ਅਤੇ ਫੈਸਲੇ ਲੈਣ ਦਾ ਅਧਿਕਾਰ ਦੇਸ਼ ਤੋਂ ਬਾਹਰ ਚਲਾ ਜਾਂਦਾ ਹੈ ਤਾਂ ਕੈਨੇਡਾ ਨਾ ਸਿਰਫ ਆਰਥਿਕ ਲਾਭ ਗੁਆਉਂਦਾ ਹੈ ਸਗੋਂ ਭਵਿੱਖ ਦੇ ਉਦਯੋਗਾਂ 'ਤੇ ਆਪਣਾ ਪ੍ਰਭਾਵ ਵੀ ਗੁਆ ਦਿੰਦਾ ਹੈ। ਬੀਡੀਸੀ ਅਨੁਸਾਰ ਛੋਟੇ ਕੈਨੇਡੀਅਨ ਪ੍ਰੋਜੈਕਟਾਂ ਨੂੰ ਗਲੋਬਲ ਕੰਪਨੀਆਂ ਵਜੋਂ ਵਿਕਸਤ ਕਰਨ ਵਿੱਚ ਕਾਫੀ ਘਾਟ ਹੈ ਤਾਂ ਜੋ ਉਨ੍ਹਾਂ 'ਤੇ ਕੈਨੇਡੀਅਨ ਕੰਟਰੋਲ ਬਣਿਆ ਰਹੇ। ਰਿਪੋਰਟ ਮੁਤਾਬਕ ਕੈਨੇਡਾ ਵਿੱਚ ਵੈਂਚਰ ਫੰਡਿੰਗ ਕੁਝ ਹੀ ਸੌਦਿਆਂ ਤੱਕ ਸੀਮਤ ਹੈ ਅਤੇ ਵਿਦੇਸ਼ੀ ਨਿਵੇਸ਼ਕ ਕੰਪਨੀਆਂ ਦੇ ਵਿਕਾਸ ਵਿੱਚ ਜ਼ਿਆਦਾ ਫੰਡ ਦੇ ਰਹੇ ਹਨ। ਬੀਡੀਸੀ ਦਾ ਕਹਿਣਾ ਹੈ ਕਿ ਕੈਨੇਡਾ ਨਿਵੇਸ਼ਕਾਂ ਲਈ ਮੁਨਾਫਾ ਪੈਦਾ ਕਰਨ ਵਿੱਚ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਪਛੜ ਰਿਹਾ ਹੈ। ਘਰੇਲੂ ਪੱਧਰ 'ਤੇ ਫੰਡ ਜੁਟਾਉਣ ਵਿੱਚ ਵੀ ਲਗਾਤਾਰ ਗਿਰਾਵਟ ਆਈ ਹੈ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਕਾਰਵਾਈ ਕਰਨ ਦਾ ਸਮਾਂ ਲੰਘ ਰਿਹਾ ਹੈ ਅਤੇ ਕੁਝ ਨਾ ਕਰਨ ਦਾ ਨੁਕਸਾਨ ਵਧ ਰਿਹਾ ਹੈ। This report was written by Ekjot Singh as part of the Local Journalism Initiative.

# ਟਰੰਪ ਸਰਕਾਰ ਦੀ ਕਾਰਵਾਈ ਕਾਰਨ ਅਮਰੀਕਾ ਦਾ ਐਮਰਜੈਂਸੀ ਤੇਲ ਭੰਡਾਰ 1980 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਪੁੱਜਾ



ਸਰੀ, (ਏਕਜੋਤ ਸਿੰਘ): ਟਰੰਪ ਸਰਕਾਰ ਵੱਲੋਂ ਵਧ ਰਹੀਆਂ ਗੈਸ ਕੀਮਤਾਂ ਨੂੰ ਕਾਬੂ ਕਰਨ ਲਈ ਅਮਰੀਕਾ ਦੇ ਐਮਰਜੈਂਸੀ ਤੇਲ ਭੰਡਾਰ ਵਿੱਚੋਂ ਤੇਜ਼ੀ ਨਾਲ ਤੇਲ ਜਾਰੀ ਕੀਤਾ ਜਾ ਰਿਹਾ ਹੈ। ਸਾਹਮਣੇ ਆਏ ਨਵੇਂ ਅੰਕੜਿਆਂ ਮੁਤਾਬਕ ਸਟਰੈਟੇਜਿਕ ਪੈਟਰੋਲੀਅਮ ਰਿਜ਼ਰਵ (ਐਸਪੀਆਰ) ਵਿੱਚ ਮੌਜੂਦ ਤੇਲ ਦੀ ਮਾਤਰਾ ਹੁਣ 1980 ਦੇ ਦਹਾਕੇ ਤੋਂ ਬਾਅਦ ਸਭ ਤੋਂ ਘੱਟ ਪੱਧਰਾਂ ਦੇ ਨੇੜੇ ਪਹੁੰਚ ਗਈ ਹੈ। ਇਹ ਕਦਮ ਦੇਸ਼ ਅੰਦਰ ਗੈਸ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਦੀ 1 ਅਹਿਮ ਕੋਸ਼ਿਸ਼ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਐਸਪੀਆਰ ਅਮਰੀਕਾ ਦਾ ਸਭ ਤੋਂ ਵਿਸ਼ਾਲ ਐਮਰਜੈਂਸੀ ਕੱਚੇ ਤੇਲ ਦਾ ਭੰਡਾਰ ਹੈ। ਇਸ ਕੱਚੇ ਤੇਲ ਨੂੰ ਟੈਕਸਸ ਅਤੇ ਲੂਜ਼ੀਆਨਾ ਵਿੱਚ ਜ਼ਮੀਨ ਦੇ ਹੇਠਾਂ ਬਣੀਆਂ ਭੂਗਰਭ ਲੂਣ ਗੁਫ਼ਾਵਾਂ ਵਿੱਚ ਸੁਰੱਖਿਅਤ ਸਟੋਰ ਕੀਤਾ ਜਾਂਦਾ ਹੈ। ਇਸਦਾ ਇਸਤੇਮਾਲ ਆਮ ਤੌਰ 'ਤੇ ਜੰਗ, ਕੁਦਰਤੀ ਆਫ਼ਤਾਂ ਜਾਂ ਤੇਲ ਸਪਲਾਈ ਵਿੱਚ ਆਏ ਕਿਸੇ ਗੰਭੀਰ ਸੰਕਟ ਦੌਰਾਨ ਹੀ ਕੀਤਾ ਜਾਂਦਾ ਹੈ।

ਤਾਜ਼ਾ ਰਿਪੋਰਟ ਅਨੁਸਾਰ ਈਰਾਨ ਨਾਲ ਚੱਲ ਰਹੀ ਜੰਗ ਅਤੇ ਸਟਰੇਟ ਆਫ ਹੌਰਮੂਜ਼ ਵਿੱਚ ਬਣੇ ਤਣਾਅ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਆਲਮੀ ਘਾਟ ਨੂੰ ਪੂਰਾ ਕਰਨ ਲਈ ਫੈਡਰਲ ਸਰਕਾਰ ਨੇ ਐਸਪੀਆਰ ਵਿੱਚੋਂ ਰਿਕਾਰਡ ਮਾਤਰਾ ਵਿੱਚ ਤੇਲ ਜਾਰੀ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਬਾਜ਼ਾਰ ਵਿੱਚ ਸਪਲਾਈ ਬਰਕਰਾਰ ਰਹੇ। ਅੰਕੜੇ ਦਰਸਾਉਂਦੇ ਹਨ ਕਿ ਸਿਰਫ 15 ਮਈ ਨੂੰ ਖਤਮ ਹੋਏ ਹਫ਼ਤੇ ਦੌਰਾਨ ਹੀ ਲੱਗਭਗ 9.9 ਮਿਲੀਅਨ ਬੈਰਲ ਤੇਲ ਭੰਡਾਰ ਤੋਂ ਬਾਹਰ ਕੱਢਿਆ ਗਿਆ ਹੈ। ਜੰਗ ਸ਼ੁਰੂ ਹੋਣ ਤੋਂ ਬਾਅਦ ਐਸਪੀਆਰ ਵਿੱਚ ਮੌਜੂਦ ਕੁੱਲ ਤੇਲ 10 ਫੀਸਦੀ ਘਟ ਕੇ ਸਿਰਫ 374 ਮਿਲੀਅਨ ਬੈਰਲ ਰਹਿ ਗਿਆ ਹੈ ਜੋ ਕਿ 1 ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਐਮਰਜੈਂਸੀ ਭੰਡਾਰ ਨੂੰ ਦੁਬਾਰਾ ਭਰਨ ਲਈ ਭਵਿੱਖ ਵਿੱਚ ਭਾਰੀ ਮਾਤਰਾ ਵਿੱਚ ਤੇਲ ਖਰੀਦਣਾ ਪਵੇਗਾ। ਇਸ ਅਹਿਮ ਖਰੀਦਦਾਰੀ ਨਾਲ ਆਉਣ ਵਾਲੇ ਸਮੇਂ ਵਿੱਚ ਤੇਲ ਦੀਆਂ ਕੀਮਤਾਂ 'ਤੇ ਹੋਰ ਦਬਾਅ ਪੈ ਸਕਦਾ ਹੈ। ਇਸ ਦਾ ਸਿੱਧਾ ਅਸਰ ਆਮ ਖਪਤਕਾਰਾਂ ਅਤੇ ਦੇਸ਼ ਦੀ ਆਰਥਿਕਤਾ 'ਤੇ ਪੈਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। This report was written by Ekjot Singh as part of the Local Journalism Initiative.


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

* ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
* ਚੰਗੀ ਤਨਖ਼ਾਹ ਅਤੇ ਘਰ ਵਰਗਾ ਮਾਹੌਲ।
* ਕੰਮ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE : 604-244-1118, FAX : 604-270-3075

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

**Rajan & Indian mangoes available at all Fruiticana locations**

**ANOTHER FRUITICANA OPENING SOON IN SOUTH SURREY 2982 -152 ST**

## EXTRA EXTRA SUPER SPECIAL
Fresh Reg. Okra
ਤਾਜ਼ਾ ਭਿੰਡੀ
$2.49 lb

## UNBEATABLE SUPER SUPER SPECIAL
Red Onions 25 lb
ਲਾਲ ਗੰਢੇ
$15.98 bag

## SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ
$2.98 ea.

## UNBEATABLE BOX SALE SPECIAL
Indian Style Red Carrots 22 lb
ਇੰਡੀਅਨ ਗਾਜਰਾਂ
$18.99 box

Fresh Ginger 30 lb
ਤਾਜ਼ਾ ਅਦਰਕ
$27.99 box

### SUPER SPECIAL
Indian Style Carrots
ਇੰਡੀਅਨ ਗਾਜਰਾਂ
88¢ lb

### SUPER SPECIAL
Cilantro
ਧਣੀਆ
2 bunches for / $1.25

### SUPER SPECIAL
Fresh Ginger
ਤਾਜ਼ਾ ਅਦਰਕ
98¢ lb

### SUPER SPECIAL
Desi Karela
ਦੇਸੀ ਕਰੇਲਾ
$1.88 lb

### SUPER SPECIAL
Spinach
ਪਾਲਕ
$1.49 bunch

Red Lentil Whole, Split & Chickpeas 4 lb Indican
$3.98 bag

English Cucumbers
ਇੰਗਲਿਸ਼ ਖੀਰੇ
2 for / $1.50

Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.88 bag

Roma Tomatoes
ਰੋਮਾ ਟਮਾਟਰ
$1.78 lb

Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.

Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag

Raw Almonds #1 Large Size
ਵੱਡੇ ਬਦਾਮ
$5.98 lb

Roasted Peanuts in Shell Reg.
ਭੁੰਜੀ ਮੂੰਗਫਲੀ
$1.99 lb

Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.

Indican Basmati Rice 8 lb
ਇੰਡੀਕੇਨ ਬਾਸਮਤੀ ਚੌਲ
$7.99 bag

Roasted Peanuts in Shell 800 g reg.
ਭੁੰਜੀ ਮੂੰਗਫਲੀ
$3.88 pkg.

Brittania Cake Rusk 550 g
ਬ੍ਰਿਟਾਨੀਆ ਕੇਕ ਰਸਕ 550
$3.99 pkg.

Tiger Cookies 600 g
ਟਾਈਗਰ ਕੁਕੀਜ਼
$1.99 pkg.

Milk Bikis 100 g
ਮਿਲਕ ਬਿਕਿਸ
2 for / $1.50

Sher Atta Desi Style 20 lb
(Limit 2 bag per family)
ਦੇਸੀ ਸਟਾਈਲ ਸ਼ੇਰ ਆਟਾ
$13.99 bag

Moroccan Clementines
ਮੋਰੱਕਨ ਕਲੇਮੈਂਟਾਈਨਜ਼
$1.49 lb

Rapini (Sarson da Saag)
ਸਰਸੋਂ ਦਾ ਸਾਗ
$2.39 bunch

Zucchini Squash
ਜ਼ੁਕੀਨੀ ਸਕੁਐਸ਼
99¢ lb

Daikon (Moli)
ਮੂਲੀ
99¢ lb

Plain Gur 2 lb
ਸਾਦਾ ਗੁੜ
$2.98 shell

Pakistani Roohafza 850 ml
ਪਾਕਿਸਤਾਨ ਤੋਂ ਹਮਦਰਦ ਰੂਹ ਅਫਜ਼ਾ
$3.99 bottle

Indican Tea 216's
ਇੰਡੀਕੇਨ ਚਾਹ
$5.99 pkg.

Product images may differ from the actual produce.

**Thur May 28, 2026 - Wed June 03, 2026**

We reserve the right to limit the quantities while they last

**Specials valid for Lower Mainland only**

**25 LOCATIONS TO SERVE YOU IN BC & ALBERTA**

Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

**FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 10241 King George Blvd | 604-503-1149 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |